Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।



RE/MAX
Gurjatinder S. Randhawa
REALTOR CA DRE licence # 01490567
916-320-9444

Vol. 18, Issue- 833, 19 to 25 Dec., 2024, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ 'ਚ ਇਮੀਗ੍ਰੇਸ਼ਨ ਬੈਕਲਾਗ ਨੂੰ ਘੱਟ ਕਰਨ ਲਈ ਬਿੱਲ ਪੇਸ਼

### ■ ਦੁਨੀਆਂ ਭਰ ਦੇ ਲੱਖਾਂ ਬਿਨੈਕਾਰਾਂ ਦਾ ਹੋ ਸਕਦਾ ਹੈ ਫਾਇਦਾ

**ਵਾਸ਼ਿੰਗਟਨ, (ਪੰਜਾਬ ਮੇਲ)-** 2 ਡੈਮੋਕ੍ਰੇਟਿਕ ਸੈਨੇਟਰਾਂ ਨੇ ਅਮਰੀਕਾ ਵਿਚ ਇਮੀਗ੍ਰੇਸ਼ਨ ਬੈਕਲਾਗ ਨੂੰ ਘੱਟ ਕਰਨ ਅਤੇ ਪ੍ਰਤੀ ਦੇਸ਼ ਵੀਜ਼ਾ ਕੈਂਪਸ ਵਧਾਉਣ ਲਈ ਇੱਕ ਬਿੱਲ ਪੇਸ਼ ਕੀਤਾ, ਜਿਸ ਨਾਲ ਭਾਰਤੀ ਨਾਗਰਿਕਾਂ ਨੂੰ ਫਾਇਦਾ ਹੋ ਸਕਦਾ ਹੈ। ਇਨ੍ਹਾਂ ਵਿਚ ਸਭ ਤੋਂ ਜ਼ਿਆਦਾ ਅਰਜ਼ੀਆਂ ਚੀਨ ਅਤੇ ਭਾਰਤ ਤੋਂ ਦਰਜ ਕੀਤੀਆਂ ਗਈਆਂ ਹਨ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਰੀਯੂਨਾਈਟਿੰਗ ਫੈਮਿਲੀਜ਼ ਐਕਟ ਪਰਿਵਾਰ-ਆਧਾਰਿਤ ਇਮੀਗ੍ਰੇਸ਼ਨ ਲਈ ਪ੍ਰਤੀ-ਦੇਸ਼ ਸੀਮਾ 7% ਤੋਂ ਵਧਾ ਕੇ 15% ਹੋ ਸਕਦੀ ਹੈ।



ਇਹ ਬਿੱਲ ਸੈਨੇਟਰ ਮੈਜ਼ੀ ਹਿਰੋਨੋ ਅਤੇ ਸੈਨੇਟਰ ਟੈਮੀ ਡਕਵਰਥ ਨੇ ਪੇਸ਼ ਕੀਤਾ। ਇਸ ਨਾਲ ਯੂ.ਐੱਸ. ਇਮੀਗ੍ਰੇਸ਼ਨ ਪ੍ਰਣਾਲੀ ਵਿਚ ਲੰਬੇ ਸਮੇਂ ਤੋਂ ਚੱਲ ਰਿਹਾ ਬੈਕਲਾਗ ਘੱਟ ਸਕਦਾ ਹੈ, ਜਿਸ ਨਾਲ ਦੁਨੀਆਂ ਭਰ ਦੇ ਲੱਖਾਂ ਬਿਨੈਕਾਰਾਂ ਦਾ ਫਾਇਦਾ ਹੋ ਸਕਦਾ ਹੈ। ਬਿੱਲ ਵਿਚ ਪਰਿਵਾਰਕ ਏਕਤਾ ਨੂੰ ਪਹਿਲ ਦਿੱਤੀ ਗਈ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਉਮਰ ਹੱਦ ਪਾਰ ਹੋਣ ਤੋਂ ਪਹਿਲਾਂ ਹੀ ਅਮਰੀਕਾ ਲਿਆਇਆ ਜਾ ਸਕੇਗਾ।

ਇਸ ਬਿੱਲ ਅਨੁਸਾਰ ਜੀਵਨ ਸਾਥੀ, 21 ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ ਅਮਰੀਕਾ ਦੇ ਗਰੀਨ ਕਾਰਡ ਹੋਲਡਰ ਦੇ ਮਾਪਿਆਂ ਲਈ ਵੀ ਫਾਇਦਾ ਹੋ ਸਕਦਾ ਹੈ।

ਇਸ ਬਿੱਲ ਦੇ ਬਣਨ ਨਾਲ ਇਮੀਗ੍ਰੇਸ਼ਨ ਦੇ ਕੰਮਾਂ ਵਿਚ ਇਕੱਠਾ ਹੋਇਆ ਬੈਕਲਾਗ ਖਤਮ ਹੋਣ ਦੀ ਸੰਭਾਵਨਾ ਵਧ ਜਾਵੇਗੀ ਅਤੇ ਲੰਮੇ ਸਮੇਂ ਤੋਂ ਪਰਿਵਾਰਕ ਵੀਜ਼ਿਆਂ ਦੀ ਉਡੀਕ ਕਰ ਰਹੇ ਲੋਕਾਂ ਨੂੰ ਬਹੁਤ ਜ਼ਿਆਦਾ ਫਾਇਦਾ ਹੋਣ ਵਾਲਾ ਹੈ।

■ ਬਾਕੀ ਖਬਰ ਸਫਾ 16 'ਤੇ

## ਅਮਰੀਕਾ ਦੇ ਵੀਜ਼ਾ ਬੁਲੇਟਿਨ 'ਚ ਹੋਈ ਹਿਲਜੁਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਜਨਵਰੀ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਇਸ ਵਿਚ ਵਾਧਾ ਦੇਖਣ ਨੂੰ ਮਿਲਿਆ ਹੈ। ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 8 ਅਪ੍ਰੈਲ, 2006 ਪਹੁੰਚ ਗਈ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 1 ਜੁਲਾਈ, 2010 'ਤੇ ਪਹੁੰਚ ਗਈ ਹੈ।



ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 22 ਮਈ 2016 'ਤੇ ਪਹੁੰਚ ਗਈ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਜਨਵਰੀ 2022 ਪਹੁੰਚ ਗਈ ਹੈ। ਇਸ ਵਾਰ ਇਸ ਵਿਚ ਕੋਈ ਤਬਦੀਲੀ ਦੇਖਣ ਨੂੰ ਨਹੀਂ ਮਿਲੀ।

ਅਮਰੀਕਨ ਸਿਟੀਜ਼ਨ ਦੇ F-1 ਕੈਟਾਗਰੀ ਲਈ ਅਣਵਿਆਹੇ ਬੱਚੇ, ਜਿਹੜੇ ਕਿ 21 ਸਾਲ ਤੋਂ ਵੱਧ ਹਨ, ਉਨ੍ਹਾਂ ਦੀ ਸਮਾਂ ਸੂਚੀ 22 ਨਵੰਬਰ 2015 ਦਰਸਾ ਰਹੀ ਹੈ, ਇਸ ਵਿਚ ਵੀ ਕੋਈ ਵਾਧਾ ਨਹੀਂ ਹੋਇਆ।

ਨੈਸ਼ਨਲ ਵੀਜ਼ਾ ਸੈਂਟਰ ਵੱਲੋਂ ਇੰਟਰਵਿਊ ਦਾ ਸਮਾਂ F-4 ਕੈਟਾਗਰੀ ਲਈ 15 ਅਗਸਤ, 2006 ਤੋਂ ਪਹਿਲਾਂ ਅਪਲਾਈ ਹੋਏ ਅਰਜ਼ੀਕਾਰਾਂ ਤੋਂ ਪੇਪਰ ਮੰਗੇ ਜਾ ਰਹੇ ਹਨ।

F-3 ਕੈਟਾਗਰੀ ਲਈ 22 ਜੁਲਾਈ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 15 ਜੁਲਾਈ, 2024 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਟਰੰਪ ਪ੍ਰਸ਼ਾਸਨ ਮੈਡੀਕੇਅਰ, ਮੈਡੀਕੇਡ ਅਤੇ ਸਮਾਜਿਕ ਸੁਰੱਖਿਆ ਵਰਗੇ ਪ੍ਰੋਗਰਾਮਾਂ ਜਾਰੀ ਰੱਖੇਗਾ

**ਵਾਸ਼ਿੰਗਟਨ, (ਪੰਜਾਬ ਮੇਲ)-** ਐਲੋਨ ਮਸਕ ਅਤੇ ਵਿਵੇਕ ਰਾਮਾਸਵਾਮੀ, ਰਾਸ਼ਟਰਪਤੀ ਚੁਣੇ ਗਏ ਟਰੰਪ ਦੇ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੈਂਸੀ (DOGE) ਦੇ ਸਹਿ-ਲੀਡਾਂ ਨੇ ਜਨਵਰੀ ਵਿਚ ਨਵੇਂ ਪ੍ਰਸ਼ਾਸਨ ਦੇ ਅਹੁਦਾ ਸੰਭਾਲਣ ਤੋਂ ਬਾਅਦ ਫੈਡਰਲ ਖਰਚਿਆਂ 'ਚ ਕਟੌਤੀ ਕਰਨ ਦੀਆਂ ਆਪਣੀਆਂ ਯੋਜਨਾਵਾਂ ਲਈ ਕੁੱਝ ਖੁਲਾਸੇ ਕੀਤੇ ਹਨ। ਮਸਕ ਨੇ ਸੰਘੀ ਖਰਚਿਆਂ ਨੂੰ 2 ਟ੍ਰਿਲੀਅਨ ਡਾਲਰ ਤੱਕ ਘਟਾਉਣ ਦਾ ਟੀਚਾ ਰੱਖਿਆ ਹੈ, ਜਦੋਂ ਕਿ ਰਾਮਾਸਵਾਮੀ ਨੇ ਸੁਝਾਅ ਦਿੱਤਾ ਹੈ ਕਿ ਕਈ ਏਜੰਸੀਆਂ ਨੂੰ ਮੁਕੰਮਲ ਤੌਰ 'ਤੇ DOGE ਦੀਆਂ ਸਿਫ਼ਾਰਸ਼ਾਂ ਦੇ ਤਹਿਤ ਖਤਮ ਕੀਤਾ ਜਾ ਸਕਦਾ ਹੈ।



DOGE ਦੇ ਐਕਸ ਖਾਤੇ 'ਤੇ ਇੱਕ ਤਾਜ਼ਾ ਪੋਸਟ ਵਿਚ, ਮਸਕ ਨੇ ਯੂ.ਐੱਸ. ਟੈਕਸ ਕੋਡ ਦੀ ਗੁੰਝਲਤਾ ਬਾਰੇ ਗੱਲ ਕੀਤੀ। ਉਸ ਨੇ ਇਸ ਗੱਲ ਵੱਲ ਇਸ਼ਾਰਾ ਕੀਤਾ ਕਿ ਅਮਰੀਕਨ ਹਰ ਸਾਲ ਆਪਣੇ ਟੈਕਸਾਂ ਦੀ ਤਿਆਰੀ ਅਤੇ ਫਾਈਲ ਕਰਨ 'ਚ ਕਾਫੀ ਸਮਾਂ ਬਿਤਾਉਂਦੇ ਹਨ। ਦੂਜੇ ਪਾਸੇ, ਰਾਮਾਸਵਾਮੀ ਨੇ ਰੱਖਿਆ ਵਿਭਾਗ ਦੀਆਂ ਪੁਰਾਣੀਆਂ ਆਡਿਟ ਅਸਫਲਤਾਵਾਂ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਅਤੇ ਸਿੱਖਿਆ ਵਿਭਾਗ ਅਤੇ ਅਮਰੀਕੀ ਖੇਤੀਬਾੜੀ ਵਿਭਾਗ 'ਚ ਕਮੀਆਂ ਨੂੰ ਉਜਾਗਰ ਕੀਤਾ। DOGE ਨੇ ਕਾਂਗਰਸ ਦੁਆਰਾ ਮਿਆਦ ਪੁੱਗ ਚੁੱਕੇ ਪ੍ਰੋਗਰਾਮਾਂ ਲਈ ਫੰਡਾਂ ਦੇ ਅਧਿਕਾਰ ਅਤੇ ਬਾਇਡਨ ਪ੍ਰਸ਼ਾਸਨ ਦੁਆਰਾ ਸੰਘੀ ਕਰਮਚਾਰੀਆਂ ਲਈ ਟੈਲੀਵਿਰਕ ਵਿਸ਼ੇਸ਼ ਅਧਿਕਾਰਾਂ ਦੇ ਵਿਸਤਾਰ ਨਾਲ ਮੁੱਦਿਆਂ ਨੂੰ ਵੀ ਫਲੈਗ ਕੀਤਾ ਹੈ। ਮਸਕ ਅਤੇ ਰਾਮਾਸਵਾਮੀ ਦੋਵਾਂ ਨੇ ਸਰਕਾਰੀ ਪ੍ਰੋਜੈਕਟਾਂ ਨੂੰ ਤੇਜ਼ ਕਰਨ, ਆਈ.ਟੀ. ਪ੍ਰਣਾਲੀਆਂ ਦੇ ਆਧੁਨਿਕੀਕਰਨ, ਅਤੇ ਵਿਦੇਸ਼ੀ ਸਹਾਇਤਾ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਵਿਚ ਸੁਧਾਰ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ ਹੈ।

ਜਦੋਂ ਕਿ ਰਾਮਾਸਵਾਮੀ ਨੇ ਸੰਕੇਤ ਦਿੱਤਾ ਹੈ ਕਿ DOGE ਸਮਾਜਿਕ ਸੁਰੱਖਿਆ, ਮੈਡੀਕੇਅਰ ਅਤੇ ਮੈਡੀਕੇਡ ਵਰਗੇ ਹੱਕਦਾਰ ਪ੍ਰੋਗਰਾਮਾਂ ਨੂੰ ਜਾਰੀ ਰੱਖਣਗੇ। ਉਸਨੇ ਟੈਕਸਦਾਤਾ ਡਾਲਰਾਂ ਦੀ ਦੁਰਵਰਤੋਂ ਜਾਂ ਗਲਤ ਢੰਗ ਨਾਲ ਵੰਡਣ ਤੋਂ ਰੋਕਣ ਲਈ ਵਚਨਬੱਧਤਾ ਪ੍ਰਗਟਾਈ ਹੈ।

## ਵਰਕ ਪਰਮਿਟ ਦੀ ਮਿਆਦ 180 ਦਿਨਾਂ ਤੋਂ ਵਧ ਕੇ 540 ਦਿਨ ਹੋਈ

**ਵਾਸ਼ਿੰਗਟਨ, (ਪੰਜਾਬ ਮੇਲ)-** ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਨੇ ਵਰਕ ਪਰਮਿਟ ਨਾਲ ਸੰਬੰਧਤ ਨਵੇਂ ਨਿਯਮ ਦੀ ਘੋਸ਼ਣਾ ਕੀਤੀ ਹੈ। ਇਸ ਨਾਲ ਯੋਗ ਗੈਰ-ਨਾਗਰਿਕਾਂ ਲਈ ਵਰਕ ਪਰਮਿਟ ਲਈ ਆਟੋਮੈਟਿਕ ਐਕਸਟੈਂਸ਼ਨ ਦੀ ਮਿਆਦ 180 ਦਿਨਾਂ ਤੋਂ ਵਧਾ ਕੇ 540 ਦਿਨਾਂ ਤੱਕ ਕਰ ਦਿੱਤੀ ਗਈ ਹੈ। ਇਹ ਤਬਦੀਲੀ 13 ਜਨਵਰੀ, 2025 ਤੋਂ ਲਾਗੂ ਹੋਵੇਗੀ।



ਇਸ ਨਵੇਂ ਨਿਯਮ ਨਾਲ ਉਨ੍ਹਾਂ ਲੋਕਾਂ ਨੂੰ ਫਾਇਦਾ ਹੋਵੇਗਾ, ਜਿਹੜੇ ਲੋਕ ਅਮਰੀਕਾ ਵਿਚ ਵਰਕ ਪਰਮਿਟ 'ਤੇ ਰਹਿ ਕੇ ਆਪਣੇ ਕੰਮ ਧੰਦੇ ਕਰ ਰਹੇ ਹਨ। ਇਸ ਨਿਯਮ ਨਾਲ ਜਿੱਥੇ ਕਰਮਚਾਰੀਆਂ ਨੂੰ ਫਾਇਦਾ ਹੋਵੇਗਾ, ਉਥੇ ਉਨ੍ਹਾਂ ਦੇ ਮਾਲਕਾਂ ਨੂੰ ਵੀ ਸਥਿਰਤਾ ਪ੍ਰਦਾਨ ਕਰੇਗਾ। ਇਸ ਨਾਲ ਦੁਬਾਰਾ ਵਰਕ ਪਰਮਿਟ ਨਵਿਆਉਣ ਦੀ ਧੜਕੂ ਖਤਮ ਹੋ ਜਾਵੇਗੀ। ਇਹ ਐਕਸਟੈਂਸ਼ਨ ਉਨ੍ਹਾਂ ਕਾਮਿਆਂ ਨੂੰ ਰਾਹਤ ਦਿੰਦੀ ਹੈ, ਜੋ ਆਪਣੇ ਪਰਿਵਾਰਾਂ ਦਾ ਸਮਰਥਨ ਕਰਨ ਲਈ ਸਮੇਂ ਸਿਰ ਨਵਿਆਉਣ 'ਤੇ ਨਿਰਭਰ ਕਰਦੇ ਹਨ। ਇਹ ਨਿਯਮ ਬਦਲਾਵ ਵ੍ਹਾਈਟ ਹਾਊਸ ਕਮਿਸ਼ਨ ਆਨ ਏਸ਼ੀਅਨ ਅਮਰੀਕਨ, ਨੇਟਿਵ ਹਵਾਈਅਨ, ਅਤੇ ਪੈਸੀਫਿਕ ਆਈਲੈਂਡਰਜ਼ ਅਤੇ ਵਪਾਰਕ ਭਾਈਚਾਰੇ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਆਇਆ ਹੈ।

ਇਸ ਨਾਲ ਇਮੀਗ੍ਰੇਸ਼ਨ 'ਚ ਚੱਲ ਰਹੇ ਬੈਕਲਾਗ ਨੂੰ ਹੱਲ ਕਰਨ ਵਿਚ ਵੀ ਮਦਦ ਮਿਲੇਗੀ। ਹੋਮਲੈਂਡ ਸਕਿਓਰਿਟੀ ਸੈਕਟਰੀ ਅਲੇਜੈਂਡਰੋ ਐਨ. ਮੇਅਰਕਾਸ ਨੇ ਸਮਝਾਇਆ ਕਿ ਨਿਯਮ ਰੁਜ਼ਗਾਰਦਾਤਾਵਾਂ ਲਈ ਬੇਲੋੜੀ ਕਾਗਜ਼ੀ ਕਾਰਵਾਈ ਨੂੰ ਘਟਾ ਕੇ ਅਤੇ ਇਹ ਯਕੀਨੀ ਬਣਾ ਕੇ ਆਰਥਿਕਤਾ ਵਿਚ ਮਦਦ ਕਰੇਗਾ ਕਿ ਯੋਗ ਕਰਮਚਾਰੀ ਆਪਣੇ ਭਾਈਚਾਰਿਆਂ ਵਿਚ ਯੋਗਦਾਨ ਦੇਣਾ ਜਾਰੀ ਰੱਖ ਸਕਦੇ ਹਨ।

■ ਬਾਕੀ ਖਬਰ ਸਫਾ 16 'ਤੇ

## ਦੋ ਪੰਜਾਬੀ ਗੁਰਸਿੱਖ ਨੌਜਵਾਨਾਂ ਦੀ ਸੜਕ ਹਾਦਸੇ 'ਚ ਮੌਤ

**ਸੈਕਰਾਮੈਂਟੋ, (ਹੁਸਨ/ ਨੀਟਾ/ ਕੁਲਵੰਤ/ ਪੰਜਾਬ ਮੇਲ)-** ਫਰਿਜ਼ਨੋ ਸ਼ਹਿਰ ਵਿਚ ਹੋਈ ਮੰਦਭਾਗੀ ਘਟਨਾ ਨੇ ਪੰਜਾਬੀ ਭਾਈਚਾਰਾ ਨੂੰ ਉਦੋਂ ਗਹਿਰੇ ਸਦਮੇ 'ਚ ਪਾ ਦਿੱਤਾ, ਜਦੋਂ ਸ਼ਾਮ 8 ਵਜੇ ਫਰਿਜ਼ਨੋ ਦੀ ਬਰਡ ਤੇ ਸਨੀਸਾਈਡ ਐਵੇਨਿਊ 'ਤੇ ਮੋਟਰਸਾਈਕਲ ਐਕਸੀਡੈਂਟ ਵਿਚ ਦੋ ਗੁਰਸਿੱਖ ਪੰਜਾਬੀਆਂ ਦੀ ਇੱਕ ਮੋਟਰਸਾਈਕਲ ਐਕਸੀਡੈਂਟ 'ਚ ਮੌਤ ਹੋ ਗਈ। ਇਸ ਘਟਨਾ 'ਚ ਮਾਰੇ ਗਏ ਦੋਵੇਂ ਨੌਜਵਾਨ ਅੰਤਰਪ੍ਰੀਤ ਸਿੰਘ ਪੁੱਤਰ ਸ. ਖੁਸ਼ਪਾਲ ਸਿੰਘ ਅਤੇ ਸਵ. ਹਰਜਾਪ ਸਿੰਘ ਪੁੱਤਰ ਸ. ਰਾਜੂ ਸਿੰਘ ਦੀ ਉਮਰ 13 ਤੋਂ 15 ਸਾਲ ਦੱਸੀ ਜੀ ਰਹੀ ਹੈ। ਦੋਵੇਂ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਪਤਾ ਲੱਗਾ ਹੈ ਕਿ ਦੋਨੋਂ ਘਰੋਂ ਵੈਸੇ ਹੀ ਲੋਕਲ ਗੇੜਾ ਦੇਣ ਲਈ ਮੋਟਰਸਾਈਕਲ 'ਤੇ ਸਵਾਰ ਹੋ ਕੇ ਨਿਕਲੇ ਅਤੇ ਐਮਾਜ਼ੋਨ ਦੀ ਵੈਨ ਨਾਲ ਜਾ ਟਕਰਾਏ। ਬੱਚਿਆਂ ਨੇ ਹੈਲਮੇਟ ਵੀ ਨਹੀਂ ਪਹਿਨੇ ਹੋਏ ਸਨ। ਦੋਵਾਂ ਦੀ ਮੌਕੇ 'ਤੇ ਮੌਤ ਹੋ ਗਈ। ਦੋਵੇਂ ਬੱਚੇ ਗੁਰਦੁਆਰਾ ਨਾਨਕ ਪ੍ਰਕਾਸ਼ ਦੀ ਗੱਤਕਾ ਟੀਮ ਦੇ ਹੋਣਹਾਰ ਮੈਂਬਰ ਸਨ। ਇਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਐਕਸੀਡੈਂਟ ਵਾਲੀ ਜਗ੍ਹਾ 'ਤੇ ਸਥਾਨਕ ਸੰਗਤਾਂ ਵੱਲੋਂ ਜਾਪ ਕੀਤਾ ਗਿਆ। ਇਸ ਮੰਦਭਾਗੀ ਘਟਨਾ ਕਰਕੇ ਸਥਾਨਕ ਪੰਜਾਬੀ ਭਾਈਚਾਰਾ ਗਹਿਰੇ ਸੋਗ ਵਿਚ ਹੈ। ਦੋਨਾਂ ਪਰਿਵਾਰਾਂ ਮੁਤਾਬਕ ਇਨ੍ਹਾਂ ਦੋਵਾਂ ਨੌਜੁਆਨਾਂ ਦਾ ਇਸ ਹਫਤੇ ਸੰਸਕਾਰ ਕਰ ਦਿੱਤਾ ਜਾਵੇਗਾ।



**ਅੰਤਰਪ੍ਰੀਤ ਸਿੰਘ ਅਤੇ ਹਰਜਾਪ ਸਿੰਘ।**

## ਗੁਰਜੀਤ ਸਿੰਘ ਸਰਾਏ ਨੇ ਸੈਨਵਾਕੀਨ ਸੁਪੀਰੀਅਰ ਕੋਰਟ ਦੇ ਜੱਜ ਵਜੋਂ ਸਹੁੰ ਚੁੱਕੀ

**ਸਟਾਕਟਨ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਗੁਰਜੀਤ ਸਿੰਘ ਸਰਾਏ ਨੂੰ ਸੈਨਵਾਕੀਨ ਸੁਪੀਰੀਅਰ ਕੋਰਟ ਬੈਂਚ ਦਾ ਜੱਜ ਨਿਯੁਕਤ ਕੀਤਾ ਹੈ। ਇਨ੍ਹਾਂ ਦੀ ਨਿਯੁਕਤੀ ਕੁੱਝ ਸਮਾਂ ਪਹਿਲਾਂ ਹੋ ਗਈ ਸੀ। ਪਰ ਹੁਣ ਅਮਲੀ ਤੌਰ 'ਤੇ ਇਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਗਈ ਤੇ ਗੁਰਜੀਤ ਸਿੰਘ ਸਰਾਏ ਪੱਕੇ ਤੌਰ 'ਤੇ ਜੱਜ ਬਣ ਗਏ ਹਨ।

ਗੁਰਜੀਤ ਸਿੰਘ ਸਰਾਏ ਪਿਛਲੇ ਲਗਭਗ 15 ਸਾਲਾਂ ਤੋਂ ਇੱਥੇ ਵਕਾਲਤ ਕਰ ਰਹੇ ਸਨ। ਉਨ੍ਹਾਂ ਨੇ ਚੈਪਮੈਨ ਯੂਨੀਵਰਸਿਟੀ ਸਕੂਲ ਆਫ ਲਾਅ ਤੋਂ ਜਿਊਰੀਸ ਡਾਕਟਰ ਦੀ ਡਿਗਰੀ ਹਾਸਲ ਕੀਤੀ।





**ਗੁਰਜੀਤ ਸਿੰਘ ਸਰਾਏ। (ਸੱਜੇ) ਗੁਰਜੀਤ ਸਿੰਘ ਸਰਾਏ ਦੇ ਸੁਪੀਰੀਅਰ ਕੋਰਟ ਦੇ ਜੱਜ ਦੀ ਸਹੁੰ ਚੁੱਕ ਸਮਾਗਮ ਮੌਕੇ ਹਾਜ਼ਰ ਪਤਵੰਤੇ ਸੱਜਣ।**

ਸੈਨਵਾਕੀਨ ਕਾਊਂਟੀ 'ਚ ਉਹ ਪਹਿਲੇ ਸਿੱਖ ਅਮਰੀਕਨ ਵਜੋਂ ਜੱਜ ਦੀ ਸੇਵਾ ਨਿਭਾਉਣਗੇ। ਜ਼ਿਕਰਯੋਗ ਹੈ ਕਿ ਗੁਰਜੀਤ ਸਿੰਘ ਨੂੰ ਇਹ ਅਹੁਦਾ ਜੱਜ ਰੌਬਿਨ ਐਪਲ ਦੇ ਰਿਟਾਇਰ ਹੋਣ ਤੋਂ ਬਾਅਦ ਪ੍ਰਾਪਤ ਹੋਇਆ ਹੈ। ਗੁਰਜੀਤ ਸਿੰਘ ਸਰਾਏ 1 ਜਨਵਰੀ 2025 ਤੋਂ ਆਪਣਾ ਅਹੁਦਾ ਸੰਭਾਲਣਗੇ।

ਗੁਰਜੀਤ ਸਿੰਘ ਸਰਾਏ ਦੀ ਨਿਯੁਕਤੀ 'ਤੇ ਕਰਨੈਲ ਸੰਧੂ (ਟਰੇਸੀ), ਸਤਨਾਮ ਸਿੰਘ ਸੰਧੂ, ਹਰਮੇਸ਼ ਸਿੰਘ, ਸੁਰਿੰਦਰ ਸਿੰਘ ਛਿੰਦਾ ਅਟਵਾਲ, ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ, ਜੌਹਨ ਸਿੰਘ ਗਿੱਲ ਨੇ ਵਧਾਈ ਦਿੱਤੀ।

■ ਬਾਕੀ ਫੋਟੋਆਂ ਸਫਾ 3 'ਤੇ ਦੇਖੋ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ ਜੀ




## ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਸਮੂਹ ਸ਼ਹੀਦਾਂ ਸਿੰਘਾ ਦੀ ਯਾਦ ਨੂੰ ਸਮਰਪਿੱਤ





ਭਾਈ ਹਰਪ੍ਰੀਤ ਸਿੰਘ ਜੀ

# ਸ਼ਹੀਦੀ ਸਮਾਗਮ

## 27, 28, 29 ਦਸੰਬਰ, 2024

**2468 Tierra Buena Rd, Yuba City, CA 95993**

ਸਮੂਹ ਯੂਬਾ ਸਿਟੀ ਕੈਲੀਫੋਰਨੀਆ ਦੀ ਸਾਧ ਸੰਗਤ ਅਤੇ ਗੁਰਦੁਆਰਾ ਟਿਆਰਾ ਬੁਇਨਾ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿੱਤ ਲਗਾਤਾਰ ਤਿੰਨ ਦਿਨ ਕੀਰਤਨ ਸਮਾਗਮ ਮਿਤੀ 27, 28, 29 ਦਸੰਬਰ ਨੂੰ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ।

### ਕੀਰਤਨ ਸਮਾਂ

27, 28 ਦਸੰਬਰ ਸ਼ਾਮ 6:00 ਤੋਂ 7:00 ਵਜੇ
29 ਦਸੰਬਰ ਸਵੇਰੇ 11:00 ਤੋਂ 12:00 ਵਜੇ



ਭਾਈ ਹਰਪ੍ਰੀਤ ਸਿੰਘ ਜੀ ਜੱਥਾ

Designed By Punjab Mail USA

# ਗੁਰਦੁਆਰਾ ਟਿਆਰਾ ਬੁਇਨਾ

**2468 Tierra Buena Rd, Yuba City, CA 95993**

# ਗੁਰਜੀਤ ਸਿੰਘ ਸਰਾਏ ਨੇ ਸੈਨਵਾਕੀਨ ਸੁਪੀਰੀਅਰ ਕੋਰਟ ਦੇ ਜੱਜ ਵਜੋਂ ਸਹੁੰ ਚੁੱਕੀ






ਗੁਰਜੀਤ ਸਿੰਘ ਸਰਾਏ ਦੇ ਸੁਪੀਰੀਅਰ ਕੋਰਟ ਦੇ ਜੱਜ ਦੀ ਸਹੁੰ ਚੁੱਕ ਸਮਾਗਮ ਮੌਕੇ ਹਾਜ਼ਰ ਪਤਵੰਤੇ ਸੱਜਣ।

# ਟਰੰਪ ਨੇ ਭਾਰਤ 'ਤੇ ਰੈਸੀਪ੍ਰੋਕਲ ਟੈਕਸ ਲਗਾਉਣ ਦੀ ਦਿੱਤੀ ਧਮਕੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਅਗਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ 'ਤੇ ਰੈਸੀਪ੍ਰੋਕਲ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ। ਭਾਵ ਇਹ ਹੈ ਕਿ ਭਾਰਤ ਅਮਰੀਕੀ ਉਤਪਾਦਾਂ 'ਤੇ ਜਿੰਨਾ ਟੈਕਸ ਲਗਾਏਗਾ, ਓਨਾ ਹੀ ਟੈਕਸ ਹੁਣ ਟਰੰਪ ਵੀ ਭਾਰਤੀ ਉਤਪਾਦਾਂ 'ਤੇ ਲਗਾਉਣ ਦੀ ਗੱਲ ਕਰ ਰਹੇ ਹਨ। ਉਨ੍ਹਾਂ ਕੁਝ ਅਮਰੀਕੀ ਉਤਪਾਦਾਂ ਦੇ ਆਯਾਤ 'ਤੇ ਭਾਰਤ ਦੁਆਰਾ ਲਗਾਏ ਗਏ "ਹਾਈ ਟੈਰਿਫ" ਦੇ ਜਵਾਬ ਵਿਚ ਰੈਸੀਪ੍ਰੋਕਲ ਟੈਰਿਫ ਲਗਾਉਣ ਦੇ ਆਪਣੇ ਇਰਾਦੇ ਨੂੰ ਦੁਹਰਾਇਆ।



ਡੋਨਾਲਡ ਟਰੰਪ ਮੀਡੀਆ ਨਾਲ ਗੱਲ ਕਰ ਰਹੇ ਸਨ, ਜਦੋਂ ਉਨ੍ਹਾਂ ਨੇ ਕਿਹਾ, "ਰੈਸੀਪ੍ਰੋਕਲ। ਜੇਕਰ ਉਹ ਸਾਡੇ 'ਤੇ ਟੈਕਸ ਲਗਾਉਂਦੇ ਹਨ, ਤਾਂ ਅਸੀਂ ਵੀ ਉਨ੍ਹਾਂ 'ਤੇ ਓਨਾ ਹੀ ਟੈਕਸ ਲਗਾਵਾਂਗੇ। ਉਨ੍ਹਾਂ ਕਿਹਾ, "ਉਹ ਸਾਡੇ 'ਤੇ ਟੈਕਸ ਲਗਾਉਂਦੇ ਹਨ, ਲਗਭਗ ਸਾਰੇ ਮਾਮਲਿਆਂ ਵਿਚ, ਉਹ ਸਾਡੇ 'ਤੇ ਟੈਕਸ ਲਗਾ ਰਹੇ ਹਨ ਅਤੇ ਅਸੀਂ ਉਨ੍ਹਾਂ 'ਤੇ ਟੈਕਸ ਨਹੀਂ ਲਗਾ ਰਹੇ ਹਾਂ।"

ਅਗਲੇ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਚੀਨ ਨਾਲ ਸੰਭਾਵਿਤ ਵਪਾਰ ਸਮਝੌਤੇ 'ਤੇ ਸਵਾਲ ਦਾ ਜਵਾਬ ਦਿੰਦੇ ਹੋਏ ਇਹ ਟਿੱਪਣੀ ਕੀਤੀ। ਟਰੰਪ ਨੇ ਕਿਹਾ ਕਿ ਭਾਰਤ ਅਤੇ ਬ੍ਰਾਜ਼ੀਲ ਕੁਝ ਅਮਰੀਕੀ ਉਤਪਾਦਾਂ 'ਤੇ ਹਾਈ ਟੈਰਿਫ ਲਗਾਉਣ ਵਾਲੇ ਦੇਸ਼ਾਂ 'ਚ ਸ਼ਾਮਲ ਹਨ।

ਟਰੰਪ ਨੇ ਕਿਹਾ, "ਰੈਸੀਪ੍ਰੋਕਲ ਸ਼ਬਦ ਮਹੱਤਵਪੂਰਨ ਹੈ ਕਿਉਂਕਿ ਜੇਕਰ ਕੋਈ ਸਾਡੇ ਤੋਂ ਚਾਰਜ ਕਰ ਰਿਹਾ ਹੈ- ਭਾਰਤ, ਸਾਨੂੰ ਆਪਣੇ ਬਾਰੇ ਗੱਲ ਕਰਨ ਦੀ ਜ਼ਰੂਰਤ ਨਹੀਂ ਹੈ। ਜੇਕਰ ਭਾਰਤ ਸਾਡੇ ਤੋਂ 100 ਫੀਸਦੀ ਚਾਰਜ ਕਰਦਾ ਹੈ, ਤਾਂ ਕੀ ਸਾਨੂੰ ਉਨ੍ਹਾਂ ਤੋਂ ਕੁਝ ਨਹੀਂ ਲੈਣਾ ਚਾਹੀਦਾ। ਉਹ ਸਾਨੂੰ ਸਾਈਕਲ ਭੇਜਦੇ ਹਨ ਅਤੇ ਅਸੀਂ ਵੀ ਭੇਜਦੇ ਹਾਂ? ਉਹ ਸਾਡੇ ਕੋਲੋਂ 100-200 ਫੀਸਦੀ ਚਾਰਜ ਕਰਦਾ ਹੈ।

ਟਰੰਪ ਨੇ ਅੱਗੇ ਕਿਹਾ, "ਭਾਰਤ ਬਹੁਤ ਜ਼ਿਆਦਾ ਚਾਰਜ ਕਰਦਾ ਹੈ। ਬ੍ਰਾਜ਼ੀਲ ਬਹੁਤ ਜ਼ਿਆਦਾ ਚਾਰਜ ਕਰਦਾ ਹੈ। ਜੇਕਰ ਉਹ ਸਾਡੇ ਤੋਂ ਚਾਰਜ ਕਰਨਾ ਚਾਹੁੰਦੇ ਹਨ, ਤਾਂ ਇਹ ਠੀਕ ਹੈ, ਪਰ ਅਸੀਂ ਉਨ੍ਹਾਂ ਤੋਂ ਇਹੀ ਚਾਰਜ ਕਰਨ ਜਾ ਰਹੇ ਹਾਂ, ਜਿਵੇਂ ਕਿ ਵਣਜ ਸਕੱਤਰ ਨੇ ਆਪਣੀ ਮਨਜ਼ੂਰੀ ਦੀ ਮੋਹਰ ਲਗਾ ਦਿੱਤੀ ਹੈ।" ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜਾ ਜਿਵੇਂ ਕਰੇਗਾ, ਉਸ ਨਾਲ ਉਸੇ ਤਰ੍ਹਾਂ ਕੀਤਾ ਜਾਵੇਗਾ।

ਡੋਨਾਲਡ ਟਰੰਪ ਦੇ ਵਣਜ ਸਕੱਤਰ, ਯਾਨੀ ਕਿ ਸਰਲ ਸ਼ਬਦਾਂ ਵਿਚ ਟਰੰਪ ਦੁਆਰਾ ਚੁਣੇ ਗਏ ਅਮਰੀਕਾ ਦੇ ਅਗਲੇ ਵਣਜ ਸਕੱਤਰ ਹਾਵਰਡ ਲੂਟਨਿਕ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਵਿਚ "ਰਿਸੀਪ੍ਰੋਸਿਟੀ" ਇਕ ਮਹੱਤਵਪੂਰਨ ਵਿਸ਼ਾ ਹੋਵੇਗਾ। ਸਰਲ ਸ਼ਬਦਾਂ ਵਿਚ, ਜੇਕਰ ਦੇਸ਼-1 ਦੇਸ਼-2 'ਤੇ ਟੈਕਸ ਲਗਾ ਰਿਹਾ ਹੈ ਤਾਂ ਦੇਸ਼-2 ਉਸ ਅਨੁਸਾਰ ਦੇਸ਼-1 'ਤੇ ਟੈਕਸ ਲਗਾ ਸਕਦਾ ਹੈ। ਬਦਲੇ ਵਿਚ ਕਿੰਨਾ ਟੈਕਸ ਲਗਾਉਣਾ ਹੈ, ਇਹ ਦੇਸ਼ 'ਤੇ ਨਿਰਭਰ ਕਰਦਾ ਹੈ। ਉਦਾਹਰਨ ਲਈ, ਲੂਟਨਿਕ ਕਹਿੰਦਾ ਹੈ, "ਤੁਹਾਨੂੰ ਉਸੇ ਤਰ੍ਹਾਂ ਨਾਲ ਪੇਸ਼ ਆਉਣ ਦੀ ਉਮੀਦ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਤੁਸੀਂ ਸਾਡੇ ਨਾਲ ਪੇਸ਼ ਆਉਂਦੇ ਹੋ।"

# ਅਮਰੀਕੀ ਸੰਸਦ ਵੱਲੋਂ ਬੰਗਲਾਦੇਸ਼ 'ਤੇ ਕਾਰਵਾਈ ਕਰਨ ਦਾ ਸਮਾਂ ਆ ਗਿਆ ਹੈ: ਕਾਂਗਰਸੀ ਮੈਂਬਰ ਥਾਣੇਦਾਰ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਕਾਂਗਰਸ (ਸੰਸਦ) ਦੇ ਭਾਰਤੀ ਮੂਲ ਦੇ ਮੈਂਬਰ ਸ਼੍ਰੀ ਥਾਣੇਦਾਰ ਨੇ ਬੰਗਲਾਦੇਸ਼ ਵਿਚ ਘੱਟ ਗਿਣਤੀ ਹਿੰਦੂਆਂ 'ਤੇ ਹੋ ਰਹੇ ਹਮਲਿਆਂ ਦਾ ਮੁੱਦਾ ਉਠਾਉਂਦੇ ਹੋਏ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਸੰਸਦ ਇਸ ਮਾਮਲੇ 'ਤੇ ਕਾਰਵਾਈ ਕਰੇ। ਥਾਣੇਦਾਰ ਨੇ ਪਿਛਲੇ ਬੁੱਧਵਾਰ ਨੂੰ ਅਮਰੀਕੀ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰਜ਼ੈਂਟੇਟਿਵ ਵਿਚ ਕਿਹਾ, "ਬਹੁਗਿਣਤੀ ਭੀੜ ਨੇ ਹਿੰਦੂ ਮੰਦਰਾਂ, ਹਿੰਦੂ ਦੇਵੀ-ਦੇਵਤਿਆਂ ਅਤੇ ਸ਼ਾਂਤੀ ਨਾਲ ਆਪਣੇ ਧਰਮ ਦਾ ਪਾਲਣ ਕਰਨ ਵਾਲੇ ਹਿੰਦੂਆਂ ਨੂੰ ਬਰਬਾਦ ਕਰ ਦਿੱਤਾ ਹੈ।" ਉਨ੍ਹਾਂ ਕਿਹਾ, ਹੁਣ ਸਮਾਂ ਆ ਗਿਆ ਹੈ ਕਿ ਅਮਰੀਕੀ ਕਾਂਗਰਸ ਅਤੇ ਅਮਰੀਕੀ ਸਰਕਾਰ ਕਾਰਵਾਈ ਕਰੇ... ਸਾਨੂੰ ਸਾਡੇ ਕੋਲ ਮੌਜੂਦ ਹਰ ਸੰਭਵ ਉਪਾਅ ਦਾ ਇਸਤੇਮਾਲ ਇਹ ਯਕੀਨੀ ਬਣਾਉਣ ਲਈ ਕਰਨਾ ਹੋਵੇਗਾ ਕਿ ਬੰਗਲਾਦੇਸ਼ ਵਿਚ ਹਿੰਦੂਆਂ ਵਿਰੁੱਧ ਅਜਿਹੇ ਅੱਤਿਆਚਾਰ ਤੁਰੰਤ ਬੰਦ ਹੋ ਜਾਣ।"

ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਸਰਕਾਰ ਡਿੱਗਣ ਤੋਂ ਬਾਅਦ ਤੋਂ ਹੀ ਥਾਣੇਦਾਰ ਦੱਖਣੀ ਏਸ਼ੀਆਈ ਦੇਸ਼ 'ਚ ਹਿੰਦੂਆਂ ਖਿਲਾਫ ਕਥਿਤ ਹਿੰਸਾ ਦਾ ਮੁੱਦਾ ਲਗਾਤਾਰ ਉਠਾਉਂਦੇ ਆ ਰਹੇ ਹਨ।

# ਜੇ-1 ਵੀਜ਼ਾ 'ਤੇ ਭਾਰਤੀ ਵਿਦਿਆਰਥੀਆਂ ਨੂੰ ਅਮਰੀਕੀ ਨੀਤੀ 'ਚ ਵੱਡੇ ਬਦਲਾਅ ਤੋਂ ਬਾਅਦ ਹੋਵੇਗਾ ਫਾਇਦਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਇਸਦੀ ਗਲੋਬਲ ਪ੍ਰਤੀਯੋਗਤਾ ਨੂੰ ਵਧਾਉਣ ਲਈ, ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਨੇ ਐਕਸਚੇਂਜ ਵਿਜ਼ਿਟਰ ਸਕਿੱਲ ਲਿਸਟ ਵਿਚ ਮਹੱਤਵਪੂਰਨ ਅੱਪਡੇਟ ਪੇਸ਼ ਕੀਤੇ।

ਇਸ ਆਧੁਨਿਕ ਹੁਨਰ ਸੂਚੀ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵੀਜ਼ਾ ਪ੍ਰਕਿਰਿਆਵਾਂ ਨੂੰ ਆਸਾਨ ਬਣਾਵੇਗੀ ਅਤੇ ਯੋਗ ਵਿਦੇਸ਼ੀ ਕਾਮਿਆਂ ਨੂੰ ਅਮਰੀਕੀ ਕਾਰੋਬਾਰਾਂ ਅਤੇ ਨਵੀਨਤਾ ਲਈ ਆਪਣੀ ਮੁਹਾਰਤ ਦਾ ਯੋਗਦਾਨ ਜਾਰੀ ਰੱਖਣ ਦੇ ਯੋਗ ਬਣਾਵੇਗੀ।

9 ਦਸੰਬਰ, 2024 ਤੋਂ ਪ੍ਰਭਾਵੀ, ਨਵੀਆਂ ਤਬਦੀਲੀਆਂ ਖੋਜ ਵਿਦਵਾਨਾਂ ਅਤੇ ਉੱਚ ਹੁਨਰਮੰਦ ਪੇਸ਼ੇਵਰਾਂ ਸਮੇਤ ਬਹੁਤ ਸਾਰੇ ਐਕਸਚੇਂਜ ਵਿਜ਼ਿਟਰਾਂ ਨੂੰ ਉਨ੍ਹਾਂ ਦੇ ਪ੍ਰੋਗਰਾਮਾਂ ਦੇ ਪੂਰਾ ਹੋਣ 'ਤੇ ਪਹਿਲਾਂ ਲੋੜੀਂਦੇ ਦੋ ਸਾਲਾਂ ਦੇ ਘਰੇਲੂ-ਦੇਸ਼ ਭੌਤਿਕ ਮੌਜੂਦਗੀ ਦੇ ਹੁਕਮ ਤੋਂ ਛੋਟ ਦੇਵੇਗੀ।

ਪ੍ਰਬੰਧਨ ਅਤੇ ਸੰਸਾਧਨਾਂ ਲਈ ਰਾਜ ਦੇ ਉਪ ਸਕੱਤਰ ਰਿਚਰਡ ਵਰਮਾ ਨੇ ਯੂ.ਐੱਸ. ਅਰਥਵਿਵਸਥਾ ਵਿਚ ਅਪਡੇਟ ਅਤੇ ਵਿਦੇਸ਼ੀ ਪ੍ਰਤਿਭਾ ਦੇ ਨਿਰੰਤਰ ਮਹੱਤਵ ਬਾਰੇ ਚਰਚਾ ਕਰਨ ਲਈ ਉਦਯੋਗ ਅਤੇ ਉੱਚ ਸਿੱਖਿਆ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ।

ਇਸ ਮਹੱਤਵਪੂਰਨ ਨੀਤੀ ਬਦਲਾਅ ਨੇ ਜੇ-1 ਵੀਜ਼ਾ 'ਤੇ ਭਾਰਤੀ ਵਿਦਿਆਰਥੀਆਂ ਲਈ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਦੇਸ਼ 'ਚ ਰਹਿਣਾ ਆਸਾਨ ਬਣਾ ਦਿੱਤਾ ਹੈ। ਪਹਿਲਾਂ, ਭਾਰਤ ਸਮੇਤ ਮਨੋਨੀਤ ਦੇਸ਼ਾਂ ਦੇ ਜੇ -1 ਵੀਜ਼ਾ ਧਾਰਕਾਂ ਨੂੰ ਅਮਰੀਕਾ ਵਿਚ ਆਪਣੇ ਪ੍ਰੋਗਰਾਮਾਂ ਨੂੰ ਖਤਮ ਕਰਨ ਤੋਂ ਬਾਅਦ ਦੋ ਸਾਲਾਂ ਲਈ ਆਪਣੇ ਦੇਸ਼ ਵਾਪਸ ਜਾਣਾ ਪੈਂਦਾ ਸੀ।

ਹਾਲਾਂਕਿ, ਨਵੇਂ ਸੰਸ਼ੋਧਨ ਦੇ ਤਹਿਤ, ਇਹ ਦੋ ਸਾਲਾਂ ਦੀ ਘਰੇਲੂ-ਦੇਸ਼ ਨਿਵਾਸ ਲੋੜ ਹੁਣ ਜ਼ਿਆਦਾਤਰ ਜੇ-1 ਵੀਜ਼ਾ ਧਾਰਕਾਂ 'ਤੇ ਲਾਗੂ ਨਹੀਂ ਹੋਵੇਗੀ। ਨਤੀਜੇ ਵਜੋਂ, ਸਿਰਫ 27 ਦੇਸ਼ਾਂ ਦੇ ਵਿਅਕਤੀ ਹੀ ਇਸ ਆਦੇਸ਼ ਦੇ ਅਧੀਨ ਰਹਿਣਗੇ।

ਇਹ ਸੂਚੀ ਕੁਝ ਖਾਸ ਵਿਦੇਸ਼ੀ ਦੇਸ਼ਾਂ ਦੇ ਵਿਕਾਸ ਲਈ ਮਹੱਤਵਪੂਰਨ ਮੰਨੇ ਜਾਂਦੇ ਵਿਸ਼ੇਸ਼ ਗਿਆਨ ਅਤੇ ਹੁਨਰਾਂ ਦੀ ਪਛਾਣ ਕਰਦੀ ਹੈ। ਅਪਡੇਟ, 2009 ਤੋਂ ਬਾਅਦ ਪਹਿਲੀ ਵਾਰ, ਤਕਨਾਲੋਜੀ, ਸਿਹਤ ਸੰਭਾਲ ਅਤੇ ਖੇਤੀਬਾੜੀ ਵਰਗੇ ਪ੍ਰਮੁੱਖ ਖੇਤਰਾਂ ਵਿਚ ਵਿਦੇਸ਼ੀ ਕਰਮਚਾਰੀਆਂ ਅਤੇ ਖੋਜਕਰਤਾਵਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਸੈੱਟ ਕੀਤਾ ਗਿਆ ਹੈ।

ਜਦੋਂਕਿ ਅਪਡੇਟ ਦਾ ਉਦੇਸ਼ ਜਾਇਜ਼ ਯਾਤਰਾ ਅਤੇ ਪ੍ਰਤਿਭਾ ਨੂੰ ਸੰਭਾਲਣਾ ਹੈ, ਵਿਦੇਸ਼ ਵਿਭਾਗ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਮਰੀਕੀ ਸਰਹੱਦਾਂ ਅਤੇ ਰਾਸ਼ਟਰੀ ਸੁਰੱਖਿਆ ਦੀ ਰੱਖਿਆ ਕਰਨਾ ਇੱਕ ਪ੍ਰਮੁੱਖ ਤਰਜੀਹ ਹੈ। ਤਬਦੀਲੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਅਮਰੀਕੀ ਰੁਜ਼ਗਾਰਦਾਤਾਵਾਂ ਨੂੰ ਦੇਸ਼ ਵਿਚ ਲੰਬੇ ਸਮੇਂ ਦੀ ਖੁਸ਼ਹਾਲੀ ਅਤੇ ਨਵੀਨਤਾ ਨੂੰ ਉਤਸ਼ਾਹਤ ਕਰਦੇ ਹੋਏ, ਯੂ.ਐੱਸ. ਦੁਆਰਾ ਸਿੱਖਿਅਤ ਪ੍ਰਤਿਭਾ ਨੂੰ ਬਰਕਰਾਰ ਰੱਖਣ ਵਿਚ ਮਦਦ ਮਿਲੇਗੀ।

# ਰੂਸ-ਯੂਕਰੇਨ ਯੁੱਧ ਰੋਕਣ ਲਈ ਦੋਵਾਂ ਦੇਸ਼ਾਂ ਦੇ ਰਾਸ਼ਟਰਪਤੀਆਂ ਨਾਲ ਗੱਲ ਕਰਨਗੇ ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਲਗਭਗ ਤਿੰਨ ਸਾਲ ਤੋਂ ਚੱਲੇ ਆ ਰਹੇ ਯੁੱਧ ਨੂੰ ਖਤਮ ਕਰਨ ਲਈ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਗੱਲ ਕਰਨਗੇ। ਟਰੰਪ ਮੁਤਾਬਕ ਉਹ ਇਸ ਕਤਲੇਆਮ ਨੂੰ ਰੋਕਣ ਦੀ ਕੋਸ਼ਿਸ਼ ਕਰਨਗੇ। ਜਨਵਰੀ ਵਿਚ ਟਰੰਪ ਦੇ ਵ੍ਹਾਈਟ ਹਾਊਸ 'ਚ ਦਾਖਲ ਹੋਣ ਤੋਂ ਪਹਿਲਾਂ ਹੀ, ਦੋਵੇਂ ਧਿਰਾਂ ਯੁੱਧ ਵਿਚ ਵੱਡੀ ਬੜਤ ਹਾਸਲ ਕਰਨ ਲਈ ਮੁਕਾਬਲਾ ਕਰ ਰਹੀਆਂ ਹਨ। ਹਾਲਾਂਕਿ ਅਮਰੀਕਾ ਤੋਂ ਸਮਰਥਨ ਹਾਸਲ ਕਰਨ ਵਾਲੇ ਦੇਸ਼ ਯੂਕਰੇਨ ਨੂੰ ਵੀ ਇਸ ਗੱਲ ਦੀ ਚਿੰਤਾ ਹੈ ਕਿ ਉਸ ਨੂੰ ਖੇਤਰ ਵਿਚ ਸ਼ਾਂਤੀ ਦੇ ਬਦਲੇ ਕੁਝ ਰਿਆਇਤਾਂ ਦੇਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਦਰਅਸਲ, ਟਰੰਪ ਮਾਸਕੋ ਦੇ ਖਿਲਾਫ ਬਾਇਡਨ ਪ੍ਰਸ਼ਾਸਨ ਦੁਆਰਾ ਕੀਵ ਨੂੰ ਦਿੱਤੀ ਗਈ ਅਰਬਾਂ ਡਾਲਰ ਦੀ ਸਹਾਇਤਾ 'ਤੇ ਸਵਾਲ ਉਠਾਉਂਦੇ ਰਹੇ ਹਨ। ਡੋਨਾਲਡ ਟਰੰਪ ਨੇ ਸੋਮਵਾਰ ਨੂੰ ਪ੍ਰੈੱਸ ਕਾਨਫਰੰਸ 'ਚ ਦੋਹਾਂ ਦੇਸ਼ਾਂ ਦੇ ਰਾਸ਼ਟਰਪਤੀਆਂ ਨਾਲ ਗੱਲਬਾਤ ਕਰਕੇ ਨਸਲਕੁਸ਼ੀ ਨੂੰ ਰੋਕਣ ਦੀ ਗੱਲ ਕੀਤੀ। ਟਰੰਪ ਨੇ ਕਿਹਾ ਕਿ ਅਸੀਂ ਰਾਸ਼ਟਰਪਤੀ ਪੂਤਿਨ ਨਾਲ ਗੱਲ ਕਰਾਂਗੇ ਅਤੇ ਜ਼ੇਲੇਂਸਕੀ ਅਤੇ ਯੂਕਰੇਨ ਦੇ ਪ੍ਰਤੀਨਿਧੀਆਂ ਨਾਲ ਵੀ ਗੱਲ ਕਰਾਂਗੇ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit Saini
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟਰੰਪ ਦੂਜੀ ਵਾਰ ਚੁਣੇ ਗਏ ਟਾਈਮ ਦੇ 'ਪਰਸਨ ਆਫ ਦਿ ਈਅਰ'




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੂਜੀ ਵਾਰ ਨਿਊਜ਼ ਮੈਗਜ਼ੀਨ ਟਾਈਮ ਦੀ "ਪਰਸਨ ਆਫ ਦਿ ਈਅਰ" ਚੁਣਿਆ ਗਿਆ ਹੈ। ਟਰੰਪ ਨੇ ਖੁਦ ਇਕ ਵਾਰ ਜਨਤਕ ਤੌਰ 'ਤੇ ਕਿਹਾ ਸੀ ਕਿ ਹੁਣ ਟਾਈਮ ਉਨ੍ਹਾਂ ਨੂੰ ਕਦੇ ਵੀ "ਪਰਸਨ ਆਫ ਦਿ ਈਅਰ" ਨਹੀਂ ਚੁਣੇਗਾ। ਪਰ ਦੂਜੀ ਵਾਰ ਰਾਸ਼ਟਰਪਤੀ ਚੋਣਾਂ ਜਿੱਤਣ ਤੋਂ ਬਾਅਦ ਟਾਈਮ ਨੂੰ ਉਨ੍ਹਾਂ ਦੀ ਵਿਲੱਖਣ ਵਾਪਸੀ ਲਈ "ਪਰਸਨ ਆਫ ਦਿ ਈਅਰ" ਚੁਣਨਾ ਪਿਆ। ਉਹ ਦੁਨੀਆਂ ਦੇ ਉਨ੍ਹਾਂ ਕੁਝ ਲੋਕਾਂ ਵਿਚੋਂ ਇੱਕ ਹੈ, ਜਿਨ੍ਹਾਂ ਨੂੰ ਦੋ ਵਾਰ ਟਾਈਮ ਦੇ "ਪਰਸਨ ਆਫ਼ ਦ ਈਅਰ" ਵਜੋਂ ਚੁਣਿਆ ਗਿਆ ਹੈ।

ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਟਰੰਪ ਲਈ ਇਸ ਨੂੰ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ। ਟਰੰਪ ਨਿਊਯਾਰਕ ਸਟਾਕ ਐਕਸਚੇਂਜ 'ਤੇ ਟਾਈਮ ਦੇ "ਪਰਸਨ ਆਫ ਦਿ ਈਅਰ" ਦੇ ਨਾਮ ਦਾ ਜਸ਼ਨ ਮਨਾਉਣ ਅਤੇ ਮੈਗਜ਼ੀਨ ਦੇ ਕਵਰ ਦਾ ਪਰਦਾਫਾਸ਼ ਕਰਨ ਲਈ ਸ਼ੁਰੂਆਤੀ ਘੰਟੀ ਵਜਾਉਣਗੇ।

ਟਰੰਪ ਨੇ ਪਿਛਲੇ ਮਹੀਨੇ ਹੀ ਟਾਈਮ ਨੂੰ ਲੰਬਾ ਇੰਟਰਵਿਊ ਦਿੱਤਾ ਸੀ। 2024 ਵਿਚ ਟਰੰਪ ਦੀ ਚੋਣ 2016 ਵਿਚ ਉਸਦੀ ਪਹਿਲੀ ਵਾਰ "ਪਰਸਨ ਆਫ ਦਿ ਈਅਰ" ਦੀ ਚੋਣ ਨੂੰ ਦਰਸਾਉਂਦੀ ਹੈ, ਜਦੋਂ ਰਾਸ਼ਟਰਪਤੀ ਚੋਣ ਵਿਚ ਉਸਦੀ ਹੈਰਾਨੀਜਨਕ ਜਿੱਤ ਤੋਂ ਬਾਅਦ ਟਾਈਮ ਨੇ ਉਸਨੂੰ ਸਾਲ ਦਾ ਵਿਅਕਤੀ ਚੁਣਿਆ। ਇਸ ਵਾਰ ਟਰੰਪ ਨੇ ਅਮਰੀਕੀ ਸਿਆਸਤ ਨੂੰ ਪਲਟਵਾਰ ਕਰਕੇ ਜ਼ਬਰਦਸਤ ਵਾਪਸੀ ਕੀਤੀ ਹੈ, ਜਿਸ ਦੀ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ। ਉਸ ਨੇ ਸਾਰੀਆਂ ਮੁਸ਼ਕਲਾਂ, ਕਾਨੂੰਨੀ ਅੜਚਣਾਂ ਅਤੇ ਵਿਰੋਧੀਆਂ ਦੀਆਂ ਸਮੂਹਿਕ ਕੋਸ਼ਿਸ਼ਾਂ ਦੇ ਬਾਵਜੂਦ ਜਿੱਤ ਦਰਜ ਕੀਤੀ ਹੈ।

ਮੈਗਜ਼ੀਨ ਦੇ ਘਟਦੇ ਸਰਕੂਲੇਸ਼ਨ ਦੇ ਬਾਵਜੂਦ ਟਾਈਮਜ਼ ਪਰਸਨ ਆਫ ਦਿ ਈਅਰ ਹਰ ਸਾਲ ਪੂਰੀ ਦੁਨੀਆਂ ਲਈ ਬਹੁਤ ਮਹੱਤਵ ਰੱਖਦਾ ਹੈ। ਉਸਨੂੰ 2009 ਵਿਚ ਟਾਈਮ ਦੇ ਕਵਰ 'ਤੇ ਸਾਲ ਦਾ ਵਿਅਕਤੀ ਚੁਣਿਆ ਗਿਆ ਸੀ, ਜੋ ਉਸਦੇ ਕਈ ਗੋਲਫ ਕਲੱਬਾਂ 'ਤੇ ਲਟਕਦਾ ਹੈ। ਵਾਸ਼ਿੰਗਟਨ ਪੋਸਟ ਨੇ ਲਗਭਗ ਇੱਕ ਦਹਾਕੇ ਬਾਅਦ ਇਸਦੀ ਰਿਪੋਰਟ ਕੀਤੀ, ਹਾਲਾਂਕਿ ਟਾਈਮ ਦਾ ਅਜਿਹਾ ਕੋਈ ਐਡੀਸ਼ਨ ਕਦੇ ਸਾਹਮਣੇ ਨਹੀਂ ਆਇਆ।

# ਟਰੰਪ ਵੱਲੋਂ ਪ੍ਰਵਾਸੀਆਂ ਨੂੰ ਵਾਪਸ ਨਾ ਲੈਣ ਵਾਲੇ ਦੇਸ਼ਾਂ ਨਾਲ ਕਾਰੋਬਾਰ ਨਾ ਕਰਨ ਦੀ ਚਿਤਾਵਨੀ

**ਵਾਸ਼ਿੰਗਟਨ, (ਪੰਜਾਬ ਮੇਲ)-** ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਜਾ ਰਹੇ ਡੋਨਾਲਡ ਟਰੰਪ ਨੇ ਕੁਰਸੀ ਸੰਭਾਲਣ ਤੋਂ ਪਹਿਲਾਂ ਹੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿ ਰਹੇ ਲੋਕਾਂ ਨੂੰ ਖੁੱਲ੍ਹੀ ਚਿਤਾਵਨੀ ਦੇ ਦਿੱਤੀ ਹੈ। ਟਰੰਪ ਨੇ ਆਪਣੇ ਚੋਣ ਵਾਅਦੇ 'ਚ ਕਿਹਾ ਸੀ ਕਿ ਉਹ ਅਮਰੀਕਾ 'ਚ ਰਹਿ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਫੌਜ ਦੀ ਮਦਦ ਨਾਲ ਉਨ੍ਹਾਂ ਦੇ ਮੂਲ ਦੇਸ਼ਾਂ 'ਚ ਭੇਜਣਗੇ। ਇੰਨਾ ਹੀ ਨਹੀਂ, ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੇਸ਼ਾਂ ਨਾਲ ਕੋਈ ਕਾਰੋਬਾਰ ਨਹੀਂ ਕਰਨਗੇ, ਜੋ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰਨਗੇ।

ਡੋਨਾਲਡ ਟਰੰਪ ਨੇ ਟਾਈਮਜ਼ ਮੈਗਜ਼ੀਨ ਨੂੰ ਦਿੱਤੇ ਇੰਟਰਵਿਊ 'ਚ ਕਿਹਾ ਕਿ ਇੰਨੀ ਵੱਡੀ ਗਿਣਤੀ 'ਚ ਅਪਰਾਧੀ ਸਾਡੇ ਦੇਸ਼ 'ਚ ਆ ਰਹੇ ਹਨ, ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਉਹ ਮਾਹੌਲ ਨੂੰ ਗੰਦਾ ਕਰ ਰਹੇ ਹਨ। ਮੈਂ ਇਨ੍ਹਾਂ ਰੋਕਣਾ ਚਾਹੁੰਦਾ ਹਾਂ। ਮੈਂ ਉਨ੍ਹਾਂ ਨੂੰ ਆਪਣੇ ਦੇਸ਼ ਤੋਂ ਬਾਹਰ ਕੱਢਣ ਲਈ ਕਾਨੂੰਨ ਅਨੁਸਾਰ ਸਭ ਕੁਝ ਕਰਾਂਗਾ। ਟਰੰਪ ਨੇ ਕਿਹਾ ਕਿ ਇਸ ਕੰਮ ਨੂੰ ਪੂਰਾ ਕਰਨ ਲਈ ਮੈਂ ਕਾਨੂੰਨ ਦੀ ਵੱਧ ਤੋਂ ਵੱਧ ਵਰਤੋਂ ਕਰਾਂਗਾ, ਪੁਲਸ ਨੂੰ ਨਿਯੁਕਤ ਕਰਾਂਗਾ ਅਤੇ ਜੇਕਰ ਲੋੜ ਪਈ ਤਾਂ ਨੈਸ਼ਨਲ ਗਾਰਡ ਨੂੰ ਵੀ ਨਿਯੁਕਤ ਕਰਾਂਗਾ। ਮੈਂ ਇਨ੍ਹਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਭੇਜ ਦੇਵੇਗਾ। ਜੇਕਰ ਕੋਈ ਦੇਸ਼ ਉਨ੍ਹਾਂ ਨੂੰ ਲੈਣ ਤੋਂ ਇਨਕਾਰ ਕਰਦਾ ਹੈ, ਤਾਂ ਅਸੀਂ ਉਨ੍ਹਾਂ ਨਾਲ ਕਾਰੋਬਾਰ ਨਹੀਂ ਕਰਾਂਗੇ। ਆਪਣੀ ਗੱਲ 'ਤੇ ਜ਼ੋਰ ਦਿੰਦੇ ਹੋਏ ਟਰੰਪ ਨੇ ਕਿਹਾ ਕਿ ਵਪਾਰ ਤੋਂ ਇਲਾਵਾ ਅਸੀਂ ਉਨ੍ਹਾਂ 'ਤੇ ਵੱਧ ਤੋਂ ਵੱਧ ਟੈਰਿਫ ਲਗਾਵਾਂਗੇ। ਉਨ੍ਹਾਂ ਨੂੰ ਸਾਡੀ ਗੱਲ ਮੰਨਣੀ ਪਵੇਗੀ, ਜੇਕਰ ਉਹ ਅਜਿਹਾ ਨਹੀਂ ਕਰਦੇ ਹਨ ਤਾਂ ਉਹ ਅਮਰੀਕਾ ਨਾਲ ਕਾਰੋਬਾਰ ਕਰਨਾ ਭੁੱਲ ਜਾਣ।

# ਟਰੰਪ ਅਮਰੀਕਾ 'ਚ ਡੇਲਾਈਟ ਸੇਵਿੰਗ ਟਾਈਮ ਨੂੰ ਕਰਨਾ ਚਾਹੁੰਦੇ ਖਤਮ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਵਿਚ ਸਾਲ ਦੇ ਵਿਚ ਦੋ ਵਾਰੀ ਸਮੇਂ ਦੀ ਤਬਦੀਲੀ ਹੁੰਦੀ ਹੈ ਅਤੇ ਘੜੀਆਂ ਸਾਲ ਵਿਚ ਦੋ ਵਾਰੀ ਇਕ ਘੰਟਾ ਅੱਗੇ ਅਤੇ ਇਕ ਘੰਟਾ ਪਿੱਛੇ ਕਰਨੀਆਂ ਪੈਂਦੀਆਂ ਹਨ। ਹੁਣ ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਸਾਲ ਵਿਚ ਦੋ ਵਾਰ ਘੜੀਆਂ ਨੂੰ ਐਡਜਸਟ ਕਰਨ ਦੀ ਪ੍ਰਥਾ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ "ਆਪਣੀਆਂ ਪੂਰੀਆਂ ਕੋਸ਼ਿਸ਼ਾਂ" ਦੀ ਵਰਤੋਂ ਕਰੇਗੀ। ਟਰੰਪ ਨੇ ਕਿਹਾ ਕਿ ਰਿਪਬਲਿਕਨ ਪਾਰਟੀ ਡੇਲਾਈਟ ਸੇਵਿੰਗ ਟਾਈਮ ਨੂੰ ਖਤਮ ਕਰਨ ਨੂੰ ਤਰਜੀਹ ਦੇਵੇਗੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਡੇਲਾਈਟ ਸੇਵਿੰਗ ਟਾਈਮ (ਡੀ.ਐੱਸ.ਟੀ.) ਨੂੰ ਖਤਮ ਕਰਨਾ ਚਾਹੁੰਦੇ ਹਨ, ਜੋ ਲੰਬੇ ਸਮੇਂ ਤੋਂ ਚੱਲ ਰਹੇ ਅਭਿਆਸ ਨੂੰ ਅਮਰੀਕੀਆਂ ਲਈ "ਅਸੁਵਿਧਾਜਨਕ" ਹੈ। ਡੇਲਾਈਟ ਸੇਵਿੰਗ ਟਾਈਮ ਪਹਿਲੀ ਵਿਸ਼ਵ ਜੰਗ ਦੌਰਾਨ ਯੂ.ਐੱਸ. ਵਿਚ ਬਚਤ ਕਰਨ ਲਈ ਪੇਸ਼ ਕੀਤਾ ਗਿਆ ਸੀ, ਥੋੜ੍ਹੀ ਦੇਰ ਬਾਅਦ ਰੱਦ ਕਰ ਦਿੱਤਾ ਗਿਆ ਸੀ ਅਤੇ ਫਿਰ ਦੂਜੇ ਵਿਸ਼ਵ ਯੁੱਧ ਦੇ ਦੌਰਾਨ ਮੁੜ ਬਹਾਲ ਕੀਤਾ ਗਿਆ ਸੀ। ਅਮਰੀਕਨ ਹੁਣ ਮਾਰਚ ਤੋਂ ਨਵੰਬਰ ਤੱਕ "ਡੇਲਾਈਟ ਟਾਈਮ" ਅਤੇ ਨਵੰਬਰ ਤੋਂ ਮਾਰਚ ਤੱਕ "ਸਟੈਂਡਰਡ ਟਾਈਮ" ਦਾ ਪਾਲਣ ਕਰਦੇ ਹਨ। ਟਰੰਪ ਦਾ ਪ੍ਰਸਤਾਵ, ਜੇਕਰ ਲਾਗੂ ਕੀਤਾ ਜਾਂਦਾ ਹੈ, ਤਾਂ ਮੌਸਮੀ ਘੜੀ ਦੀਆਂ ਤਬਦੀਲੀਆਂ ਦੀ ਇੱਕ ਸਦੀ ਤੋਂ ਵੱਧ ਸਮਾਪਤ ਹੋ ਜਾਵੇਗੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

ਮਾਤਾ ਗੁਜਰੀ, ਸ਼ਾਹਿਬਜ਼ਾਦਿਆਂ ਅਤੇ ਚਮਕੌਰ ਦੇ ਹੋਰ ਸਿੰਘਾਂ ਦੀ ਲਾਸਾਨੀ ਸ਼ਹਾਦਤ ਨੂੰ ਕੋਟਨ-ਕੋਟ ਪ੍ਰਣਾਮ

ਦਸ਼ਮੇਸ਼ ਪਿਤਾ ਨੇ ਰਾਇ ਕੱਲ੍ਹਾ ਨੂੰ ਰਾਏਕੋਟ ਵਿਖੇ 1705 ਵਿੱਚ ਬਖਸ਼ਿਆ ਸੰਕਟ ਭਰੇ ਦਿਨਾਂ ਦੀ ਸੇਵਾ

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੱਥਾਂ ਦੀ ਛੋਹ ਪ੍ਰਾਪਤ

ਗੰਗਾ ਸਾਗਰ



ਵਲੋਂ : ਰਾਇ ਅਜੀਜਉਲਾ ਖਾਨ ਅਤੇ ਰਾਇ ਮੁਹੰਮਦ ਅਲੀ ਖਾਨ

# ਡੌਂਕੀ ਲਗਾ ਅਮਰੀਕਾ ਦਾਖਲ ਹੋਣ ਦੀ ਕੋਸ਼ਿਸ਼ 'ਚ 230 ਭਾਰਤੀ ਫਸੇ

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ 'ਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਜੇਕਰ ਇੱਕ ਰਸਤਾ ਬੰਦ ਹੁੰਦਾ ਹੈ, ਤਾਂ ਲੋਕ ਦੂਜੇ ਰਸਤੇ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੁੰਦੇ ਹਨ। ਹਾਲ ਹੀ ਵਿਚ 170 ਗੁਜਰਾਤੀਆਂ ਸਮੇਤ 230 ਦੇ ਕਰੀਬ ਭਾਰਤੀ ਸ਼ਾਰਜਾਹ (ਯੂ.ਏ.ਈ.) ਵਿਚ ਫਸ ਗਏ ਹਨ, ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਫਿਰਾਕ ਵਿਚ ਸਨ। ਏਜੰਟਾਂ ਨੇ ਇਨ੍ਹਾਂ ਨੂੰ ਦੁਬਈ ਤੋਂ ਬ੍ਰਾਜ਼ੀਲ ਲਈ ਇਕ ਚਾਰਟਰਡ ਫਲਾਈਟ ਰਾਹੀਂ ਭੇਜਣ ਦਾ ਵਾਅਦਾ ਕੀਤਾ ਸੀ। ਬ੍ਰਾਜ਼ੀਲ ਤੋਂ ਇਨ੍ਹਾਂ ਨੇ ਸੜਕ ਰਸਤਿਓਂ ਮੈਕਸੀਕੋ ਸਰਹੱਦ ਰਾਹੀਆਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣਾ ਸੀ।

ਇਨ੍ਹਾਂ ਸਾਰਿਆਂ ਨੇ 11 ਦਸੰਬਰ ਨੂੰ ਦੁਬਈ ਤੋਂ ਰਵਾਨਾ ਹੋਣਾ ਸੀ। ਇਸ ਲਈ ਏਜੰਟਾਂ ਨੇ ਚਾਰਟਰਡ ਫਲਾਈਟ ਬੁੱਕ ਕਰਨ ਲਈ ਇਨ੍ਹਾਂ 230 ਲੋਕਾਂ ਤੋਂ ਪਹਿਲਾਂ ਹੀ 3 ਕਰੋੜ ਰੁਪਏ ਲੈ ਲਏ ਸਨ। ਹਾਲਾਂਕਿ ਮੈਕਸੀਕੋ-ਅਮਰੀਕਾ ਸਰਹੱਦ 'ਤੇ ਸਥਿਤੀਆਂ ਨੂੰ ਲੈ ਕੇ ਚਿੰਤਾਵਾਂ ਕਾਰਨ ਫਲਾਈਟ ਨੂੰ 20 ਦਸੰਬਰ ਲਈ ਮੁਲਤਵੀ ਕਰ ਦਿੱਤਾ ਗਿਆ। ਹਾਲਾਂਕਿ, ਯਾਤਰੀਆਂ ਨੂੰ ਪੱਕਾ ਭਰੋਸਾ ਦਿੱਤਾ ਗਿਆ ਕਿ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਸਾਰਿਆਂ ਨੂੰ ਅਮਰੀਕਾ ਭੇਜਿਆ ਜਾਵੇਗਾ। ਫਿਲਹਾਲ ਇਸ ਸਮੇਂ ਇਹ ਸਾਰੇ ਲੋਕ ਦੁਬਈ ਦੇ ਸ਼ਾਰਜਾਹ ਦੇ ਦਾਨਾ ਹੋਟਲ ਵਿਚ ਠਹਿਰੇ ਹੋਏ ਹਨ।

# ਹੱਤਿਆ ਮਾਮਲੇ 'ਚ 16 ਸਾਲ ਕੈਦ ਕੱਟਣ ਉਪਰੰਤ ਰਿਹਾਅ ਹੋਈ ਔਰਤ

**■ ਅਦਾਲਤ ਨੇ 3.4 ਕਰੋੜ ਡਾਲਰ ਮੁਆਵਜ਼ੇ ਵਜੋਂ ਦੇਣ ਦਾ ਦਿੱਤਾ ਆਦੇਸ਼**



ਕ੍ਰਿਸਟਿਨ ਲੋਬਾਟੋ ਦੀ ਜੇਲ੍ਹ ਤੋਂ ਰਿਹਾਈ ਵੇਲੇ ਦੀ ਤਸਵੀਰ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-ਨੇਵਾਡਾ ਵਿਚ ਇਕ ਸੰਘੀ ਜਿਊਰੀ ਨੇ ਉਸ ਔਰਤ ਨੂੰ 3.4 ਕਰੋੜ ਡਾਲਰ ਮੁਆਵਜ਼ੇ ਵਜੋਂ ਦੇਣ ਦਾ ਆਦੇਸ਼ ਦਿੱਤਾ ਹੈ, ਜਿਸ ਨੂੰ 2001 ਵਿਚ ਇਕ ਬੇਘਰੇ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿਚ ਗਲਤੀ ਨਾਲ ਦੋਸ਼ੀ ਕਰਾਰ ਦੇ ਕੇ ਜੇਲ ਭੇਜ ਦਿੱਤਾ ਗਿਆ ਸੀ। ਕ੍ਰਿਸਟਿਨ ਲੋਬਾਟੋ ਨਾਮੀ ਔਰਤ ਨੂੰ ਤਕਰੀਬਨ 16 ਸਾਲ ਕੈਦ ਕੱਟਣ ਉਪਰੰਤ ਜਨਵਰੀ 2018 'ਚ ਰਿਹਾਅ ਕਰ ਦਿੱਤਾ ਗਿਆ ਸੀ। ਸਿਵਲ ਟਰਾਇਲ ਜਿਊਰੀ ਨੇ ਆਪਣੇ ਨਿਰਣੇ ਵਿਚ ਕਿਹਾ ਹੈ ਕਿ ਲਾਸ ਵੇਗਾਸ ਪੁਲਿਸ ਤੇ ਸੇਵਾਮੁਕਤ ਹੋ ਚੁੱਕੇ ਦੋ ਖੁਫੀਆ ਅਧਿਕਾਰੀਆਂ ਨੇ ਆਪਣੀ ਜਾਂਚ ਦੌਰਾਨ ਮਨਘੜਤ ਸਬੂਤ ਜੁਟਾਏ ਤੇ ਜਾਣਬੁੱਝ ਕੇ ਲੋਬਾਟੋ ਨੂੰ ਫਸਾਇਆ। ਜਦੋਂ ਯੂ.ਐੱਸ. ਡਿਸਟ੍ਰਿਕਟ ਕੋਰਟ ਲਾਸ ਵੇਗਾਸ ਨੇ ਮੁਆਵਜ਼ੇ ਦਾ ਆਦੇਸ਼ ਦਿੱਤਾ, ਤਾਂ ਕ੍ਰਿਸਟਿਨ ਲੋਬਾਟੋ ਜੋ ਹੁਣ 41 ਸਾਲਾਂ ਦੀ ਹੋ ਚੁੱਕੀ ਹੈ, ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਪਹਾੜ ਜਿੱਡੀ ਲੜਾਈ ਸੀ, ਮੈਨੂੰ ਨਿਆਂ ਲੈਣ ਲਈ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਮੈਂ ਖੁਸ਼ ਹਾਂ ਕਿ ਅੰਤ ਨੂੰ ਮੇਰੀਆਂ ਸਾਰੀਆਂ ਮੁਸ਼ਕਿਲਾਂ ਖਤਮ ਹੋ ਗਈਆਂ ਹਨ ਤੇ ਮੈਨੂੰ ਨਿਆਂ ਮਿਲਿਆ ਹੈ। ਖੁਫੀਆ ਅਧਿਕਾਰੀਆਂ ਥਾਮਸ ਥੋਸੇਨ ਤੇ ਜੇਮਸ ਲਾਰਚੇਲੇ ਤੇ ਉਨ੍ਹਾਂ ਦੇ ਵਕੀਲ ਕਰੈਗ ਐਂਡਰਸਨ ਨੇ ਅਦਾਲਤ ਦੇ ਬਾਹਰ ਜਿਊਰੀ ਦੇ ਨਿਰਣੇ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਐਂਡਰਸਨ ਨੇ ਕਿਹਾ ਕਿ ਉਹ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹਨ।

## ਡੋਨਾਲਡ ਟਰੰਪ ਵੱਲੋਂ ਟਰੁੱਥ ਸੋਸ਼ਲ ਮੀਡੀਆ ਦੇ ਸੀ.ਈ.ਓ. ਡੈਵਿਨ ਨੂਨਸ ਇੰਟੈਲੀਜੈਂਸ ਬੋਰਡ ਦੇ ਚੇਅਰਮੈਨ ਨਿਯੁਕਤ



ਡੈਵਿਨ ਨੂਨਸ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨੇ ਸਾਬਕਾ ਸਾਂਸਦ ਡੈਵਿਨ ਨੂਨਸ ਜੋ ਟਰੰਪ ਦੇ ਟਰੁੱਥ ਸੋਸ਼ਲ ਮੀਡੀਆ ਦੇ ਸੀ.ਈ.ਓ. ਹਨ, ਨੂੰ ਰਾਸ਼ਟਰਪਤੀ ਦੇ ਇੰਟੈਲੀਜੈਂਸ ਸਲਾਹਕਾਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਟਰੰਪ ਨੇ ਇਹ ਜਾਣਕਾਰੀ ਟਰੁੱਥ ਸੋਸ਼ਲ ਮੀਡੀਆ ਉਪਰ ਜਾਰੀ ਇਕ ਬਿਆਨ 'ਚ ਦਿੱਤੀ ਹੈ। ਉਨ੍ਹਾਂ ਲਿਖਿਆ ਹੈ, ਨੂਨਸ ਜਿਨ੍ਹਾਂ ਨੇ ਮੇਰੇ ਪਹਿਲੇ ਕਾਰਜਕਾਲ ਦੌਰਾਨ ਅਮਰੀਕੀ ਪ੍ਰਤੀਨਿੱਧ ਸਦਨ ਦੀ ਇੰਟੈਲੀਜੈਂਸ ਕਮੇਟੀ ਦੀ ਅਗਵਾਈ ਕੀਤੀ ਸੀ, ਸਲਾਹਕਾਰ ਬੋਰਡ ਦੇ ਚੇਅਰਮੈਨ ਵਜੋਂ ਸੇਵਾਵਾਂ ਨਿਭਾਉਂਦਿਆਂ ਟਰੁੱਥ ਸੋਸ਼ਲ ਦੇ ਸੀ.ਈ.ਓ. ਵੀ ਬਣੇ ਰਹਿਣਗੇ। ਇੰਟੈਲੀਜੈਂਸ ਕਮੇਟੀ ਦੇ ਪ੍ਰਧਾਨ ਵਜੋਂ ਨੂਨਸ ਨੇ 2016 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਰੂਸ ਦੀ ਦਖਲਅੰਦਾਜ਼ੀ ਦੇ ਮੁੱਦੇ 'ਤੇ ਟਰੰਪ ਦੀ ਜ਼ੋਰਦਾਰ ਢੰਗ ਨਾਲ ਪੈਰਵਾਈ ਕੀਤੀ ਸੀ ਤੇ ਉਸ ਨੇ ਦੋਸ਼ ਲਾਇਆ ਸੀ ਕਿ ਐੱਫ.ਬੀ.ਆਈ. ਨੇ ਟਰੰਪ ਨੂੰ ਫਸਾਉਣ ਲਈ ਸਾਜ਼ਿਸ਼ ਰਚੀ ਹੈ। 2016 'ਚ ਟਰੰਪ ਨੇ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਹਰਾਇਆ ਸੀ।

# ਓਨਟਾਰੀਓ 'ਚ ਭਿਆਨਕ ਟਰੱਕ ਹਾਦਸੇ 'ਚ 2 ਪੰਜਾਬੀਆਂ ਦੀ ਮੌਤ



ਮ੍ਰਿਤਕਾਂ ਦੀਆਂ ਫ਼ਾਈਲ ਫੋਟੋਆਂ।

ਓਨਟਾਰੀਓ, 17 ਦਸੰਬਰ (ਰਾਜ ਗੋਗਨਾ/ ਕੁਲਤਰਨ ਪਧਿਆਣਾ/ ਪੰਜਾਬ ਮੇਲ)- ਕੈਨੇਡਾ ਦੇ ਓਨਟਾਰੀਓ 'ਚ ਬੀਤੇ ਦਿਨੀਂ ਵਾਪਰੇ ਭਿਆਨਕ ਟਰੱਕ ਹਾਦਸੇ ਵਿਚ 2 ਪੰਜਾਬੀਆਂ ਦੀ ਮੌਤ ਹੋ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਹ ਭਿਆਨਕ ਹਾਦਸਾ ਕੈਨੇਡਾ ਦੇ ਓਨਟਾਰੀਓ ਦੇ ਹਾਈਵੇ 11 ਦੇ ਲਾਗੇ ਲਾਂਗਲੇਕ 'ਤੇ ਵਾਪਰਿਆ, ਜਿੱਥੇ 2 ਟਰੱਕ ਆਹਮੋ-ਸਾਹਮਣੇ ਆਪਸ ਵਿਚ ਟਕਰਾਅ ਗਏ।

ਇਸ ਹਾਦਸੇ ਵਿਚ ਮਰਨ ਵਾਲਿਆਂ ਦੀ ਪਛਾਣ ਜਸਵਿੰਦਰ ਸਿੰਘ ਜੱਸੀ ਵਾਸੀ ਪਟਿਆਲਾ, ਜੋ ਕਿ ਮਸ਼ਹੂਰ ਭੰਗੜਾ ਕੋਚ ਵੀ ਰਹੇ ਹਨ ਅਤੇ ਰਾਹੁਲ ਬਜਾਜ ਵਾਸੀ ਮੋਹਾਲੀ ਵਜੋਂ ਹੋਈ ਹੈ। ਇਨ੍ਹਾਂ ਟਰੱਕਾਂ ਦੇ ਦੋ ਹੋਰ ਸਹਿ-ਡਰਾਈਵਰ ਇਸ ਹਾਦਸੇ ਵਿਚ ਜ਼ਖ਼ਮੀ ਹੋਏ ਦੱਸੇ ਜਾ ਰਹੇ ਹਨ, ਜਿਸ ਵਿਚ ਇੱਕ ਦੀ ਹਾਲਤ ਗੰਭੀਰ ਬਣੀ ਹੋਈ ਹੈ।

# ਅਮਰੀਕਾ 'ਚ ਗੈਰ ਕਾਨੂੰਨੀ ਰਹਿ ਰਹੇ 18 ਹਜ਼ਾਰ ਭਾਰਤੀਆਂ 'ਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਕਰੀਬ 18 ਹਜ਼ਾਰ ਭਾਰਤੀਆਂ ਨੂੰ ਜਲਦ ਹੀ ਆਪਣੇ ਦੇਸ਼ ਪਰਤਣਾ ਪੈ ਸਕਦਾ ਹੈ। ਅਮਰੀਕਾ ਦੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ.ਸੀ.ਈ.) ਦੀ ਤਾਜ਼ਾ ਰਿਪੋਰਟ ਮੁਤਾਬਕ 17,940 ਭਾਰਤੀ ਉਨ੍ਹਾਂ 14.45 ਲੱਖ ਲੋਕਾਂ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ ਦੇਸ਼ ਵਿਚੋਂ ਡਿਪੋਰਟ ਕਰਨ ਦਾ ਹੁਕਮ ਦਿੱਤਾ ਗਿਆ ਹੈ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਗਲੇ ਮਹੀਨੇ ਅਹੁਦਾ ਸੰਭਾਲਣ ਤੋਂ ਬਾਅਦ ਦੇਸ਼ ਨਿਕਾਲੇ ਦੀ ਪ੍ਰਕਿਰਿਆ ਤੇਜ਼ ਹੋਣ ਦੀ ਸੰਭਾਵਨਾ ਹੈ। ਆਈ.ਸੀ.ਈ. ਨੇ ਕਿਹਾ ਹੈ ਕਿ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦਾ ਦੇਸ਼ ਨਿਕਾਲਾ ਟਰੰਪ ਦੇ ਸਰਹੱਦੀ ਸੁਰੱਖਿਆ ਏਜੰਡੇ ਦਾ ਕੇਂਦਰ ਹੈ। ਉਨ੍ਹਾਂ ਨੇ ਆਪਣੀ ਚੋਣ ਮੁਹਿੰਮ ਵਿਚ ਪ੍ਰਵਾਸੀਆਂ ਦਾ ਮੁੱਦਾ ਵਾਰ-ਵਾਰ ਉਠਾਇਆ ਸੀ। ਰਿਪੋਰਟ ਮੁਤਾਬਕ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਮਾਮਲੇ 'ਚ ਭਾਰਤ 13ਵੇਂ ਨੰਬਰ 'ਤੇ ਹੈ। ਨਵੰਬਰ 2024 ਵਿਚ ਜਾਰੀ ਆਈ.ਸੀ.ਈ. ਦੇ ਅੰਕੜਿਆਂ ਅਨੁਸਾਰ, 17,940 ਭਾਰਤੀਆਂ ਨੂੰ ਏਜੰਸੀ ਦੀ ਗੈਰ-ਹਿਰਾਸਤ ਵਾਲੀ ਸੂਚੀ ਵਿਚ ਸੂਚੀਬੱਧ ਕੀਤਾ ਗਿਆ ਹੈ।

Global Allianz
ਕਾਨੂੰਨੀ ਸਲਾਹਾਂ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵੱਲੋਂ ਸੈਂਟਰਲ ਵੈਲੀ ਦੇ ਸੀਨੀਅਰ ਐਥਲੀਟਾਂ 2024 'ਚ ਟਰੈਕ ਅਤੇ ਫੀਲਡ 'ਚ ਪ੍ਰਾਪਤੀਆਂ ਲਈ ਸਨਮਾਨਿਤ



**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)**- ਪਿਛਲੇ ਲੰਮੇ ਅਰਸੇ ਤੋਂ ਫਰਿਜ਼ਨੋ ਏਰੀਏ ਦੇ ਸੀਨੀਅਰ ਐਥਲੀਟ ਦੁਨੀਆਂ ਭਰ ਵਿਚ ਸੀਨੀਅਰ ਖੇਡਾਂ ਵਿਚ ਭਾਗ ਲੈ ਕੇ ਮੈਡਲ ਜਿੱਤਕੇ ਭਾਈਚਾਰੇ ਦਾ ਮਾਣ ਵਧਾਉਂਦੇ ਆ ਰਹੇ ਹਨ। ਇਨ੍ਹਾਂ ਐਥਲੀਟਾਂ ਦਾ ਹੌਂਸਲਾ ਅਫਜ਼ਾਈ ਲਈ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵੱਲੋਂ ਬੀਤੇ ਐਤਵਾਰ ਇਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਇਨ੍ਹਾਂ ਐਥਲੀਟਾਂ ਵਿਚ ਗੁਰਬਖਸ਼ ਸਿੰਘ ਸਿੱਧੂ ਨੇ 20 ਸੋਨ ਤਗਮੇ, 6 ਚਾਂਦੀ ਦੇ ਤਗਮੇ ਅਤੇ 4 ਕਾਂਸੀ ਦੇ ਤਗਮੇ, ਸੁਖਨੈਨ ਸਿੰਘ ਨੇ 2 ਸੋਨ ਤਗਮੇ ਅਤੇ 2 ਚਾਂਦੀ ਦੇ ਤਗਮੇ, ਸੁਖਦੇਵ ਸਿੰਘ ਸਿੱਧੂ ਨੇ 2 ਸੋਨ ਤਗਮੇ, ਰਾਜ ਬਰਾੜ ਨੇ 2 ਸੋਨ ਤਗਮੇ, ਰਣਧੀਰ ਸਿੰਘ ਵਿਰਕ ਨੇ 6 ਸੋਨ ਤਗਮੇ ਅਤੇ 2 ਚਾਂਦੀ ਦੇ ਤਗਮੇ, ਕਮਲਜੀਤ ਸਿੰਘ ਬੈਨੀਪਾਲ ਨੇ 3 ਸੋਨ ਤਗਮੇ, 3 ਚਾਂਦੀ ਦੇ ਤਗਮੇ, ਹਰਦੀਪ ਸਿੰਘ ਸੰਘੇੜਾ ਨੇ 4 ਸੋਨ ਤਗਮੇ ਅਤੇ 2 ਚਾਂਦੀ ਦੇ ਤਗਮੇ, ਚਰਨ ਸਿੰਘ ਗਿੱਲ ਨੇ 2 ਸੋਨ ਤਗਮੇ, 1 ਕਾਂਸੀ ਦਾ ਤਗਮਾ, ਪਵਿਤਰ ਸਿੰਘ ਕਲੇਰ ਨੇ 2 ਸੋਨ ਤਗਮੇ ਅਤੇ 1 ਚਾਂਦੀ ਦਾ ਤਗਮਾ, ਕਰਮ ਸਿੰਘ ਸੰਘਾ ਨੇ 1 ਸੋਨ ਤਗਮਾ ਅਤੇ ਕੁਲਵੰਤ ਸਿੰਘ ਲੰਬਰ ਨੇ 2 ਸੋਨ ਤਗਮੇ, 1 ਚਾਂਦੀ ਦਾ ਤਗਮਾ ਅਤੇ 2 ਕਾਂਸੀ ਦੇ ਤਗਮੇ ਜਿੱਤੇ।

ਸਾਰੇ ਐਥਲੀਟਾਂ ਨੇ ਟਰੈਕ ਐਂਡ ਫੀਲਡ ਵਿਚ ਆਪਣੀਆਂ ਪ੍ਰਾਪਤੀਆਂ ਦਾ ਸਨਮਾਨ ਕਰਨ ਲਈ ਗੁਰਦੁਆਰਾ ਸਾਹਿਬ ਬੋਰਡ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਲਕੀਅਤ ਸਿੰਘ ਕਰਨਾਲ ਜੀ ਨੇ ਬੋਲੇ ਸੋਹਣੇ ਜੈਕਾਰਿਆਂ ਨਾਲ ਹਰੇਕ ਐਥਲੀਟ ਨੂੰ ਸਿਰੋਪਾਓ ਸਾਹਿਬ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਬੋਲਦਿਆਂ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਗੁਰੂ ਘਰ ਦੀ ਕਮੇਟੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਅਗਲੇ ਸਾਲ ਕੈਲੀਫੋਰਨੀਆ ਵਿਚ ਹੋਣ ਵਾਲੀਆਂ ਟਰੈਕ ਅਤੇ ਫੀਲਡ ਗੇਮਾਂ ਲਈ ਹੋਰ ਐਥਲੀਟ ਸਾਡੇ ਨਾਲ ਸ਼ਾਮਲ ਹੋਣਗੇ। ਇਸ ਮੌਕੇ ਗੁਰੂ ਕੇ ਲੰਗਰ ਦੀ ਸੇਵਾ ਓਦੇਦੀਪ ਸਿੰਘ ਸਿੱਧੂ ਤੇ ਪਰਿਵਾਰ ਵੱਲੋਂ ਆਪਣੇ ਬੇਟੇ ਜਸਪ੍ਰੀਤ ਸਿੰਘ ਸਿੱਧੂ ਵੱਲੋਂ ਸਕੂਲ ਟਰੱਸਟੀ ਦੀ ਚੋਣ ਜਿੱਤਣ ਦੀ ਖੁਸ਼ੀ ਵਿਚ ਕੀਤੀ ਗਈ। ਇਸ ਮੌਕੇ ਸਿੱਧੂ ਪਰਿਵਾਰ ਨੇ ਜਿੱਥੇ ਗੁਰੂ ਦਾ ਸ਼ੁਕਰਾਨਾ ਕੀਤਾ, ਉਥੇ ਸਮੂਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਲਈ ਸੰਗਤ ਦਾ ਵੀ ਧੰਨਵਾਦ ਕੀਤਾ ।

## ਸ਼ੋਕ ਸਮਾਚਾਰ

# ਬੁਲਡੌਗ ਟਰੱਕਿੰਗ ਵਾਲੇ ਗੁਰਦੀਪ ਚੌਹਾਨ ਨੂੰ ਪਿਤਾ ਦੀ ਮੌਤ ਕਾਰਨ ਸਦਮਾ

## ਫਿਊਨਰਲ 21 ਦਸੰਬਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿਖੇ



ਸ. ਉੱਤਮ ਸਿੰਘ ਚੌਹਾਨ

ਫਰਿਜ਼ਨੋ, (ਪੰਜਾਬ ਮੇਲ)- ਫਰਿਜ਼ਨੋ ਨਿਵਾਸੀ ਟਰਾਂਸਪੋਰਟਰ, ਬੁਲਡੌਗ ਟਰੱਕਿੰਗ ਵਾਲੇ ਗੁਰਦੀਪ ਸਿੰਘ ਚੌਹਾਨ (ਦੀਪਾ ਬਾਈ) ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਿਤਾ ਜੀ ਸ. ਉੱਤਮ ਸਿੰਘ ਚੌਹਾਨ (89) ਪ੍ਰਮਾਤਮਾਂ ਵੱਲੋਂ ਮਿਲੇ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦਾ ਪਿਛਲਾ ਪਿੰਡ ਨਗਰ ਜ਼ਿਲ੍ਹਾ ਨਵਾਂਸ਼ਹਿਰ ਵਿਚ ਪੈਂਦਾ ਹੈ। ਉਹ ਪਿਛਲੇ ਲੰਮੇ ਸਮੇਂ ਤੋਂ ਆਪਣੇ ਬੇਟੇ ਗੁਰਦੀਪ ਚੌਹਾਨ ਪਾਸ ਅਮਰੀਕਾ ਦੀ ਸਟੇਟ ਕੈਲੀਫੋਰਨੀਆ ਦੇ ਫਰਿਜ਼ਨੋ ਸ਼ਹਿਰ ਵਿਚ ਰਹਿ ਰਹੇ ਸਨ।

ਉਨ੍ਹਾਂ ਦੀ ਦੇਹ ਦਾ ਸਸਕਾਰ ਮਿਤੀ 21 ਦਸੰਬਰ 2024 ਨੂੰ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ 4800 E Clayton Ave Fowler ca 93625 ਵਿਖੇ ਸਵੇਰੇ 10 ਤੋਂ ਦੁਪਿਹਰ 12 ਵਜੇ ਦਰਮਿਆਨ ਹੋਵੇਗਾ। ਉਪਰੰਤ ਭੋਗ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ (Sikh institute 4827 N parkway dr Fresno ca 93723) ਵਿਖੇ ਪਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 559-994-3016 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ਼ੋਕ ਸਮਾਚਾਰ

# ਸ਼ਾਨ-ਏ-ਪੰਜਾਬ ਸਟੋਰ ਵਾਲੇ ਸੁਖਦੇਵ ਸਿੰਘ ਨੂੰ ਬੇਟੇ ਦੇ ਅਕਾਲ ਚਲਾਣੇ ਕਾਰਨ ਸਦਮਾ



ਨਿਰਮਲ ਸਿੰਘ

ਫਰਿਜ਼ਨੋ (ਪੰਜਾਬ ਮੇਲ)- ਬੀਤੇ ਹਫਤੇ ਫਰਿਜ਼ਨੋ ਸ਼ਹਿਰ ਦੇ ਮਸ਼ਹੂਰ ਪੰਜਾਬੀ ਗਰੌਸਰੀ ਸਟੋਰ ਅਤੇ ਰੈਸਟੋਰੈਂਟ ਸ਼ਾਨ-ਏ-ਪੰਜਾਬ ਦੇ ਮਾਲਕ ਸ. ਸੁਖਦੇਵ ਸਿੰਘ ਨੂੰ ਉਸ ਵਕਤ ਭਾਰੀ ਸਦਮਾ ਪਹੁੰਚਿਆ, ਜਦੋਂ ਉਨ੍ਹਾਂ ਦੇ ਜਵਾਨ ਬੇਟੇ ਨਿਰਮਲ ਸਿੰਘ (34) ਦੀ ਅਚਾਨਕ ਮੌਤ ਹੋ ਗਈ। ਸਵ. ਨਿਰਮਲ ਸਿੰਘ ਦਾ ਭਰ ਜਵਾਨੀ ਵਿਚ ਬੇਵਕਤ ਅਚਾਨਕ ਇਸ ਸੰਸਾਰ ਤੋਂ ਤੁਰ ਜਾਣਾ ਪਰਿਵਾਰ ਅਤੇ ਸੁਨੇਹੀਆ ਲਈ ਬਹੁਤ ਦੁੱਖਦਾਈ ਹੈ। ਸਵ. ਨਿਰਮਲ ਸਿੰਘ ਬਹੁਤ ਹੀ ਮਿੱਠ ਬੋਲੜਾ, ਨੇਕ ਸੁਭਾਅ ਅਤੇ ਸਭ ਦਾ ਸਤਿਕਾਰ ਕਰਨ ਵਾਲਾ ਇਨਸਾਨ ਸੀ। ਜਦ ਵੀ ਮਿਲਦਾ ਸੀ, ਖਿੜੇ ਮੱਥੇ ਮਿਲਦਾ ਅਤੇ ਆਪਣੇ ਕਾਰੋਬਾਰ ਅਤੇ ਪੜ੍ਹਾਈ ਦੀ ਗੱਲ ਜ਼ਰੂਰ ਕਰਦਾ। ਇਸ ਦੁੱਖ ਦੀ ਖ਼ਬਰ ਕਾਰਨ ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਗਹਿਰੇ ਦੁੱਖ ਵਿਚ ਹੈ। ਪੀ.ਬੀ. ਨਿਊਜ਼ ਇਸ ਦੁੱਖ ਦੀ ਘੜੀ ਵਿਚ ਸਮੂੰਹ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ। ਸਵ. ਨਿਰਮਲ ਸਿੰਘ ਦਾ ਇਸ ਤਰ੍ਹਾਂ ਅਚਾਨਕ ਤੁਰ ਜਾਣਾ ਸਮੂਹ ਪਰਿਵਾਰ ਲਈ ਵੱਡਾ ਸਦਮਾ ਹੈ। ਸਵ. ਨਿਰਮਲ ਸਿੰਘ ਆਪਣੇ ਪਿੱਛੇ ਮਾਤਾ-ਪਿਤਾ, ਭਰਾ, ਪਤਨੀ ਤੇ ਛੋਟੀ ਬੱਚੀ ਛੱਡ ਗਿਆ ਹੈ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।



# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਸ਼ਹਾਦਤਾਂ ਨੂੰ ਸਮਰਪਿਤ ਰਹੀ

**ਕੈਲਗਰੀ, (ਜਸਵਿੰਦਰ ਸਿੰਘ ਰੁਪਾਲ/ਪੰਜਾਬ ਮੇਲ)-** ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਬੀਤੇ ਐਤਵਾਰ 15 ਦਸੰਬਰ ਨੂੰ ਜੈਨੇਸਸ ਸੈਂਟਰ ਵਿਖੇ ਭਰਪੂਰ ਹਾਜ਼ਰੀ ਵਿਚ ਹੋਈ। ਸਭਾ ਦੇ ਪ੍ਰਧਾਨ ਸ਼੍ਰੀਮਤੀ ਬਲਵਿੰਦਰ ਕੌਰ ਬਰਾੜ ਜੀ ਨੇ ਸਾਰੀਆਂ ਭੈਣਾਂ ਨੂੰ ਜੀ ਆਇਆਂ ਕਹਿੰਦਿਆਂ, ਸਫਰ-ਏ-ਸ਼ਹਾਦਤ ਤੇ ਚਾਲੀ ਮੁਕਤਿਆਂ 'ਤੇ ਸੰਖੇਪ ਵਿਚਾਰ ਸਾਂਝੇ ਕੀਤੇ।



ਮੀਟਿੰਗ ਦੇ ਆਰੰਭ ਵਿਚ ਸੁਰਿੰਦਰ ਕੌਰ ਸੰਧੂ ਨੇ ਅਰਦਾਸ ਕੀਤੀ। ਸਕੱਤਰ ਗੁਰਨਾਮ ਕੌਰ ਨੇ ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ ਪੋਹ ਮਹੀਨੇ ਦੇ ਸਾਰੇ ਸ਼ਹੀਦਾਂ, ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਤੋਂ ਇਲਾਵਾ ਹਜ਼ਰਤ ਈਸਾ ਮਸੀਹ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ, ਨਵੇਂ ਆਏ 7 ਮੈਂਬਰਾਂ ਦੀ ਸਭਾ ਨਾਲ ਜਾਣ-ਪਛਾਣ ਕਰਵਾਈ।





ਰਚਨਾਵਾਂ ਦੇ ਪਹਿਲੇ ਦੌਰ ਵਿਚ- ਗੁਰਦੀਸ਼ ਕੌਰ ਗਰੇਵਾਲ, ਰਣਜੀਤ ਕੌਰ ਲੰਮੇ, ਜਸਮਿੰਦਰ ਕੌਰ ਬਰਾੜ, ਅਮਰਜੀਤ ਕੌਰ ਗਰੇਵਾਲ, ਸੁਰਿੰਦਰ ਕੌਰ ਸੰਧੂ, ਜੁਗਿੰਦਰ ਪੁਰਬਾ, ਸਤਵਿੰਦਰ ਕੌਰ ਫਰਵਾਹਾ, ਭਗਵੰਤ ਕੌਰ, ਕੁਲਦੀਪ ਕੌਰ ਘਟੌੜਾ, ਗੁਰਤੇਜ ਸਿੱਧੂ, ਕਿਰਨ ਕਲਸੀ, ਗੁਰਜੀਤ ਕੌਰ ਬੈਦਵਾਨ, ਅਮਰਜੀਤ ਕੌਰ ਵਿਰਦੀ, ਲਖਵਿੰਦਰ ਕੌਰ ਅਤੇ ਹਰਜੀਤ ਕੌਰ ਜੌਹਲ ਆਦਿ ਨੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀਆਂ ਸ਼ਹਾਦਤਾਂ, ਚਮਕੌਰ ਸਾਹਿਬ ਦੀ ਗੜ੍ਹੀ, ਸਰਹਿੰਦ ਦੀਆਂ ਨੀਹਾਂ, ਮੋਤੀ ਰਾਮ ਮਹਿਰਾ ਜੀ ਅਤੇ ਦੀਵਾਨ ਟੋਡਰ ਮੱਲ ਜੀ ਬਾਰੇ ਬਹੁਤ ਹੀ ਭਾਵੁਕ ਕਰਨ ਵਾਲੀਆਂ ਗੀਤ, ਕਵਿਤਾਵਾਂ ਅਤੇ ਆਪਣੀਆਂ ਰਚਨਾਵਾਂ ਪੇਸ਼ ਕਰਕੇ, ਦਸੰਬਰ ਮਹੀਨੇ ਦੇ ਸਮੂਹ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ।

ਦੂਜੇ ਦੌਰ ਵਿਚ ਬਲਵੀਰ ਕੌਰ ਹਜ਼ੂਰੀਆ ਨੇ ਲੋਕ ਗੀਤ ਅਤੇ ਸਰਬਜੀਤ ਉੱਪਲ ਨੇ ਹਾਸ ਰਸ ਦੀ ਕਵਿਤਾ ਸੁਣਾਈ। ਬਲਵੀਰ ਕੌਰ ਗਰੇਵਾਲ ਨੇ ਬਹੁਤ ਹੀ ਸੁਰੀਲੀ ਆਵਾਜ਼ ਵਿਚ ਇੱਕ ਨਵ ਵਿਆਹੀ ਫੌਜੀ ਦੀ ਵਹੁਟੀ ਦੇ ਅਰਮਾਨਾਂ ਨੂੰ ਪੇਸ਼ ਕਰਦਾ ਗੀਤ ਗਾਇਆ। ਗਿਆਨ ਕੌਰ ਨੇ ਆਪਣੀ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਬਾਰੇ ਬਹੁਤ ਹੀ ਭਾਵੁਕ ਸੁਰ ਵਿਚ ਗੱਲਾਂ ਕੀਤੀਆਂ। ਨੌਜਵਾਨ ਮੈਂਬਰ ਮਨਿੰਦਰ ਕੌਰ ਅਤੇ ਕਰਮਪ੍ਰੀਤ ਕੌਰ ਨੇ ਵਲੰਟੀਅਰ ਸੇਵਾਵਾਂ ਖੁਸ਼ੀ ਨਾਲ ਨਿਭਾਈਆਂ। ਹਰਪ੍ਰੀਤ ਕੌਰ ਸੰਧੂ ਨੇ ਪੈਨਸ਼ਨ ਦੇ ਫਾਰਮ ਭਰਨ ਲਈ ਆਪਣੀਆਂ ਵਾਲੰਟੀਅਰ ਸੇਵਾਵਾਂ ਦੀ ਪੇਸ਼ਕਸ਼ ਕੀਤੀ।

ਬਲਵਿੰਦਰ ਕੌਰ ਬਰਾੜ ਨੇ ਮੀਡੀਆ ਵਲੋਂ ਆਏ ਸੁਖਬੀਰ ਸਿੰਘ ਗਰੇਵਾਲ ਨਾਲ ਜਾਣ-ਪਛਾਣ ਕਰਵਾਈ, ਜਿਨ੍ਹਾਂ ਨੇ ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਨ ਹਿੱਤ ਜੈਨੇਸਸ ਸੈਂਟਰ ਵਿਖੇ ਚੱਲ ਰਹੀਆਂ ਪੰਜਾਬੀ ਕਲਾਸਾਂ ਬਾਰੇ ਸਭਾ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ। ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀਆਂ ਯਾਦਾਂ ਨੂੰ ਸਾਂਭਣ ਹਿੱਤ, ਸਾਲ ਦਾ ਅੰਤ ਹੋਣ ਕਾਰਨ, ਸਭਾ ਵੱਲੋਂ ਸਾਰੀਆਂ ਭੈਣਾਂ ਨੂੰ ਤੋਹਫੇ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸ਼ਿਵਾਲਿਕ ਚੈਨਲ ਵੱਲੋਂ ਆਏ ਪਰਮਜੀਤ ਸਿੰਘ ਭੰਗੂ ਨੇ ਇਸ ਮੀਟਿੰਗ ਦੀ ਪੂਰੀ ਕਵਰੇਜ ਕੀਤੀ।

ਅਖੀਰ ਵਿਚ ਬਲਵਿੰਦਰ ਕੌਰ ਬਰਾੜ ਨੇ ਸਾਰੀਆਂ ਭੈਣਾਂ ਅਤੇ ਮੀਡੀਆ ਕਰਮੀਆਂ ਦਾ ਧੰਨਵਾਦ ਕੀਤਾ। ਗੁਰਦੀਸ਼ ਕੌਰ ਗਰੇਵਾਲ ਨੇ ਇਸ ਉਮਰ ਵਿਚ ਬਾਹਰਲੇ ਖਾਣੇ ਖਾਣ ਤੋਂ ਪਰਹੇਜ਼ ਕਰਨ ਦੀ ਹਦਾਇਤ ਕੀਤੀ। ਬਰੇਕ ਦੌਰਾਨ, ਸਾਰੀਆਂ ਭੈਣਾਂ ਨੇ ਰਲ-ਮਿਲ ਕੇ ਘਰੋਂ ਲਿਆਂਦੇ ਵੰਨ-ਸੁਵੰਨੇ ਖਾਣਿਆਂ ਦਾ ਭਰਪੂਰ ਅਨੰਦ ਮਾਣਿਆ। ਵਧੇਰੇ ਜਾਣਕਾਰੀ ਲਈ ਬਲਵਿੰਦਰ ਕੌਰ ਬਰਾੜ : 403-590-9629 ਜਾਂ ਗੁਰਦੀਸ਼ ਕੌਰ ਗਰੇਵਾਲ ਨਾਲ 403-404-1450 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਹੁਦਾ ਛੱਡਣ ਤੋਂ ਪਹਿਲਾਂ ਬਾਇਡਨ ਨੇ 4 ਭਾਰਤੀ-ਅਮਰੀਕੀਆਂ ਸਮੇਤ 1500 ਲੋਕਾਂ ਨੂੰ ਦਿੱਤੀ ਮਾਫੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ 4 ਭਾਰਤੀ-ਅਮਰੀਕੀਆਂ ਸਮੇਤ ਕਰੀਬ 1500 ਲੋਕਾਂ ਨੂੰ ਮਾਫੀ ਦਿੱਤੀ ਹੈ। ਮਾਫੀ ਪ੍ਰਾਪਤ ਕਰਨ ਵਾਲੇ ਇਹ 4 ਭਾਰਤੀ-ਅਮਰੀਕੀ ਮੀਰਾ ਸਚਦੇਵ, ਬਾਬੂਭਾਈ ਪਟੇਲ, ਕ੍ਰਿਸ਼ਨਾ ਮੋਟੇ ਅਤੇ ਵਿਕਰਮ ਦੱਤਾ ਹਨ। ਬਾਇਡਨ ਨੇ ਇੱਕ ਬਿਆਨ ਵਿਚ ਕਿਹਾ, 'ਅਮਰੀਕਾ ਸੰਭਾਵਨਾਵਾਂ ਅਤੇ ਦੂਜੇ ਮੌਕਿਆਂ ਦੇ ਵਾਅਦੇ ਉੱਤੇ ਬਣਿਆ ਹੋਇਆ ਹੈ। ਰਾਸ਼ਟਰਪਤੀ ਹੋਣ ਦੇ ਨਾਤੇ ਮੈਨੂੰ ਉਨ੍ਹਾਂ ਲੋਕਾਂ ਪ੍ਰਤੀ ਦਇਆ ਦਿਖਾਉਣ ਦਾ ਵੱਡਾ ਸਨਮਾਨ ਮਿਲਿਆ ਹੈ, ਜਿਨ੍ਹਾਂ ਨੇ ਤੋਬਾ ਅਤੇ ਮੁੜ ਵਸੇਬਾ ਕੀਤਾ ਹੈ...। ਅਮਰੀਕਾ ਨੇ ਅਹਿੰਸਕ ਅਪਰਾਧੀਆਂ, ਖਾਸ ਤੌਰ 'ਤੇ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਦੇ ਦੋਸ਼ੀਆਂ ਲਈ ਸਜ਼ਾ ਵਿਚ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਕਦਮ ਚੁੱਕੇ ਹਨ।'

ਉਨ੍ਹਾਂ ਕਿਹਾ, 'ਇਸ ਲਈ ਅੱਜ ਮੈਂ ਉਨ੍ਹਾਂ 39 ਲੋਕਾਂ ਨੂੰ ਮਾਫ ਕਰ ਰਿਹਾ ਹਾਂ, ਜਿਨ੍ਹਾਂ ਨੇ ਮੁੜ ਵਸੇਬਾ ਕੀਤਾ ਹੈ ਅਤੇ ਆਪਣੇ ਭਾਈਚਾਰਿਆਂ ਨੂੰ ਮਜ਼ਬੂਤ ਅਤੇ ਸੁਰੱਖਿਅਤ ਬਣਾਉਣ ਲਈ ਵਚਨਬੱਧਤਾ ਦਿਖਾਈ ਹੈ। ਮੈਂ ਲਗਭਗ 1,500 ਲੋਕਾਂ ਦੀ ਸਜ਼ਾ ਮਾਫ ਕਰ ਰਿਹਾ ਹਾਂ।' ਹਾਲ ਹੀ ਦੇ ਸਮੇਂ 'ਚ ਇਕ ਦਿਨ 'ਚ ਇੰਨੀ ਵੱਡੀ ਗਿਣਤੀ 'ਚ ਮਾਫੀ ਦੇਣ ਦੀ ਇਹ ਇਕਲੌਤੀ ਘਟਨਾ ਹੈ। ਦਸੰਬਰ 2012 ਵਿਚ ਡਾ. ਮੀਰਾ ਸਚਦੇਵ ਨੂੰ ਮਿਸੀਸਿਪੀ ਵਿਚ ਇੱਕ ਕੈਂਸਰ ਸੈਂਟਰ ਵਿਚ ਧੋਖਾਧੜੀ ਕਰਨ ਲਈ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਲਗਭਗ 82 ਲੱਖ ਅਮਰੀਕੀ ਡਾਲਰ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਗਿਆ ਸੀ। ਹੁਣ ਉਹ 63 ਸਾਲਾਂ ਦੀ ਹੈ।

ਬਾਬੂਭਾਈ ਪਟੇਲ ਨੂੰ 2013 ਵਿਚ ਸਿਹਤ ਸੇਵਾ ਵਿਚ ਧੋਖਾਧੜੀ ਅਤੇ ਹੋਰ ਅਪਰਾਧਾਂ ਲਈ 17 ਸਾਲ ਦੀ ਸਜ਼ਾ ਸੁਣਾਈ ਗਈ ਸੀ। ਕ੍ਰਿਸ਼ਨਾ ਮੋਟੇ (54) ਨੂੰ ਸਾਲ 2013 ਵਿਚ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਮਾਮਲਿਆਂ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਵਿਕਰਮ ਦੱਤਾ (63) ਨੂੰ ਜਨਵਰੀ 2012 ਵਿਚ ਮੈਨਹਟਨ ਦੀ ਸੰਘੀ ਅਦਾਲਤ ਨੇ 235 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਸੀ।




# ਟਰੰਪ ਵੱਲੋਂ ਨਿਊਜ਼ ਚੈਨਲ 'ਤੇ ਮਾਣਹਾਨੀ ਦਾ ਕੇਸ



■ 1.5 ਕਰੋੜ ਡਾਲਰ ਦਾ ਭੁਗਤਾਨ ਕਰੇਗਾ ਚੈਨਲ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਖ਼ਿਲਾਫ਼ ਇਕ ਐਂਕਰ ਵੱਲੋਂ ਕੀਤੀ ਟਿੱਪਣੀ ਉਸ ਦੇ ਪੂਰੇ ਨਿਊਜ਼ ਚੈਨਲ ਨੂੰ ਭਾਰੀ ਪੈ ਗਈ ਹੈ। ਦੱਸਿਆ ਗਿਆ ਹੈ ਕਿ ਏ.ਬੀ.ਸੀ. ਮੀਡੀਆ ਗਰੁੱਪ ਹੁਣ ਡੋਨਾਲਡ ਟਰੰਪ ਵੱਲੋਂ 1.5 ਕਰੋੜ ਡਾਲਰ (ਲਗਭਗ 127 ਕਰੋੜ ਰੁਪਏ) ਦੇ ਦਾਇਰ ਮਾਣਹਾਨੀ ਦੇ ਕੇਸ ਦਾ ਨਿਪਟਾਰਾ ਕਰਨ ਲਈ ਸਹਿਮਤ ਹੋ ਗਿਆ ਹੈ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਇਹ ਮਾਮਲਾ ਏ.ਬੀ.ਸੀ. ਨਿਊਜ਼ ਦੇ ਐਂਕਰ ਜਾਰਜ ਸਟੀਫਨੋਪੋਲੋਸ ਦੁਆਰਾ ਇੱਕ ਪ੍ਰੋਗਰਾਮ ਦੌਰਾਨ ਕੀਤੀਆਂ ਟਿੱਪਣੀਆਂ ਤੋਂ ਪੈਦਾ ਹੋਇਆ। ਜਾਰਜ ਨੇ ਮਾਰਚ 'ਚ ਅਮਰੀਕੀ ਸੰਸਦ ਮੈਂਬਰ ਨੈਨਸੀ ਮੇਸ ਨਾਲ ਇੰਟਰਵਿਊ ਦੌਰਾਨ ਕਿਹਾ ਸੀ ਕਿ ਟਰੰਪ 'ਰੇਪ ਕੇਸ' 'ਚ ਦੋਸ਼ੀ ਹਨ। ਟਰੰਪ ਇਸ ਨੂੰ ਲੈ ਕੇ ਅਦਾਲਤ ਪਹੁੰਚੇ ਸਨ।

ਏ.ਬੀ.ਸੀ. ਨਿਊਜ਼ ਕੇਸ ਦੇ ਨਿਪਟਾਰੇ ਦੀਆਂ ਸ਼ਰਤਾਂ ਅਨੁਸਾਰ ਇਹ ਟਰੰਪ ਫਾਊਂਡੇਸ਼ਨ ਅਤੇ ਮਿਊਜ਼ੀਅਮ ਫੰਡ ਨੂੰ 1.5 ਕਰੋੜ ਡਾਲਰ ਦਾਨ ਕਰੇਗਾ। ਇੰਸਟੀਚਿਊਟ ਨੇ ਕਿਹਾ ਕਿ ਉਸਦਾ ਐਂਕਰ ਸਟੀਫਨੋਪੋਲੋਸ ਮਾਮਲੇ ਵਿਚ ਜਨਤਕ ਤੌਰ 'ਤੇ ਮੁਆਫ਼ੀ ਮੰਗੇਗਾ ਅਤੇ ਆਪਣੀ ਟਿੱਪਣੀ ਲਈ ਅਫਸੋਸ ਪ੍ਰਗਟ ਕਰੇਗਾ। ਇਸ ਤੋਂ ਇਲਾਵਾ ਪ੍ਰਸਾਰਕ ਕੇਸ ਲੜਨ ਲਈ ਫੀਸ ਵਜੋਂ 10 ਲੱਖ ਡਾਲਰ (8.48 ਕਰੋੜ ਰੁਪਏ) ਦਾ ਭੁਗਤਾਨ ਕਰੇਗਾ। ਜ਼ਿਕਰਯੋਗ ਹੈ ਕਿ ਟਰੰਪ ਦੇ ਖ਼ਿਲਾਫ਼ ਛੇੜਛਾੜ ਦਾ ਮਾਮਲਾ ਚੱਲ ਰਿਹਾ ਹੈ। ਹਾਲਾਂਕਿ ਇਹ ਬਲਾਤਕਾਰ ਦੇ ਕੇਸ ਤੋਂ ਵੱਖਰਾ ਹੈ। 2023 ਵਿਚ ਇਹ ਕੇਸ ਲੇਖਕ ਈ. ਜੀਨ ਕੈਰੋਲ ਦੁਆਰਾ ਉਸਦੇ ਖ਼ਿਲਾਫ਼ ਦਾਇਰ ਕੀਤਾ ਗਿਆ ਸੀ।

ਇਸ ਵਾਰ ਰਾਸ਼ਟਰਪਤੀ ਚੋਣ 'ਚ ਜਿੱਤ ਦਰਜ ਕਰਨ ਤੋਂ ਬਾਅਦ ਡੋਨਾਲਡ ਟਰੰਪ ਨੂੰ ਕਈ ਮਾਮਲਿਆਂ ਵਿਚ ਅਦਾਲਤ ਤੋਂ ਰਾਹਤ ਮਿਲੀ ਹੈ। ਪਿਛਲੇ ਮਹੀਨੇ ਹੀ ਇੱਕ ਅਮਰੀਕੀ ਅਪੀਲ ਅਦਾਲਤ ਨੇ ਵ੍ਹਾਈਟ ਹਾਊਸ ਛੱਡਣ ਦੇ ਬਾਵਜੂਦ ਗੁਪਤ ਦਸਤਾਵੇਜ਼ਾਂ ਦੀ ਗ਼ਲਤ ਵਰਤੋਂ ਦੇ ਮਾਮਲੇ ਵਿਚ ਉਸਦੇ ਖ਼ਿਲਾਫ਼ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਸੀ। ਇੰਨਾ ਹੀ ਨਹੀਂ, ਧਾਂਦਲੀ ਦੇ ਦੋਸ਼ਾਂ ਅਤੇ 2020 ਦੇ ਚੋਣ ਨਤੀਜਿਆਂ ਨੂੰ ਬਦਲਣ ਦੀ ਕੋਸ਼ਿਸ਼ ਕਰਨ ਵਾਲੇ ਮਾਮਲੇ ਦੀ ਸੰਘੀ ਕਾਰਵਾਈ ਨੂੰ ਵੀ ਫਿਲਹਾਲ ਰੋਕ ਦਿੱਤਾ ਗਿਆ ਹੈ। ਹਾਲਾਂਕਿ ਇਸ ਨਾਲ ਜੁੜਿਆ ਇੱਕ ਕੇਸ ਅਜੇ ਵੀ ਜਾਰਜੀਆ ਰਾਜ ਦੀ ਅਦਾਲਤ ਵਿਚ ਚੱਲ ਰਿਹਾ ਹੈ। ਇਸ ਸਾਲ ਮਈ ਵਿਚ ਇੱਕ ਬਾਲਗ ਸਿਤਾਰੇ ਨੂੰ ਗੁਪਤ ਰੂਪ ਵਿਚ ਪੈਸੇ ਪ੍ਰਦਾਨ ਕਰਨ ਦੇ ਦੋਸ਼ੀ ਪਾਏ ਜਾਣ ਦੇ ਬਾਵਜੂਦ, ਜੱਜ ਨੇ ਉਸਦੀ ਸਜ਼ਾ ਨੂੰ ਅਣਮਿੱਥੇ ਸਮੇਂ ਲਈ ਰੋਕ ਦਿੱਤਾ ਹੈ।

# ਅਮਰੀਕੀ ਸੰਸਦ ਮੈਂਬਰਾਂ ਵੱਲੋਂ ਗੂਗਲ ਤੇ ਐਪਲ ਨੂੰ ਐਪ ਸਟੋਰ ਤੋਂ 'ਟਿਕਟਾਕ' ਨੂੰ ਹਟਾਉਣ ਲਈ ਲਿਖੀ ਚਿੱਠੀ

■ ਟਿਕਟਾਕ ਨੇ ਜਵਾਬ ਵਿਚ ਕਿਹਾ ਕਿ ਕਾਨੂੰਨ, ਅਦਾਲਤ ਦੇ ਆਦੇਸ਼ ਦੀ ਗੈਰਹਾਜ਼ਰੀ ਦਾ ਮਤਲਬ ਹੈ ਕਿ ਟਿਕਟਾਕ 19 ਜਨਵਰੀ ਨੂੰ ਮੋਬਾਈਲ ਐਪ ਸਟੋਰਾਂ ਤੋਂ ਗਾਇਬ ਹੋ ਜਾਵੇਗਾ

**ਵਾਸ਼ਿੰਗਟਨ, (ਪੰਜਾਬ ਮੇਲ)**- ਭਾਰਤੀ- ਅਮਰੀਕੀ ਰਾਜਾ ਕ੍ਰਿਸ਼ਨਾਮੂਰਤੀ ਸਮੇਤ 2 ਪ੍ਰਭਾਵਸ਼ਾਲੀ ਅਮਰੀਕੀ ਸੰਸਦ ਮੈਂਬਰਾਂ ਨੇ 'ਗੂਗਲ' ਅਤੇ 'ਐਪਲ' ਨੂੰ ਪੱਤਰ ਲਿਖ ਕੇ ਆਪਣੇ ਐਪ ਸਟੋਰਾਂ ਤੋਂ 'ਟਿਕਟਾਕ' ਨੂੰ ਹਟਾਉਣ ਲਈ ਕਿਹਾ ਹੈ। ਅਪ੍ਰੈਲ ਵਿਚ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਹਸਤਾਖਰ ਕੀਤੇ ਗਏ ਇੱਕ ਬਿੱਲ ਦੇ ਅਨੁਸਾਰ, 'ਟਿਕਟਾਕ' ਦੀ ਮਾਲਕ ਚੀਨ ਦੀ ਬਾਈਟਡਾਂਸ ਕੰਪਨੀ ਨੂੰ 19 ਜਨਵਰੀ ਤੱਕ ਟਿਕਟਾਕ ਤੋਂ ਵੱਖ ਹੋਣਾ ਪਵੇਗਾ, ਨਹੀਂ ਤਾਂ ਉਸਨੂੰ ਅਮਰੀਕੀ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ। ਚੀਨ ਮਾਮਲਿਆਂ 'ਤੇ ਪ੍ਰਤੀਨਿਧੀ ਸਭਾ ਦੀ ਸਥਾਈ ਕਮੇਟੀ (ਸੀ.ਸੀ.ਪੀ.) ਦੇ ਚੇਅਰਮੈਨ ਜੌਨ ਮੂਲਨਾਰ ਅਤੇ ਸੀਨੀਅਰ ਮੈਂਬਰ ਕ੍ਰਿਸ਼ਨਾਮੂਰਤੀ ਨੇ ਸ਼ੁੱਕਰਵਾਰ ਨੂੰ ਐਪਲ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਟਿਮ ਕੁੱਕ, ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਅਤੇ ਟਿਕਟਾਕ ਦੇ ਸੀ.ਈ.ਓ. ਸ਼ੋ ਜੀ ਚਿਊ ਨੂੰ ਇੱਕ ਪੱਤਰ ਲਿਖਿਆ। ਸੰਸਦ ਮੈਂਬਰਾਂ ਨੇ ਕੁੱਕ ਅਤੇ ਪਿਚਾਈ ਨੂੰ 19 ਜਨਵਰੀ ਤੱਕ ਆਪਣੇ ਪਲੇ ਸਟੋਰ ਤੋਂ ਟਿਕਟਾਕ ਨੂੰ ਹਟਾਉਣ ਲਈ ਤਿਆਰ ਰਹਿਣ ਲਈ ਕਿਹਾ। ਟਿਕਟਾਕ ਦੇ ਸੀ.ਈ.ਓ. ਨੂੰ ਲਿਖੇ ਆਪਣੇ ਪੱਤਰ ਵਿਚ ਉਨ੍ਹਾਂ ਨੇ ਚਿਊ ਨੂੰ ਤੁਰੰਤ ਇੱਕ ਵਿਨਿਵੇਸ਼ ਪ੍ਰਸਤਾਵ ਪੇਸ਼ ਕਰਨ ਲਈ ਕਿਹਾ, ਜਿਸਨੂੰ ਉਹ ਸਵੀਕਾਰ ਕਰ ਸਕਣ।

ਐਪਲ, ਐਲਫਾਬੇਟ ਅਤੇ ਟਿਕਟਾਕ ਨੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ। ਦਸੰਬਰ ਨੂੰ 16, ਬਾਈਟਡਾਂਸ ਅਤੇ ਟਿਕਟਾਕ ਨੇ ਯੂ.ਐੱਸ. ਦੁਆਰਾ ਸਮੀਖਿਆ ਬਕਾਇਆ ਕਾਨੂੰਨ ਨੂੰ ਅਸਥਾਈ ਤੌਰ 'ਤੇ ਬਲਾਕ ਕਰਨ ਲਈ ਇੱਕ ਐਮਰਜੈਂਸੀ ਬੋਲੀ ਕੀਤੀ।

ਡੀ.ਓ.ਜੀ. ਨੇ ਕਿਹਾ ਕਿ ਜੇਕਰ ਪਾਬੰਦੀ ਜਨਵਰੀ ਤੋਂ ਲਾਗੂ ਹੁੰਦੀ ਹੈ, ਤਾਂ ਇਹ ਐਪਲ ਜਾਂ ਗੂਗਲ ਉਪਭੋਗਤਾਵਾਂ ਦੁਆਰਾ "ਟਿਕਟੌਕ ਦੀ ਨਿਰੰਤਰ ਵਰਤੋਂ 'ਤੇ ਸਿੱਧੇ ਤੌਰ 'ਤੇ ਪਾਬੰਦੀ ਨਹੀਂ ਲਗਾਏਗਾ", ਜੋ ਪਹਿਲਾਂ ਹੀ ਟਿਕਟੋਕ ਨੂੰ ਡਾਊਨਲੋਡ ਕਰ ਚੁੱਕੇ ਹਨ। ਟਿਕਟਾਕ ਨੇ ਜਵਾਬ ਵਿਚ ਕਿਹਾ ਕਿ ਕਾਨੂੰਨ, ਅਦਾਲਤ ਦੇ ਆਦੇਸ਼ ਦੀ ਗੈਰਹਾਜ਼ਰੀ ਦਾ ਮਤਲਬ ਹੈ ਕਿ ਟਿਕਟਾਕ 19 ਜਨਵਰੀ ਨੂੰ ਮੋਬਾਈਲ ਐਪ ਸਟੋਰਾਂ ਤੋਂ ਗਾਇਬ ਹੋ ਜਾਵੇਗਾ। ਇਸਨੇ ਚੇਤਾਵਨੀ ਦਿੱਤੀ ਹੈ ਕਿ ਸਹਾਇਤਾ ਸੇਵਾਵਾਂ ਨੂੰ ਖਤਮ ਕਰਨਾ ਸੰਯੁਕਤ ਰਾਜ ਵਿਚ ਪਲੇਟਫਾਰਮ ਨੂੰ ਅਪਾਹਜ ਬਣਾ ਦੇਵੇਗਾ ਅਤੇ ਇਸਨੂੰ ਪੂਰੀ ਤਰ੍ਹਾਂ ਬੇਕਾਰ ਬਣਾ ਦੇਵੇਗਾ।

ਅਮਰੀਕੀ ਸੰਸਦ ਮੈਂਬਰਾਂ ਦਾ ਇਹ ਬਿਆਨ ਅਜਿਹੇ ਸਮੇਂ 'ਚ ਆਇਆ ਹੈ, ਜਦੋਂ ਇਕ ਸੰਘੀ ਅਪੀਲ ਅਦਾਲਤ ਨੇ ਕਾਂਗਰਸ ਵੱਲੋਂ ਪਾਸ ਕੀਤੇ ਗਏ ਉਸ ਕਾਨੂੰਨ 'ਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ 'ਚ ਕਿਹਾ ਗਿਆ ਹੈ ਕਿ ਟਿਕਟਾਕ ਨੂੰ ਜਨਵਰੀ ਦੇ ਅੱਧ ਤੱਕ ਅਮਰੀਕਾ 'ਚ ਮੌਜੂਦ ਆਪਣਾ ਸਾਰਾ ਕਾਰੋਬਾਰ ਕਿਸੇ ਸਥਾਨਕ ਕੰਪਨੀ ਨੂੰ ਵੇਚਣਾ ਪਵੇਗਾ ਜਾਂ ਉਸ ਨੂੰ ਪਾਬੰਦੀ ਦਾ ਸਾਹਮਣਾ ਕਰਨਾ ਪਵੇਗਾ। ਕੰਪਨੀ ਨੇ ਅਮਰੀਕੀ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ ਅਤੇ ਫੈਸਲੇ ਦੇ ਅਮਲ 'ਤੇ ਸੁਪਰੀਮ ਕੋਰਟ ਦਾ ਅੰਤਿਮ ਫੈਸਲਾ ਆਉਣ ਤੱਕ ਰੋਕਣ ਦੀ ਬੇਨਤੀ ਕੀਤੀ ਸੀ, ਜਿਸ ਨੂੰ ਸੰਘੀ ਅਪੀਲ ਅਦਾਲਤ ਨੇ ਰੱਦ ਕਰ ਦਿੱਤਾ। ਮੰਨਿਆ ਜਾ ਰਿਹਾ ਹੈ ਕਿ ਟਿਕਟਾਕ ਅਤੇ ਇਸਦੀ ਮੂਲ ਕੰਪਨੀ ਬਾਈਟਡਾਂਸ ਅਪੀਲ ਅਦਾਲਤ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਸਕਦੀ ਹੈ।

# ਟਰੰਪ ਵੱਲੋਂ ਰਿਚਰਡ ਗ੍ਰੇਨੇਲ ਵਿਸ਼ੇਸ਼ ਕਾਰਜ ਦੂਤ ਵਜੋਂ ਨਾਮਜ਼ਦ



**ਵੈਸਟ ਪਾਮ ਬੀਚ, (ਪੰਜਾਬ ਮੇਲ)**- ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲੰਬੇ ਸਮੇਂ ਤੋਂ ਵਿਦੇਸ਼ ਨੀਤੀ ਦੇ ਸਲਾਹਕਾਰ ਰਿਚਰਡ ਗਰੇਨਲ ਨੂੰ ਵਿਸ਼ੇਸ਼ ਕਾਰਜ ਦੂਤ ਵਜੋਂ ਨਾਮਜ਼ਦ ਕੀਤਾ ਹੈ। ਗ੍ਰੇਨੇਲ, ਟਰੰਪ ਦੇ ਪਿਛਲੇ ਕਾਰਜਕਾਲ ਦੌਰਾਨ, ਜਰਮਨੀ ਵਿਚ ਰਾਜਦੂਤ, ਸਰਬੀਆ ਅਤੇ ਕੋਸੋਵੋ ਸ਼ਾਂਤੀ ਵਾਰਤਾ ਲਈ ਰਾਸ਼ਟਰਪਤੀ ਦੇ ਵਿਸ਼ੇਸ਼ ਦੂਤ ਅਤੇ ਰਾਸ਼ਟਰੀ ਖੁਫੀਆ ਵਿਭਾਗ ਦੇ ਕਾਰਜਕਾਰੀ ਨਿਰਦੇਸ਼ਕ ਵਜੋਂ ਕੰਮ ਕੀਤਾ।

ਉਨ੍ਹਾਂ ਨੂੰ ਵਿਦੇਸ਼ ਮੰਤਰੀ ਦੇ ਅਹੁਦੇ ਲਈ ਵੀ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਸੀ ਪਰ ਟਰੰਪ ਨੇ ਫਲੋਰੀਡਾ ਦੇ ਸੰਸਦ ਮੈਂਬਰ ਮਾਰਕੋ ਰੂਬੀਓ ਨੂੰ ਵਿਦੇਸ਼ ਮੰਤਰੀ ਨਾਮਜ਼ਦ ਕਰ ਦਿੱਤਾ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇਕ ਪੋਸਟ 'ਚ ਕਿਹਾ, "ਰਿਚਰਡ ਵੈਨੇਜ਼ੁਏਲਾ ਅਤੇ ਉੱਤਰੀ ਕੋਰੀਆ ਸਮੇਤ ਦੁਨੀਆਂ ਭਰ ਦੀਆਂ ਕੁਝ ਪ੍ਰਮੁੱਖ ਮੁਹਿੰਮਾਂ 'ਤੇ ਕੰਮ ਕਰਨਗੇ।




# ਉਪ ਪ੍ਰਧਾਨ ਮੰਤਰੀ ਫ੍ਰੀਲੈਂਡ ਦੇ ਅਸਤੀਫ਼ੇ ਨਾਲ ਕੈਨੇਡਾ 'ਚ ਸਿਆਸੀ ਹਲਚਲ ਤੇਜ਼

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਨੇੜਲਿਆਂ 'ਚੋਂ ਇਕ ਮੰਨਿਆ ਜਾਂਦਾ ਸੀ, ਵਲੋਂ ਬੀਤੇ ਦਿਨੀਂ ਅਚਾਨਕ ਦਿੱਤਾ ਅਸਤੀਫਾ ਜਨਤਕ ਹੁੰਦੇ ਹੀ ਸਿਆਸੀ ਹਲਕਿਆਂ ਵਿਚ ਟਰੂਡੋ ਸਰਕਾਰ ਦੇ ਭਵਿੱਖ ਬਾਰੇ ਕਿਆਸ-ਅਰਾਈਆਂ ਸ਼ੁਰੂ ਹੋ ਗਈਆਂ। ਆਮ ਚੋਣਾਂ ਤੋਂ 10 ਮਹੀਨੇ ਪਹਿਲਾਂ ਪੈਦਾ ਹੋਏ ਇਸ ਸੰਕਟ ਨਾਲ ਦੇਸ਼ ਵਿਚ ਮੱਧਕਾਲੀ ਚੋਣਾਂ ਦੇ ਆਸਾਰ ਬਣਨ ਲੱਗੇ ਹਨ। ਵਿੱਤ ਮੰਤਰੀ ਦੇ ਬੀਤੇ ਦਿਨੀਂ ਹਾਊਸ



**ਜਸਟਿਨ ਟਰੂਡੋ ਤੇ ਕ੍ਰਿਸਟੀਆ ਫ੍ਰੀਲੈਂਡ ਦੀ ਪੁਰਾਣੀ ਤਸਵੀਰ**

ਆਫ ਕਾਮਨਜ਼ ਵਿਚ ਵਿੱਤੀ ਹਾਲਾਤ ਬਾਰੇ ਵਿਸਥਾਰਤ ਜਾਣਕਾਰੀ ਦੇਣ ਤੋਂ ਕੁਝ ਘੰਟੇ ਪਹਿਲਾਂ ਅਹੁਦੇ ਤੋਂ ਪਾਸੇ ਹੋਣ ਦੇ ਐਲਾਨ ਨੇ ਜਸਟਿਨ ਟਰੂਡੋ ਸਰਕਾਰ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਬੇਸ਼ੱਕ ਜਨਤਕ ਸੁਰੱਖਿਆ ਮੰਤਰੀ ਡੋਮੀਨਿਕ ਲੇਬਲੈਂਕ ਨੇ ਫ੍ਰੀਲੈਂਡ ਦੀ ਥਾਂ ਵਿੱਤ ਮੰਤਰੀ ਵਜੋਂ ਸਹੁੰ ਚੁੱਕ ਲਈ, ਪਰ ਟਰੂਡੋ ਸਰਕਾਰ ਅਤੇ ਦੇਸ਼ ਦੇ ਭਵਿੱਖ ਦੀ ਹੋ ਰਹੀ ਚਰਚਾ 'ਚ ਫਰਕ ਨਾ ਪਿਆ।

ਜਸਟਿਨ ਟਰੂਡੋ ਤੇ ਫ੍ਰੀਲੈਂਡ ਵਿਚਾਲੇ ਖਟਾਸ ਦੀਆਂ ਕਨਸੋਆਂ ਕਈ ਦਿਨਾਂ ਤੋਂ ਚੱਲ ਰਹੀਆਂ ਸਨ, ਪਰ ਅਚਾਨਕ ਅਸਤੀਫਾ ਦੇਣ ਦਾ ਕਾਰਨ ਸਰਕਾਰ ਕੋਲ ਵਿੱਤੀ ਪ੍ਰਬੰਧਾਂ ਦੀ ਘਾਟ ਮੰਨਿਆ ਜਾ ਰਿਹਾ ਹੈ। ਪੱਤਝੜ ਰੁੱਤ ਦੇ ਪਾਰਲੀਮੈਂਟ ਸੈਸ਼ਨ ਵਿਚ ਸੋਮਵਾਰ ਨੂੰ ਦਿੱਤੀ ਜਾਣ ਵਾਲੀ ਤਾਜ਼ਾ ਵਿੱਤੀ ਜਾਣਕਾਰੀ ਵਿਚ ਇਸ 250 ਵਾਲੇ ਫੰਡ (ਵਾਅਦੇ) ਦਾ ਕੋਈ ਜ਼ਿਕਰ ਨਹੀਂ ਸੀ, ਕਿਉਂਕਿ ਬਜਟ ਘਾਟਾ ਪਹਿਲਾਂ ਹੀ 62 ਬਿਲੀਅਨ 'ਤੇ ਪਹੁੰਚ ਚੁੱਕਾ ਹੈ। ਇਹ ਵੀ ਪਤਾ ਲੱਗਾ ਹੈ ਕਿ ਘੱਟਗਿਣਤੀ ਸਰਕਾਰ ਕੋਲ ਇਸ ਵਿੱਤੀ ਬਿੱਲ ਨੂੰ ਪਾਸ ਕਰਨ ਲਈ ਸੰਸਦ ਵਿਚ ਕਿਸੇ ਹੋਰ ਪਾਰਟੀ ਦਾ ਸਮਰਥਨ ਵੀ ਨਹੀਂ ਸੀ। ਕੁਝ ਮਹੀਨਿਆਂ ਤੋਂ ਸਰਕਾਰ ਨੂੰ ਉਹ ਖਰਚੇ ਵੀ ਝੱਲਣੇ ਪੈ ਰਹੇ ਹਨ, ਜਿਨ੍ਹਾਂ ਦਾ ਚਿੱਤ ਚੇਤਾ ਵੀ ਨਹੀਂ ਸੀ।

# ਬਰੈਂਪਟਨ ਮੰਦਰ ਹਿੰਸਾ ਦੇ ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ

**ਵੈਨਕੂਵਰ, (ਪੰਜਾਬ ਮੇਲ)-** ਪੀਲ ਖੇਤਰੀ ਪੁਲਿਸ ਨੇ 3 ਨਵੰਬਰ ਨੂੰ ਮੰਦਰ ਦੇ ਬਾਹਰ ਹੋਈ ਹਿੰਸਕ ਝੜਪ ਦੇ ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ ਕਰਕੇ ਆਮ ਲੋਕਾਂ ਨੂੰ ਉਨ੍ਹਾਂ ਦੀ ਪਛਾਣ ਕਰਨ ਦੀ ਅਪੀਲ ਕੀਤੀ ਹੈ। ਪੁਲਿਸ ਅਨੁਸਾਰ 3 ਨਵੰਬਰ ਨੂੰ ਗੋਰ ਰੋਡ ਵਾਲੇ ਮੰਦਰ ਅਤੇ ਉਸ ਤੋਂ ਅਗਲੇ ਦਿਨ ਮਿਸੀਸਾਗਾ ਖੇਤਰ ਵਿਚ ਹੋਈ ਹੁੱਲੜਬਾਜ਼ੀ ਦੀਆਂ ਦਰਜਨਾਂ ਵੀਡੀਓਜ਼ ਉਨ੍ਹਾਂ ਕੋਲ ਪੁੱਜੀਆਂ ਹਨ। ਇਨ੍ਹਾਂ ਵੀਡੀਓਜ਼ ਦੀ ਜਾਂਚ ਦੇ ਆਧਾਰ 'ਤੇ ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਲੋਕਾਂ ਨੂੰ ਉਨ੍ਹਾਂ ਦੀ ਪਛਾਣ ਕਰਨ ਦੀ ਅਪੀਲ ਕੀਤੀ




**ਪੀਲ ਪੁਲਿਸ ਵੱਲੋਂ ਜਾਰੀ ਕੀਤੀਆਂ ਗਈਆਂ ਮੁਲਜ਼ਮਾਂ ਦੀਆਂ ਤਸਵੀਰਾਂ।**

ਗਈ ਹੈ। ਇਨ੍ਹਾਂ ਬਾਰੇ ਜਾਣਕਾਰੀ ਦੇਣ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ ਅਤੇ ਉਨ੍ਹਾਂ ਕੋਲੋਂ ਅਜਿਹੀ ਪੁੱਛ-ਪੜਤਾਲ ਨਹੀਂ ਕੀਤੀ ਜਾਵੇਗੀ, ਜੋ ਉਨ੍ਹਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣੇ।

## ਕੈਨੇਡਾ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਈ-ਮੇਲ ਭੇਜ ਕੇ ਕੀਤਾ ਜਾ ਰਿਹੈ ਤੰਗ-ਪ੍ਰੇਸ਼ਾਨ

**ਟੋਰਾਂਟੋ, (ਪੰਜਾਬ ਮੇਲ)-** ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਲਗਾਤਾਰ ਵਿਗੜਦੇ ਜਾ ਰਹੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਭਾਰਤ ਵਿਰੁੱਧ ਕੂਟਨੀਤਕ ਲੜਾਈ ਹਾਰਨ ਤੋਂ ਬਾਅਦ ਹੁਣ ਭਾਰਤੀਆਂ ਨੂੰ ਪ੍ਰੇਸ਼ਾਨ ਕਰਨ ਲਈ ਨਵੇਂ-ਨਵੇਂ ਹੱਥਕੰਡੇ ਅਪਣਾ ਰਹੇ ਹਨ। ਇਸ ਸਿਲਸਿਲੇ ਵਿਚ ਹੁਣ ਉੱਥੇ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਈ-ਮੇਲ ਭੇਜ ਕੇ ਸਟੱਡੀ ਪਰਮਿਟ, ਵੀਜ਼ਾ ਅਤੇ ਵਿਦਿਅਕ ਰਿਕਾਰਡ, ਅਟੈਂਡੈਂਸ ਅਤੇ ਮਾਕਰਸ ਵਰਗੇ ਜ਼ਰੂਰੀ ਦਸਤਾਵੇਜ਼ ਦੁਬਾਰਾ ਜਮ੍ਹਾ ਕਰਨ ਲਈ ਕਿਹਾ ਜਾ ਰਿਹਾ ਹੈ, ਜਿਸ ਨਾਲ ਉਨ੍ਹਾਂ ਵਿਚ ਦਹਿਸ਼ਤ ਫੈਲ ਗਈ ਹੈ।

# ਨਿਊਯਾਰਕ ਮੇਅਰ ਵੱਲੋਂ ਅਪਰਾਧਕ ਪਿਛੋਕੜ ਵਾਲੇ ਲੋਕਾਂ ਨੂੰ ਡਿਪੋਰਟ ਕੀਤੇ ਜਾਣ ਦੇ ਟਰੰਪ ਦੇ ਫੈਸਲੇ ਦਾ ਸਮਰਥਨ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਨਿਊਯਾਰਕ ਰਾਜ ਦੇ ਮੇਅਰ ਨੇ ਟਰੰਪ ਦੇ ਸਮਰਥਨ 'ਚ ਕਿਹਾ ਕਿ ਅਪਰਾਧਕ ਪਿਛੋਕੜ ਵਾਲੇ ਲੋਕਾਂ ਨੂੰ ਡਿਪੋਰਟ ਕੀਤਾ ਜਾਣਾ ਚਾਹੀਦਾ ਹੈ। ਅਮਰੀਕੀ ਅਖਬਾਰ ਨਿਊਯਾਰਕ ਪੋਸਟ ਦੀ ਰਿਪੋਰਟ ਦੇ ਮੁਤਾਬਕ ਇਸ ਸਮੇਂ ਸਿਰਫ ਨਿਊਯਾਰਕ ਸ਼ਹਿਰ 'ਚ ਹੀ ਅਜਿਹੇ ਲਗਭਗ 58 ਹਜ਼ਾਰ ਗੈਰ-ਦਸਤਾਵੇਜ਼ ਪ੍ਰਵਾਸੀ ਹਨ, ਜਿਨ੍ਹਾਂ 'ਤੇ ਅਪਰਾਧ ਦਾ ਦੋਸ਼ ਲਗਾਇਆ ਗਿਆ ਹੈ। ਐਡਮਜ਼ ਨੇ ਆਪਣਾ ਪੱਖ ਸਪੱਸ਼ਟ ਕੀਤਾ ਹੈ ਕਿ ਇਨ੍ਹਾਂ 58 ਹਜ਼ਾਰ ਲੋਕਾਂ ਨੂੰ ਦੇਸ਼ ਨਿਕਾਲਾ ਦੇਣ 'ਤੇ ਉਨ੍ਹਾਂ ਨੂੰ ਕੋਈ ਵੀ ਇਤਰਾਜ਼ ਨਹੀਂ ਹੈ। ਸਾਢੇ 6 ਲੱਖ ਤੋਂ ਵੱਧ ਗ਼ੈਰ-ਦਸਤਾਵੇਜ਼ੀ ਪ੍ਰਵਾਸੀਆਂ ਦੀ ਆਬਾਦੀ ਵਾਲੇ ਨਿਊਯਾਰਕ ਸ਼ਹਿਰ ਦੇ ਮੇਅਰ ਨੇ ਡੋਨਾਲਡ ਟਰੰਪ ਦੀ ਸਮੂਹਿਕ ਦੇਸ਼ ਨਿਕਾਲੇ ਦੀ ਨੀਤੀ ਪ੍ਰਤੀ ਸਹਿਮਤੀ ਪ੍ਰਗਟਾਈ ਹੈ। ਇਕ ਪਾਸੇ ਜਿੱਥੇ ਅਮਰੀਕਾ ਦੇ ਲਗਭਗ ਸਾਰੇ ਡੈਮੋਕਰੇਟਿਕ ਸ਼ਹਿਰ ਅਤੇ ਰਾਜ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੇ ਵਿਰੁੱਧ ਹਨ, ਉਥੇ ਹੀ ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਉਨ੍ਹਾਂ ਤੋਂ ਵੱਖਰਾ ਰੁਖ ਅਖਤਿਆਰ ਕੀਤਾ ਹੈ।



ਐਰਿਕ ਐਡਮਜ਼, ਜੋ ਭ੍ਰਿਸ਼ਟਾਚਾਰ ਦੇ ਸੰਘੀ ਦੋਸ਼ਾਂ ਦਾ ਸਾਹਮਣਾ ਵੀ ਕਰ ਰਿਹਾ ਹੈ ਅਤੇ ਕਦੇ ਵਿਵਾਦਾਂ ਦਾ ਵਿਸ਼ਾ ਵੀ ਰਿਹਾ ਸੀ, ਨੇ ਹੁਣ ਕਿਹਾ ਹੈ ਕਿ ਅਪਰਾਧ ਕਰਦੇ ਫੜੇ ਗਏ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨਾ ਸਿਰਫ ਨਿਊਯਾਰਕ, ਸਗੋਂ ਅਮਰੀਕਾ ਤੋਂ ਵੀ ਡਿਪੋਰਟ ਕਰਨਾ ਹੋਵੇਗਾ। ਐਡਮਜ਼ ਨੇ ਆਪਣੇ ਸਾਥੀ ਡੈਮੋਕ੍ਰੇਟਿਕ ਮੇਅਰਾਂ ਨੂੰ ਵੀ ਇਸ ਮੁੱਦੇ 'ਤੇ ਸਹਿਮਤ ਹੋਣ ਲਈ ਕਿਹਾ। ਐਡਮਜ਼ ਨੇ ਦਾਅਵਾ ਕੀਤਾ ਕਿ ਅਮਰੀਕੀਆਂ ਨੇ ਡੋਨਾਲਡ ਟਰੰਪ ਨੂੰ ਉਨ੍ਹਾਂ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੇ ਆਧਾਰ 'ਤੇ ਹੀ ਵੋਟਾਂ ਦਿੱਤੀਆਂ ਹਨ ਅਤੇ ਹੁਣ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਸਰਹੱਦੀ ਸੰਕਟ ਦੇ ਨਾਲ-ਨਾਲ ਪ੍ਰਵਾਸੀ ਸੰਕਟ ਨੂੰ ਹੱਲ ਕਰਨ ਲਈ ਕੰਮ ਕਰਨ। ਉਨ੍ਹਾਂ ਕਿਹਾ ਕਿ ਜਦੋਂ ਅਮਰੀਕਾ ਦੇ ਲੋਕਾਂ ਨੇ ਸਪੱਸ਼ਟ ਤੌਰ 'ਤੇ ਵੋਟਾਂ ਪਾ ਕੇ ਆਪਣਾ ਸੰਦੇਸ਼ ਸੁਣਾ ਦਿੱਤਾ ਹੈ, ਤਾਂ ਇਸ ਨੂੰ ਨਜ਼ਰਅੰਦਾਜ਼ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹਾਲਾਂਕਿ ਪ੍ਰਵਾਸੀਆਂ ਦੇ ਹੱਕਾਂ ਲਈ ਕੰਮ ਕਰਨ ਵਾਲੇ ਲੋਕ ਵੀ ਇਸ ਮਾਮਲੇ ਵਿਚ ਨਿਊਯਾਰਕ ਦੇ ਮੇਅਰ ਵੱਲੋਂ ਲਏ ਸਟੈਂਡ ਦੀ ਆਲੋਚਨਾ ਕਰ ਰਹੇ ਹਨ। ਅਮਰੀਕੀ ਮੀਡੀਆ ਵਿਚ ਇਹ ਵੀ ਚਰਚਾ ਹੈ ਕਿ ਐਡਮਜ਼ ਡੋਨਾਲਡ ਟਰੰਪ ਦਾ ਸਮਰਥਨ ਕਰਕੇ ਆਪਣੀ ਸੀਟ ਸੁਰੱਖਿਅਤ ਕਰ ਰਹੇ ਹਨ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਵਿਦਿਆਰਥਣਾਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਦਿੱਤੇ ਸਹਾਇਤਾ ਰਾਸ਼ੀ ਦੇ ਚੈੱਕ





ਡਾ. ਐੱਸ.ਪੀ. ਸਿੰਘ ਓਬਰਾਏ।

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਉਬਰਾਏ ਦੀ ਅਗਵਾਈ ਹੇਠ ਚੱਲ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅਨੇਕਾਂ ਭਲੇ ਦੇ ਕਾਰਜ ਚਲਾਏ ਜਾ ਰਹੇ ਹਨ ਤੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। ਸ੍ਰੀ ਮੁਕਤਸਰ ਸਾਹਿਬ ਵਿਖੇ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਦੋ ਵਿਦਿਆਰਥਣਾਂ ਨੂੰ ਪੜ੍ਹਾਈ ਜਾਰੀ ਰੱਖਣ ਲਈ 10-10 ਹਜ਼ਾਰ ਰੁਪਏ ਦੇ ਚੈੱਕ ਦਿੱਤੇ ਗਏ, ਤਾਂ ਜੋ ਉਹ ਆਪਣੀ ਪੜ੍ਹਾਈ ਲਗਾਤਾਰ ਜਾਰੀ ਰੱਖ ਸਕਣ। ਇਸ ਮੌਕੇ ਲੜਕੀਆਂ ਵੱਲੋਂ ਡਾ. ਉਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਉਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਪੜ੍ਹਾਈ ਕਰਨ ਦਾ ਸੁਪਨਾ ਪੂਰਾ ਕਰਨ ਦੇ ਯੋਗ ਹੋ ਗਏ ਹਾਂ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 10 ਲੋੜਵੰਦ ਲੜਕੇ ਅਤੇ ਲੜਕੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਸਹਾਇਤਾ ਰਾਸ਼ੀ ਦਿੱਤੀ ਜਾ ਚੁੱਕੀ ਹੈ। ਇਹ ਚੈੱਕ ਟਰੱਸਟ ਦੇ ਆਗੂਆਂ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਅਤੇ ਅਰਵਿੰਦਰ ਪਾਲ ਸਿੰਘ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦਿੱਤੇ। ਇਸ ਮੌਕੇ ਮਲਕੀਤ ਰਿਟਾ. ਬੈਂਕ ਮੈਨੇਜਰ ਸਿੰਘ, ਬਰਨੇਕ ਸਿੰਘ ਦਿਉਲ ਬਲਮਗੜ੍ਹ ਰਿਟਾ. ਲੈਕਚਰਾਰ, ਅੰਮ੍ਰਿਤਪਾਲ ਕੌਰ ਚੱਕ ਬੀੜ ਸਰਕਾਰ ਅਤੇ ਜਸਵਿੰਦਰ ਕੌਰ ਚੜੇਵਾਨ ਆਦਿ ਮੌਜੂਦ ਸਨ।

# ਨਿਗਮ ਚੋਣਾਂ ਤੋਂ ਪਹਿਲਾਂ ਭਾਜਪਾ ਦੀ ਵੱਡੀ ਕਾਰਵਾਈ

**■ ਭਗਤ ਚੂਨੀ ਲਾਲ ਸਮੇਤ 12 ਆਗੂਆਂ ਨੂੰ ਪਾਰਟੀ 'ਚੋਂ ਕੀਤਾ ਬਰਖਾਸਤ**

**ਜਲੰਧਰ, (ਪੰਜਾਬ ਮੇਲ)-** ਨਗਰ ਨਿਗਮ ਚੋਣਾਂ ਨੂੰ ਲੈ ਕੇ ਵੱਡੀ ਕਾਰਵਾਈ ਕਰਦਿਆਂ ਭਾਜਪਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਕੈਬਨਿਟ ਮੰਤਰੀ ਮਹਿੰਦਰ ਭਗਤ ਦੇ ਪਿਤਾ ਤੇ ਸਾਬਕਾ ਮੰਤਰੀ ਭਗਤ ਚੂੰਨੀ ਲਾਲ ਸਣੇ 12 ਆਗੂਆਂ ਨੂੰ ਬਰਖਾਸਤ ਕਰ ਦਿੱਤਾ ਹੈ। ਇਨ੍ਹਾਂ ਸਾਰਿਆਂ 'ਤੇ ਪਾਰਟੀ ਵਿਰੋਧੀ ਸਰਗਰਮੀਆਂ ਦਾ ਦੋਸ਼ ਹੈ। ਇਹ ਜਾਣਕਾਰੀ ਜਲੰਧਰ ਭਾਜਪਾ ਵੱਲੋਂ ਜਾਰੀ ਬਿਆਨ ਵਿਚ ਦਿੱਤੀ ਗਈ ਹੈ। ਜਲੰਧਰ ਪੱਛਮੀ ਹਲਕੇ 'ਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਭਾਜਪਾ ਦੇ ਆਗੂਆਂ ਨੇ ਕਾਰਵਾਈ ਲਈ ਹਾਈਕਮਾਨ ਨੂੰ ਪੱਤਰ ਲਿਖਿਆ ਸੀ, ਜਿਸ 'ਤੇ ਹੁਣ ਕਾਰਵਾਈ ਕੀਤੀ ਹੈ। ਭਾਜਪਾ ਦੇ ਸਾਬਕਾ ਮੰਤਰੀ ਭਗਤ ਚੂੰਨੀ ਲਾਲ ਖ਼ਿਲਾਫ਼ ਜ਼ਿਲ੍ਹਾ ਕਮੇਟੀ ਦੇ ਸੀਨੀਅਰ ਆਗੂਆਂ ਵੱਲੋਂ ਹਾਈਕਮਾਨ ਨੂੰ ਰਿਪੋਰਟ ਸੌਂਪੀ ਗਈ ਹੈ, ਜਿਸ 'ਚ ਮੁੱਖ ਤੌਰ 'ਤੇ 'ਆਪ' ਦੀ ਟਿਕਟ 'ਤੇ ਭਗਤ ਦੇ ਬੇਟੇ ਵੱਲੋਂ ਚੋਣ ਲੜਨ ਤੇ ਜਿੱਤ ਤੋਂ ਬਾਅਦ ਆਪਣੇ ਪਿਤਾ ਨੂੰ ਲੱਡੂ ਖੁਆਉਣ ਦਾ ਜ਼ਿਕਰ ਕੀਤਾ ਗਿਆ। ਭਾਜਪਾ ਨੇ ਭਗਤ ਚੂੰਨੀ ਲਾਲ, ਅਰਜੁਨ ਤ੍ਰੇਹਨ, ਅਨੁਪਮ ਸ਼ਰਮਾ, ਸੁਖਦੇਵ ਸੋਨੂੰ, ਹਤਿੰਦਰ ਤਲਵਾੜ, ਹਸਨ ਸੋਨੀ, ਦਿਨੇਸ਼ ਦੂਆ, ਸੁਭਾਸ਼ ਢੱਲ, ਅਜੇ ਚੋਪੜਾ, ਪ੍ਰਦੀਪ ਵਾਸੁਦੇਵ, ਗੁਰਵਿੰਦਰ ਸਿੰਘ ਲਾਂਬਾ, ਬਲਵਿੰਦਰ ਕੁਮਾਰ ਨੂੰ ਪਾਰਟੀ 'ਚੋਂ ਕੱਢ ਦਿੱਤਾ ਹੈ।

# 'ਆਪ' ਨੂੰ ਛੱਡ ਕਿਸੇ ਵੀ ਪਾਰਟੀ ਨੇ ਚੋਣ ਮੈਨੀਫੈਸਟੋ ਜਾਂ ਗਾਰੰਟੀਆਂ ਦਾ ਨਹੀਂ ਕੀਤਾ ਐਲਾਨ

**ਜਲੰਧਰ, (ਪੰਜਾਬ ਮੇਲ)-** ਪੰਜਾਬ 'ਚ 21 ਦਸੰਬਰ ਨੂੰ ਹੋਣ ਵਾਲੀਆਂ 5 ਨਗਰ ਨਿਗਮਾਂ ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਅਤੇ ਬਠਿੰਡਾ ਦੀਆਂ ਚੋਣਾਂ ਲਈ ਸੱਤਧਾਰੀ ਆਮ ਆਦਮੀ ਪਾਰਟੀ ਨੂੰ ਛੱਡ ਕੇ ਕਿਸੇ ਵੀ ਹੋਰ ਵਿਰੋਧੀ ਪਾਰਟੀ ਨੇ ਵੋਟਰਾਂ ਲਈ ਚੋਣ ਮੈਨੀਫੈਸਟੋ ਜਾਰੀ ਨਹੀਂ ਕੀਤਾ। ਆਮ ਆਦਮੀ ਪਾਰਟੀ ਵੱਲੋਂ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਹੁਣ ਤਕ 4 ਨਗਰ ਨਿਗਮਾਂ ਲਈ ਚੋਣ ਗਾਰੰਟੀਆਂ ਦਾ ਐਲਾਨ ਕੀਤਾ ਹੈ। ਆਮ ਆਦਮੀ ਪਾਰਟੀ ਨੇ ਹਰੇਕ ਨਗਰ ਨਿਗਮ ਸ਼ਹਿਰ ਲਈ 5-5 ਗਾਰੰਟੀਆਂ ਐਲਾਨੀਆਂ ਹਨ।

ਨਗਰ ਨਿਗਮ ਚੋਣਾਂ 'ਚ 'ਆਪ' ਤੋਂ ਇਲਾਵਾ ਵਿਰੋਧੀ ਪਾਰਟੀਆਂ ਕਾਂਗਰਸ, ਭਾਜਪਾ, ਅਕਾਲੀ ਦਲ ਅਤੇ ਹੋਰ ਪਾਰਟੀਆਂ ਵੀ ਚੋਣ ਮੈਦਾਨ ਵਿਚ ਉਤਰੀਆਂ ਹੋਈਆਂ ਹਨ ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਆਪਣੇ ਚੋਣ ਮੈਨੀਫੈਸਟੋ ਜਾਂ ਗਾਰੰਟੀਆਂ ਦਾ ਐਲਾਨ ਨਹੀਂ ਕੀਤਾ। ਨਗਰ ਨਿਗਮ ਚੋਣਾਂ 'ਚ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ ਕਿ ਕੋਈ ਪਾਰਟੀ ਚੋਣ ਗਾਰੰਟੀਆਂ ਦਾ ਐਲਾਨ ਕਰ ਰਹੀ ਹੈ। ਇਸ ਤੋਂ ਪਹਿਲਾਂ ਸੂਬੇ ਵਿਚ ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਰਹੀਆਂ ਹਨ ਪਰ ਉਨ੍ਹਾਂ ਵੀ ਕਦੇ ਨਗਰ ਨਿਗਮ ਸ਼ਹਿਰਾਂ ਲਈ ਆਪਣਾ ਚੋਣ ਮੈਨੀਫੈਸਟੋ ਜਾਰੀ ਨਹੀਂ ਕੀਤਾ। ਇਹ ਵਿਰੋਧੀ ਪਾਰਟੀਆਂ ਆਪਣੇ ਸੂਬਾ ਪੱਧਰੀ ਚੋਣ ਮੈਨੀਫੈਸਟੋ ਨੂੰ ਹੀ ਆਧਾਰ ਬਣਾ ਕੇ ਚੋਣ ਲੜਦੀਆਂ ਹਨ ਜਾਂ ਫਿਰ ਹੋਰ ਸਥਾਨਕ ਮੁੱਦਿਆਂ ਨਾਲ ਚੋਣ ਮੈਦਾਨ ਵਿਚ ਉਤਰਦੀਆਂ ਹਨ। ਵਿਰੋਧੀ ਪਾਰਟੀਆਂ ਦਾ ਮੰਨਣਾ ਹੈ ਕਿ ਇਹ ਚੋਣਾਂ ਸਥਾਨਕ ਪੱਧਰ ਦੀਆਂ ਹੁੰਦੀਆਂ ਹਨ, ਇਸ ਲਈ ਉਮੀਦਵਾਰਾਂ ਵਲੋਂ ਸਿੱਧੇ ਤੌਰ 'ਤੇ ਸਾਰੇ ਵੋਟਰਾਂ ਨਾਲ ਸੰਪਰਕ ਬਣਾਇਆ ਜਾਂਦਾ ਹੈ।

ਦੂਜੇ ਪਾਸੇ ਆਮ ਆਦਮੀ ਪਾਰਟੀ ਦਾ ਮੰਨਣਾ ਹੈ ਕਿ ਵੋਟਰਾਂ ਨੂੰ ਸ਼ਹਿਰਾਂ ਦੇ ਪ੍ਰਮੁੱਖ ਮਸਲਿਆਂ ਨੂੰ ਦੂਰ ਕਰਨ ਦਾ ਭਰੋਸਾ ਦੇਣਾ ਬਹੁਤ ਜ਼ਰੂਰੀ ਹੈ। ਇਸ ਲਈ ਆਮ ਆਦਮੀ ਪਾਰਟੀ ਨੇ ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਪਟਿਆਲਾ ਤੇ ਬਠਿੰਡਾ ਲਈ ਡੂੰਘਾ ਚਿੰਤਨ ਕਰਨ ਪਿੱਛੋਂ 5-5 ਪ੍ਰਮੁੱਖ ਮੁੱਦੇ ਉਠਾਏ ਹਨ, ਜੋ ਜਨਤਾ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰ ਰਹੇ ਹਨ। 'ਆਪ' ਦਾ ਮੰਨਣਾ ਹੈ ਕਿ ਉਹ ਸਥਾਨਕ ਮੁੱਦਿਆਂ ਨੂੰ ਉਠਾਉਣ ਅਤੇ ਹੱਲ ਕਰਵਾਉਣ ਦਾ ਵਾਅਦਾ ਕਰ ਰਹੀ ਹੈ। ਮੌਜੂਦਾ ਸਰਕਾਰ ਦਾ ਹੁਣ ਲਗਭਗ ਸਵਾ ਦੋ ਸਾਲ ਦਾ ਕਾਰਜਕਾਲ ਬਾਕੀ ਰਹਿੰਦਾ ਹੈ। ਇਸ ਨੂੰ ਵੇਖਦੇ ਹੋਏ ਪਾਰਟੀ ਇਹ ਵਾਅਦਾ ਕਰ ਰਹੀ ਹੈ ਕਿ ਅਗਲੇ 2 ਸਾਲਾਂ 'ਚ ਉਹ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਦੇਵੇਗੀ।



# ਦਿੱਲੀ ਦੰਗਿਆਂ ਸਬੰਧੀ ਕੇਸ 'ਚ ਸੱਜਣ ਕੁਮਾਰ ਖਿਲਾਫ਼ ਫ਼ੈਸਲਾ ਟਲਿਆ

**■ 8 ਜਨਵਰੀ ਨੂੰ ਫ਼ੈਸਲਾ ਸੰਭਵ**



ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੀ ਇੱਕ ਅਦਾਲਤ ਅਗਲੇ ਸਾਲ 8 ਜਨਵਰੀ ਨੂੰ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ ਵਿਚ ਆਪਣਾ ਫੈਸਲਾ ਸੁਣਾ ਸਕਦੀ ਹੈ। ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਦੀ ਅਦਾਲਤ ਨੇ ਇਹ ਫ਼ੈਸਲਾ ਸੋਮਵਾਰ ਸੁਣਾਉਣਾ ਸੀ, ਪਰ ਉਨ੍ਹਾਂ ਇਹ ਕਾਰਵਾਈ ਮੁਲਵਤੀ ਕਰ ਦਿੱਤੀ।

ਜੱਜ ਨੇ ਕਾਰਵਾਈ ਟਾਲਦਿਆਂ ਕਿਹਾ, "ਅਗਲੀ ਤਰੀਕ 8 ਜਨਵਰੀ ਹੈ।" ਮੁਲਜ਼ਮ ਸੱਜਣ ਕੁਮਾਰ, ਜੋ ਇਸ ਸਮੇਂ ਤਿਹਾੜ ਕੇਂਦਰੀ ਜੇਲ੍ਹ ਵਿਚ ਬੰਦ ਹੈ, ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਹੋਇਆ। ਇਹ ਮਾਮਲਾ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਇਲਾਕੇ ਵਿਚ ਦੋ ਵਿਅਕਤੀਆਂ ਦੀਆਂ ਕਥਿਤ ਹੱਤਿਆਵਾਂ ਨਾਲ ਸਬੰਧਤ ਹੈ।

ਅਦਾਲਤ ਨੇ 1 ਨਵੰਬਰ, 1984 ਨੂੰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦੀਆਂ ਹੱਤਿਆਵਾਂ ਨਾਲ ਸਬੰਧਤ ਮਾਮਲੇ ਵਿਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਸੀ। ਹਾਲਾਂਕਿ ਪੰਜਾਬੀ ਬਾਗ ਪੁਲਿਸ ਸਟੇਸ਼ਨ ਨੇ ਸ਼ੁਰੂ ਵਿਚ ਕੇਸ ਦਰਜ ਕੀਤਾ ਸੀ, ਪਰ ਬਾਅਦ ਵਿਚ ਇੱਕ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਆਪਣੇ ਹੱਥ ਵਿਚ ਲੈ ਲਈ। ਅਦਾਲਤ ਨੇ ਤਿੰਨ ਸਾਲ ਪਹਿਲਾਂ 16 ਦਸੰਬਰ, 2021 ਨੂੰ ਸੱਜਣ ਕੁਮਾਰ ਵਿਰੁੱਧ ਦੋਸ਼ ਤੈਅ ਕੀਤੇ, ਜਿਸ ਵਿਚ ਉਸ ਨੂੰ 'ਪਹਿਲੀ ਨਜ਼ਰ' ਦੋਸ਼ੀ ਪਾਇਆ ਗਿਆ ਸੀ।

ਇਸਤਗਾਸਾ ਧਿਰ ਦੇ ਅਨੁਸਾਰ ਮਾਰੂ ਹਥਿਆਰਾਂ ਨਾਲ ਲੈਸ ਇੱਕ ਵੱਡੀ ਭੀੜ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਵੱਡੇ ਪੱਧਰ 'ਤੇ ਸਿੱਖਾਂ ਦੀਆਂ ਜਾਇਦਾਦਾਂ ਦੀ ਲੁੱਟਮਾਰ, ਅਗਜ਼ਨੀ ਤੇ ਤਬਾਹੀ ਕੀਤੀ ਅਤੇ ਵੱਡੀ ਗਿਣਤੀ ਸਿੱਖਾਂ ਨੂੰ ਮਾਰ ਮੁਕਾਇਆ ਸੀ। ਇਸਤਗਾਸਾ ਪੱਖ ਨੇ ਦੋਸ਼ ਲਗਾਇਆ ਕਿ ਭੀੜ ਨੇ ਮਾਮਲੇ ਦੀ ਸ਼ਿਕਾਇਤਕਰਤਾ ਜਸਵੰਤ ਸਿੰਘ ਦੀ ਪਤਨੀ ਦੇ ਘਰ 'ਤੇ ਹਮਲਾ ਕੀਤਾ ਅਤੇ ਉਸਦੇ ਪਤੀ ਤੇ ਪੁੱਤਰ ਨੂੰ ਜਾਨੋਂ ਮਾਰ ਦਿੱਤਾ, ਘਰ ਦਾ ਸਾਮਾਨ ਲੁੱਟਿਆ ਅਤੇ ਘਰ ਨੂੰ ਅੱਗ ਲਗਾ ਦਿੱਤੀ ਸੀ।

ਮੁਲਜ਼ਮ ਖਿਲਾਫ਼ ਦੋਸ਼ ਤੈਅ ਕਰਦਿਆਂ ਅਦਾਲਤ ਨੇ ਆਪਣੇ ਹੁਕਮਾਂ ਵਿਚ ਕਿਹਾ ਸੀ, "ਪਹਿਲੀ ਨਜ਼ਰ ਵਿਚ ਇਹ ਰਾਇ ਬਣਾਉਣ ਲਈ ਕਾਫ਼ੀ ਸਮੱਗਰੀ ਮਿਲੀ ਹੈ ਕਿ ਉਹ ਨਾ ਸਿਰਫ਼ ਜੁਰਮ ਵਿਚ ਸ਼ਾਮਲ ਸੀ, ਸਗੋਂ ਭੀੜ ਦੀ ਅਗਵਾਈ ਵੀ ਕਰ ਰਿਹਾ ਸੀ"।

## ਧਾਮੀ ਦੀ ਥਾਂ ਰਘੂਜੀਤ ਵਿਰਕ ਨੂੰ ਸੌਂਪੀ ਜਾ ਸਕਦੀ ਹੈ ਐੱਸ.ਜੀ.ਪੀ.ਸੀ. ਪ੍ਰਧਾਨ ਦੀ ਜ਼ਿੰਮੇਵਾਰੀ

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਪਿਛਲੇ ਦਿਨੀਂ ਕਿਸੇ ਵਿਅਕਤੀ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਬੀਬੀ ਜਗੀਰ ਕੌਰ ਨੂੰ ਅਪਸ਼ਬਦ ਬੋਲੇ ਗਏ ਸਨ, ਜਿਸ ਸਬੰਧੀ ਕਾਰਵਾਈ ਕਰਦਿਆਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਜਲਦ ਹੀ ਬਦਲਿਆ ਜਾ ਸਕਦਾ ਹੈ।



ਉਕਤ ਮਾਮਲੇ ਸਬੰਧੀ ਪੰਜਾਬ ਮਹਿਲਾ ਕਮਿਸ਼ਨ ਨੇ ਪ੍ਰਧਾਨ ਧਾਮੀ ਨੂੰ ਨੋਟਿਸ ਜਾਰੀ ਕੀਤਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਕਾਫੀ ਸਮਾਂ ਵਿਚਾਰ ਕਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਜਲਦ ਹੀ ਬਦਲ ਕੇ ਰਘੁਜੀਤ ਸਿੰਘ ਵਿਰਕ ਨੂੰ ਨਵਾਂ ਪ੍ਰਧਾਨ ਨਿਯੁਕਤ ਕੀਤਾ ਜਾ ਸਕਦਾ ਹੈ।

# ਪੰਨੂ ਨੇ ਰੂਸ ਨੂੰ ਭਾਰਤ ਦਾ ਸਮਰਥਨ ਕਰਨ 'ਤੇ ਦਿੱਤੀ ਧਮਕੀ



ਗੁਰਦਾਸਪੁਰ, (ਪੰਜਾਬ ਮੇਲ)- ਭਾਰਤ 'ਚ ਪਾਬੰਦੀਸ਼ੁਦਾ ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਨੇ ਇਕ ਹੋਰ ਵੀਡੀਓ ਜਾਰੀ ਕੀਤੀ ਹੈ, ਜਿਸ ਵਿਚ ਇਸ ਵਾਰ ਧਮਕੀ ਦਿੱਤੀ ਗਈ ਕਿ ਜੇਕਰ ਰੂਸ ਭਾਰਤ ਦਾ ਸਮਰਥਨ ਕਰਦਾ ਹੈ, ਤਾਂ ਉਹ ਦੁਨੀਆ ਭਰ ਵਿਚ ਰੂਸੀ ਮਿਸ਼ਨਾਂ 'ਤੇ ਹਮਲਾ ਕਰਨਗੇ।

ਪੰਨੂ ਨੇ ਰੂਸੀ ਮੀਡੀਆ ਹਾਊਸ ਆਰ.ਟੀ. ਇੰਡੀਆ ਅਤੇ ਸਪੁਤਨਿਕ ਇੰਡੀਆ ਨੂੰ ਵੀ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ 'ਤੇ ਖਾਲਿਸਤਾਨ ਲਹਿਰ ਵਿਰੁੱਧ ਪ੍ਰਚਾਰ ਮੁਹਿੰਮ ਚਲਾਉਣ ਦਾ ਦੋਸ਼ ਲਗਾਇਆ। ਭਾਰਤ 'ਚ ਪਾਬੰਦੀਸ਼ੁਦਾ ਸਿੱਖਸ ਫਾਰ ਜਸਟਿਸ ਦੇ ਆਗੂ ਨੇ ਦੋਸ਼ ਲਗਾਇਆ ਕਿ ਰੂਸ ਨੇ ਭਾਰਤ ਨੂੰ ਖਾਲਿਸਤਾਨੀ ਅੱਤਵਾਦੀ ਗਤੀਵਿਧੀਆਂ ਬਾਰੇ ਖ਼ੂਫੀਆ ਜਾਣਕਾਰੀ ਮੁਹੱਈਆ ਕਰਵਾਉਣੀ ਸ਼ੁਰੂ ਕਰ ਦਿੱਤੀ ਹੈ।

ਗੁਰਪਤਵੰਤ ਸਿੰਘ ਪੰਨੂ ਨੇ ਧਮਕੀ ਦਿੱਤੀ ਕਿ ਖਾਲਿਸਤਾਨੀ ਸਿੱਖ ਉੱਤਰੀ ਅਮਰੀਕਾ, ਯੂਰਪੀਅਨ ਯੂਨੀਅਨ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਵੱਖ-ਵੱਖ ਦੇਸ਼ਾਂ ਵਿਚ ਰੂਸੀ ਡਿਪਲੋਮੈਟਾਂ ਅਤੇ ਰੂਸੀ ਮਿਸ਼ਨਾਂ 'ਤੇ ਹਮਲੇ ਕਰਨਗੇ। ਪੰਨੂ ਨੇ ਦੋਸ਼ ਲਾਇਆ ਕਿ ਅਮਰੀਕਾ 'ਚ ਭਾਰਤੀ ਰਾਜਦੂਤ ਵਿਨੈ ਮੋਹਨ ਕਵਾਤਰਾ ਨੂੰ ਉੱਤਰੀ ਅਮਰੀਕਾ 'ਚ ਰੂਸੀ ਡਿਪਲੋਮੈਟਾਂ ਅਤੇ ਕੌਂਸਲੇਟਾਂ ਨਾਲ ਤਾਲਮੇਲ ਕਰਨ ਦਾ ਕੰਮ ਸੌਂਪਿਆ ਗਿਆ ਹੈ। ਪੰਨੂ ਨੇ ਇਹ ਵੀ ਕਿਹਾ ਕਿ ਰੂਸੀ ਏਜੰਸੀਆਂ ਨੇ ਉੱਤਰੀ ਅਮਰੀਕਾ ਅਤੇ ਯੂਰਪੀਅਨ ਯੂਨੀਅਨ 'ਚ ਖਾਲਿਸਤਾਨ ਪੱਖੀ ਸਿੱਖ ਗਤੀਵਿਧੀਆਂ ਬਾਰੇ ਮੋਦੀ ਸਰਕਾਰ ਨਾਲ ਖ਼ੂਫੀਆ ਜਾਣਕਾਰੀ ਸਾਂਝੀ ਕਰਨੀ ਸ਼ੁਰੂ ਕਰ ਦਿੱਤੀ ਹੈ। ਪੰਨੂ ਨੇ ਰੂਸ ਨੂੰ ਧਮਕੀ ਦਿੱਤੀ ਕਿ ਉਹ ਖਾਲਿਸਤਾਨੀਆਂ ਵਿਰੁੱਧ ਭਾਰਤ ਨਾਲ ਸਹਿਯੋਗ ਬੰਦ ਕਰ ਦੇਵੇ ਜਾਂ ਖਾਲਿਸਤਾਨੀਆਂ ਦੇ ਹਮਲਿਆਂ ਅਤੇ ਵਿਰੋਧ ਦਾ ਸਾਹਮਣਾ ਕਰੇ।

ਪੰਨੂ ਨੇ ਕਿਹਾ ਕਿ ਰੂਸ ਨੂੰ ਪਿੱਛੇ ਹਟਣਾ ਚਾਹੀਦਾ ਹੈ ਜਾਂ ਖਾਲਿਸਤਾਨ ਪੱਖੀ ਸਿੱਖਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ, ਜੋ ਰੂਸੀ ਡਿਪਲੋਮੈਟਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਉੱਤਰੀ ਅਮਰੀਕਾ, ਯੂਰਪੀਅਨ ਯੂਨੀਅਨ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ 'ਚ ਰੂਸੀ ਕੌਂਸਲੇਟਾਂ ਦਾ ਵਿਰੋਧ ਕਰ ਰਹੇ ਹਨ।

ਪੰਨੂ ਨੇ ਰਾਜਦੂਤ ਵਿਨੈ ਮੋਹਨ ਕਵਾਤਰਾ ਨੂੰ ਵੀ ਧਮਕੀ ਦਿੰਦਿਆਂ ਕਿਹਾ ਕਿ ਉਹ ਪਹਿਲਾਂ ਹੀ ਖਾਲਿਸਤਾਨੀਆਂ ਦੇ ਰਾਡਾਰ 'ਤੇ ਸਨ। ਪੰਨੂ ਨੇ ਕਵਾਤਰਾ ਨੂੰ ਭਾਰਤ-ਰੂਸ ਅੱਤਵਾਦੀ ਗਠਜੋੜ ਦਾ ਚਿਹਰਾ ਦੱਸਿਆ ਅਤੇ ਕਿਹਾ ਕਿ ਉਹ ਪਹਿਲਾਂ ਹੀ ਖਾਲਿਸਤਾਨ ਪੱਖੀ ਸਿੱਖਾਂ ਦਾ ਨਿਸ਼ਾਨਾ ਸੀ। ਰੂਸੀ ਮੀਡੀਆ ਨੇ ਪੰਨੂ ਦੀਆਂ ਧਮਕੀਆਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਹੈ ਕਿ ਪੰਨੂ ਅਮਰੀਕੀ ਏਜੰਸੀ ਸੀ.ਆਈ.ਏ. ਦੀ ਧੁਨ 'ਤੇ ਨੱਚ ਰਿਹਾ ਹੈ ਅਤੇ ਅਸੀਂ ਉਨ੍ਹਾਂ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ।

# ਪੰਜਾਬ ਨਿਗਮ ਚੋਣਾਂ: ਮੁੱਖ ਪਾਰਟੀਆਂ ਦੇ ਆਗੂਆਂ 'ਤੇ ਕਾਰਵਾਈ ਦੀ ਤਿਆਰੀ!

ਲੁਧਿਆਣਾ, (ਪੰਜਾਬ ਮੇਲ)- ਨਗਰ ਨਿਗਮ ਚੋਣਾਂ ਦੌਰਾਨ ਟਿਕਟ ਨਾ ਮਿਲਣ ਤੋਂ ਨਾਰਾਜ਼ ਨੇਤਾਵਾਂ ਵੱਲੋਂ ਆਜ਼ਾਦ ਉਮੀਦਵਾਰ ਦੇ ਰੂਪ 'ਚ ਖੜ੍ਹੇ ਹੋਣ ਨਾਲ ਪਾਰਟੀ ਦੀ ਗੁੱਟਬਾਜ਼ੀ ਦੀ ਤਸਵੀਰ ਤਾਂ ਪਹਿਲਾਂ ਹੀ ਸਾਫ ਹੋ ਗਈ ਹੈ। ਇਸ ਤੋਂ ਇਲਾਵਾ ਕਾਂਗਰਸ ਦੇ ਨੇਤਾ ਦੂਜੀਆਂ ਪਾਰਟੀਆਂ 'ਚ ਸ਼ਾਮਲ ਹੋ ਗਏ ਹਨ, ਉਥੇ ਹੁਣ ਕੁਝ ਨੇਤਾ ਆਜ਼ਾਦ ਖੜ੍ਹੇ ਹੋਣ ਦੀ ਬਜਾਏ ਅੰਦਰਖਾਤੇ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਦੀ ਮਦਦ ਕਰ ਰਹੇ ਹਨ। ਇਸ ਤਰ੍ਹਾਂ ਦੇ ਨੇਤਾਵਾਂ 'ਤੇ ਕਾਂਗਰਸ ਹਾਈਕਮਾਨ ਦੀ ਪੈਨੀ ਨਜ਼ਰ ਹੈ ਅਤੇ ਉਨ੍ਹਾਂ ਨੂੰ ਆਉਣ ਵਾਲੇ ਦਿਨਾਂ 'ਚ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾਇਆ ਜਾ ਸਕਦਾ ਹੈ, ਜਿਸ ਨੂੰ ਲੈ ਕੇ ਉਮੀਦਵਾਰਾਂ ਤੋਂ ਰਿਪੋਰਟ ਮੰਗੀ ਗਈ ਹੈ, ਜਿਸ ਦੀ ਪੁਸ਼ਟੀ ਜ਼ਿਲ੍ਹਾ ਪ੍ਰਧਾਨ ਸੰਜੇ ਤਲਵਾੜ ਵੱਲੋਂ ਕੀਤੀ ਗਈ ਹੈ।

ਨਗਰ ਨਿਗਮ ਚੋਣ ਦੌਰਾਨ ਟਿਕਟਾਂ ਦੀ ਵੰਡ ਨੂੰ ਲੈ ਕੇ ਵਿਵਾਦ ਹੋਣ ਨਾਲ ਕੋਈ ਵੀ ਪਾਰਟੀ ਅਛੂਤੀ ਨਹੀਂ ਹੈ। ਇਸ ਵਿਚ ਆਮ ਆਦਮੀ ਪਾਰਟੀ ਛੱਡ ਕਈ ਨੇਤਾ ਦੂਜੀਆਂ ਪਾਰਟੀਆਂ 'ਚ ਸ਼ਾਮਲ ਹੋ ਗਏ ਹਨ। ਕਾਂਗਰਸ ਦੇ ਹਲਕਾ ਇੰਚਾਰਜ ਈਸ਼ਵਰਜੋਤ ਚੀਮਾ ਵੱਲੋਂ ਟਿਕਟਾਂ ਦੀ ਵੰਡ ਨੂੰ ਲੈ ਕੇ ਫੇਸਬੁਕ ਲਾਈਵ ਜ਼ਰੀਏ ਬੈਂਸ ਬ੍ਰਦਰਜ਼ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਵੜਿੰਗ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਨਾਲ ਜੁੜਿਆ ਹੋਇਆ ਮਾਮਲਾ ਭਾਜਪਾ 'ਚ ਵੀ ਸਾਹਮਣੇ ਆਇਆ ਹੈ।

ਇਸ ਦੇ ਹਲਕਾ ਪੂਰਬੀ ਤੋਂ ਵਿਧਾਨ ਸਭਾ ਚੋਣ ਲੜਨ ਵਾਲੇ ਜਗਮੋਹਨ ਸ਼ਰਮਾ ਨੇ ਲੁਧਿਆਣਾ ਤੋਂ ਲੈ ਕੇ ਪ੍ਰਦੇਸ਼ ਤੱਕ ਦੀ ਲੀਡਰਸ਼ਿਪ ਦੇ ਖਿਲਾਫ ਜੰਮ ਕੇ ਭੜਾਸ ਕੱਢੀ ਹੈ। ਉਨ੍ਹਾਂ ਦੀ ਵੀਡੀਓ ਕਾਫੀ ਵਾਇਰਲ ਹੋ ਚੁੱਕੀ ਹੈ, ਜਿਸ ਵਿਚ ਟਿਕਟਾਂ ਦੀ ਵੰਡ 'ਤੇ ਸਵਾਲ ਖੜ੍ਹੇ ਕੀਤੇ ਗਏ ਹਨ ਅਤੇ ਹਾਈਕਮਾਨ ਤੋਂ ਇਸ ਹਾਲਤ 'ਚ ਸੁਧਾਰ ਲਿਆਉਣ ਲਈ ਦਖਲ ਦੇਣ ਦੀ ਮੰਗ ਕੀਤੀ ਗਈ ਹੈ। ਭਾਵੇਂ ਇਸ ਮੁੱਦੇ 'ਤੇ ਭਾਜਪਾ ਦੇ ਨੇਤਾਵਾਂ ਵੱਲੋਂ ਹਾਲੇ ਤੱਕ ਕੋਈ ਪ੍ਰਤੀਕਿਰਿਆ ਪ੍ਰਗਟ ਨਹੀਂ ਕੀਤੀ ਗਈ ਹੈ।

## ਨਰਾਇਣ ਸਿੰਘ ਚੌੜਾ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ 'ਚ ਭੇਜਿਆ

ਅੰਮ੍ਰਿਤਸਰ, (ਪੰਜਾਬ ਮੇਲ)- ਸੁਖਬੀਰ ਸਿੰਘ ਬਾਦਲ 'ਤੇ ਜਾਨਲੇਵਾ ਹਮਲਾ ਕਰਨ ਵਾਲੇ ਨਰਾਇਣ ਸਿੰਘ ਚੌੜਾ ਨੂੰ ਰਿਮਾਂਡ ਖਤਮ ਹੋਣ ਮਗਰੋਂ ਅੰਮ੍ਰਿਤਸਰ ਮਾਨਯੋਗ ਅਦਾਲਤ 'ਚ ਪੇਸ਼ ਕੀਤਾ ਗਿਆ। ਮਾਨਯੋਗ ਅਦਾਲਤ ਨੇ ਹੁਣ ਨਰਾਇਣ ਸਿੰਘ ਚੌੜਾ ਨੂੰ 14 ਦਿਨਾਂ ਦੇ ਲਈ ਨਿਆਇਕ ਹਿਰਾਸਤ 'ਚ ਭੇਜ ਦਿੱਤਾ ਹੈ।



ਦੱਸ ਦੇਈਏ ਕਿ ਇਸ ਤੋਂ ਪਹਿਲਾਂ 5 ਦਸੰਬਰ, 8 ਦਸੰਬਰ ਅਤੇ 11 ਦਸੰਬਰ ਨੂੰ ਨਾਰਾਇਣ ਸਿੰਘ ਚੌੜਾ ਨੂੰ ਪੁਲਿਸ ਵੱਲੋਂ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ, ਜਿੱਥੇ ਅਦਾਲਤ ਵੱਲੋਂ ਨਰਾਇਣ ਸਿੰਘ ਚੌੜਾ ਨੂੰ ਤਿੰਨੋਂ ਵਾਰ ਤਿੰਨ ਦਿਨਾਂ ਪੁਲਿਸ ਰਿਮਾਂਡ 'ਤੇ ਭੇਜ ਗਿਆ ਸੀ। ਜ਼ਿਕਰਯੋਗ ਹੈ ਕਿ ਨਰਾਇਣ ਸਿੰਘ ਚੌੜਾ ਨੇ 4 ਦਸੰਬਰ ਨੂੰ ਸੁਖਬੀਰ ਸਿੰਘ ਬਾਦਲ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਕੰਪਲੈਕਸ 'ਚ ਜਾਨਲੇਵਾ ਹਮਲਾ ਕੀਤਾ ਸੀ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com




# ਦਿੱਲੀ ਵਿਧਾਨ ਸਭਾ ਚੋਣਾਂ ਲਈ ਜਲਦ ਹੋ ਸਕਦੈ ਤਰੀਕਾਂ ਦਾ ਐਲਾਨ: ਚੋਣ ਕਮਿਸ਼ਨ ਨੇ ਮੀਟਿੰਗ ਸੱਦੀ




ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤੀ ਚੋਣ ਕਮਿਸ਼ਨ ਨੇ ਅਗਲੇ ਸਾਲ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੀ ਤਿਆਰੀ ਲਈ ਇਸ ਹਫਤੇ ਮੀਟਿੰਗ ਸੱਦੀ ਹੈ। ਸੂਤਰਾਂ ਨੇ ਦੱਸਿਆ ਕਿ ਇਸ ਮੀਟਿੰਗ ਤੋਂ ਬਾਅਦ ਜਲਦੀ ਹੀ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕੀਤਾ ਜਾ ਸਕਦਾ ਹੈ। ਆਮ ਆਦਮੀ ਪਾਰਟੀ (ਆਪ) ਨੇ ਦਿੱਲੀ ਵਿਧਾਨ ਸਭਾ ਦੀਆਂ ਸਾਰੀਆਂ 70 ਸੀਟਾਂ ਲਈ ਆਪਣੇ ਉਮੀਦਵਾਰਾਂ ਦੇ ਨਾਂ ਜਾਰੀ ਕਰ ਦਿੱਤੇ ਹਨ। ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪੁਸ਼ਟੀ ਕੀਤੀ ਹੈ ਕਿ ਉਹ ਆਉਣ ਵਾਲੀਆਂ ਚੋਣਾਂ ਵਿਚ ਨਵੀਂ ਦਿੱਲੀ ਸੀਟ ਤੋਂ ਜਦਕਿ ਮੁੱਖ ਮੰਤਰੀ ਆਤਿਸ਼ੀ ਕਾਲਕਾਜੀ ਹਲਕੇ ਤੋਂ ਚੋਣ ਲੜਨਗੇ।

ਕਾਂਗਰਸ ਨੇ ਮਰਹੂਮ ਸ਼ੀਲਾ ਦੀਕਸ਼ਿਤ ਦੇ ਪੁੱਤਰ ਸੰਦੀਪ ਦੀਕਸ਼ਤ ਨੂੰ ਮੈਦਾਨ ਵਿਚ ਉਤਾਰਿਆ ਹੈ, ਜਦਕਿ ਭਾਜਪਾ ਮਰਹੂਮ ਸਾਹਿਬ ਸਿੰਘ ਵਰਮਾ ਦੇ ਪੁੱਤਰ ਪਰਵੇਸ਼ ਵਰਮਾ ਨੂੰ ਚੋਣ ਮੈਦਾਨ ਵਿਚ ਉਤਾਰ ਸਕਦੀ ਹੈ। ਭਾਜਪਾ ਆਗੂਆਂ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਸੂਚੀ ਇਸ ਮਹੀਨੇ ਦੇ ਆਖਰੀ ਹਫ਼ਤੇ ਦੇ ਆਸਪਾਸ ਐਲਾਨੀ ਜਾ ਸਕਦੀ ਹੈ। ਇਸ ਵਿਚ ਨਵੇਂ ਚਿਹਰੇ ਵੀ ਹੋਣ ਦੀ ਸੰਭਾਵਨਾ ਹੈ। ਚੋਣਾਂ ਤੋਂ ਪਹਿਲਾਂ ਭਾਜਪਾ ਨੇ ਸੱਤਾਧਾਰੀ 'ਆਪ' ਦੇ ਗੜ੍ਹ ਮੰਨੇ ਜਾਂਦੇ ਇਲਾਕਿਆਂ ਵਿਚ ਪੈਰ ਜਮਾਉਣ ਲਈ ਮੁਹਿੰਮ ਸ਼ੁਰੂ ਕੀਤੀ ਹੈ।

ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਨੇ ਕਿਹਾ ਕਿ ਪਾਰਟੀ ਨੂੰ ਉਮੀਦਵਾਰਾਂ ਲਈ ਸਾਰੇ 70 ਹਲਕਿਆਂ ਤੋਂ 2,000 ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਹਨ। 'ਆਪ' ਨੇ 2015 ਅਤੇ 2020 ਦੀਆਂ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਵਿਚ ਕ੍ਰਮਵਾਰ 67 ਅਤੇ 62 ਸੀਟਾਂ ਜਿੱਤੀਆਂ ਸਨ। ਭਾਜਪਾ 1998 ਤੋਂ ਸੱਤਾ ਤੋਂ ਬਾਹਰ ਹੈ।

# ਇਤਿਹਾਸ 'ਚ ਸਭ ਤੋਂ ਵੱਡੇ ਵਿੱਤੀ ਘਾਟੇ ਵੱਲ ਵਧ ਰਿਹੈ ਅਮਰੀਕਾ

**ਨਵੀਂ ਦਿੱਲੀ, (ਪੰਜਾਬ ਮੇਲ)-** ਦੁਨੀਆਂ ਦੇ ਸਭ ਤੋਂ ਵੱਡੇ ਅਰਥਚਾਰੇ ਵਾਲਾ ਦੇਸ਼ ਅਮਰੀਕਾ ਇਤਿਹਾਸ ਦੇ ਸਭ ਤੋਂ ਵੱਡੇ ਵਿੱਤੀ ਘਾਟੇ (ਫਿਸਕਲ ਡੈਫੀਸਿਟ) ਵੱਲ ਵਧ ਰਿਹਾ ਹੈ। ਫਿਸਕਲ ਈਯਰ ਦੇ ਪਹਿਲੇ 2 ਮਹੀਨਿਆਂ 'ਚ ਹੀ ਇਹ 624 ਅਰਬ ਡਾਲਰ ਪਹੁੰਚ ਚੁੱਕਾ ਹੈ। ਇਹ ਪਿਛਲੇ ਸਾਲ ਦੇ ਮੁਕਾਬਲੇ 64 ਫੀਸਦੀ ਵੱਧ ਹੈ ਅਤੇ 2020 'ਚ ਆਈ ਕੋਰੋਨਾ ਮਹਾਮਾਰੀ ਦੇ ਦੌਰ ਤੋਂ ਵੀ ਵੱਧ ਹੈ।

ਜੇ ਸਰਕਾਰ ਦਾ ਘਾਟਾ ਇਸੇ ਹਿਸਾਬ ਨਾਲ ਵਧਦਾ ਰਿਹਾ, ਤਾਂ ਦੇਸ਼ ਦੇ ਇਤਿਹਾਸ 'ਚ ਪਹਿਲੀ ਵਾਰ ਇਹ 3.5 ਟ੍ਰਿਲੀਅਨ ਡਾਲਰ ਪਹੁੰਚ ਸਕਦਾ ਹੈ। ਮਹਾਮਾਰੀ ਦੇ ਦੌਰ 'ਚ ਸਟੀਮਿਊਲਸ ਪੈਕੇਜ ਦੇ ਕਾਰਨ ਦੇਸ਼ ਦਾ ਵਿੱਤੀ ਘਾਟਾ 3.1 ਟ੍ਰਿਲੀਅਨ

## ■ 2 ਮਹੀਨਿਆਂ 'ਚ 624 ਅਰਬ ਡਾਲਰ ਦਾ ਘਾਟਾ



ਡਾਲਰ ਰਿਹਾ ਸੀ। ਪਿਛਲੇ ਸਾਲ ਇਹ 1.8 ਟ੍ਰਿਲੀਅਨ ਡਾਲਰ ਰਿਹਾ ਸੀ।

ਅਮਰੀਕਾ 'ਚ ਫੈਡਰਲ ਸਰਕਾਰ ਨੇ ਨਵੰਬਰ 'ਚ 669 ਅਰਬ ਡਾਲਰ ਖਰਚ ਕੀਤੇ। ਸਰਕਾਰ ਦਾ ਖਰਚਾ ਤਾਂ ਵਧ ਰਿਹਾ ਹੈ ਪਰ ਉਸ ਦਾ ਟੈਕਸ ਰੈਵੇਨਿਊ ਕੁਲੈਕਸ਼ਨ ਲਗਾਤਾਰ ਘੱਟ ਹੋ ਰਿਹਾ ਹੈ। ਨਵੰਬਰ 'ਚ ਇਹ 380 ਅਰਬ ਡਾਲਰ ਰਹਿ ਗਿਆ। ਇਹ ਲਗਾਤਾਰ 17ਵਾਂ ਮਹੀਨਾ ਹੈ, ਜਦ ਸਰਕਾਰ ਦਾ ਖਰਚਾ ਉਸ ਦੀ ਕਮਾਈ ਭਾਵ ਰੈਵੇਨਿਊ ਤੋਂ ਵੱਧ ਰਿਹਾ।

ਇਸ ਦੌਰਾਨ ਅਮਰੀਕਾ ਦਾ ਕਰਜ਼ਾ 27 ਟ੍ਰਿਲੀਅਨ ਡਾਲਰ ਤੋਂ ਵਧ ਕੇ 36.2 ਟ੍ਰਿਲੀਅਨ ਡਾਲਰ 'ਤੇ ਪਹੁੰਚ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਅਗਲੇ ਦਹਾਕੇ ਦੌਰਾਨ ਸਰਕਾਰ ਦੇ ਕੁੱਲ ਟੈਕਸ ਰੈਵੇਨਿਊ ਕੁਲੈਕਸ਼ਨ ਦਾ ਲਗਭਗ 25 ਫੀਸਦੀ ਕਰਜ਼ੇ ਦੇ ਵਿਆਜ ਦਾ ਭੁਗਤਾਨ ਕਰਨ 'ਚ ਜਾ ਸਕਦਾ ਹੈ।

ਅਮਰੀਕੀ ਸਰਕਾਰ 'ਤੇ 26.4 ਟ੍ਰਿਲੀਅਨ ਡਾਲਰ ਦਾ ਘਰੇਲੂ ਅਤੇ 7.9 ਟ੍ਰਿਲੀਅਨ ਡਾਲਰ ਦਾ ਬਾਹਰੀ ਕਰਜ਼ਾ ਹੈ। ਸਰਕਾਰ 'ਤੇ ਫੈਡਰਲ ਰਿਜ਼ਰਵ ਦਾ 5.2 ਟ੍ਰਿਲੀਅਨ ਡਾਲਰ, ਮਿਊਚੁਅਲ ਫੰਡ ਦਾ 3.7 ਟ੍ਰਿਲੀਅਨ ਡਾਲਰ, ਡਿਪਾਜ਼ਟਰੀ ਇੰਸਟੀਚਿਊਸ਼ਨਜ਼ ਦਾ 1.6 ਟ੍ਰਿਲੀਅਨ ਡਾਲਰ, ਸਟੇਟ ਐਂਡ ਲੋਕਲ ਗਵਰਨਮੈਂਟਸ ਦਾ 1.7 ਟ੍ਰਿਲੀਅਨ ਡਾਲਰ, ਯੂ.ਐੱਸ. ਹੋਲਡਰਜ਼ ਸੇਵਿੰਗਜ਼ ਬਾਂਡਸ ਦਾ 5.7 ਟ੍ਰਿਲੀਅਨ ਡਾਲਰ, ਪੈਂਸ਼ਨ ਫੰਡਸ ਦਾ 1 ਟ੍ਰਿਲੀਅਨ ਡਾਲਰ, 7 ਟ੍ਰਿਲੀਅਨ ਡਾਲਰ ਦਾ ਇੰਟਰਾਗਵਰਨਮੈਂਟਲ ਡੈੱਟ ਅਤੇ 480 ਅਰਬ ਡਾਲਰ ਇੰਸ਼ੋਰੈਂਸ ਕੰਪਨੀਆਂ ਦਾ ਕਰਜ਼ਾ ਹੈ। ਵਿਦੇਸ਼ੀ ਕਰਜ਼ੇ ਦੀ ਗੱਲ ਕਰੀਏ, ਤਾਂ ਜਾਪਾਨ ਦਾ ਸਭ ਤੋਂ ਵੱਧ 1.1 ਟ੍ਰਿਲੀਅਨ ਡਾਲਰ, ਚੀਨ ਦਾ 820 ਅਰਬ ਡਾਲਰ, ਬ੍ਰਿਟੇਨ ਦਾ 680 ਅਰਬ ਡਾਲਰ ਅਤੇ ਦੂਜੇ ਦੇਸ਼ਾਂ ਦਾ 5.3 ਟ੍ਰਿਲੀਅਨ ਡਾਲਰ ਦਾ ਕਰਜ਼ਾ ਹੈ।

# ਮਸ਼ਹੂਰ ਤਬਲਾ ਵਾਦਕ ਜ਼ਾਕਿਰ ਹੁਸੈਨ ਦਾ ਅਮਰੀਕਾ ਦੇ ਹਸਪਤਾਲ 'ਚ ਦੇਹਾਂਤ

**ਨਵੀਂ ਦਿੱਲੀ, (ਪੰਜਾਬ ਮੇਲ)-** ਮਸ਼ਹੂਰ ਤਬਲਾ ਵਾਦਕ ਜ਼ਾਕਿਰ ਹੁਸੈਨ ਦਾ ਅਮਰੀਕਾ ਦੇ ਸਾਨ ਫਰਾਂਸਿਸਕੋ ਦੇ ਇੱਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਇਸ ਬਾਰੇ ਪਰਿਵਾਰ ਨੇ ਸੋਮਵਾਰ ਨੂੰ ਜਾਣਕਾਰੀ ਦਿੱਤੀ। ਉਹ 73 ਸਾਲ ਦੇ ਸਨ। ਹੁਸੈਨ ਦੀ ਮੌਤ ਇਡੀਓਪੈਥਿਕ ਪਲਮਨਰੀ ਫਾਈਬਰੋਸਿਸ ਕਾਰਨ ਹੋਈ। ਉਹ ਪਿਛਲੇ ਦੋ ਹਫ਼ਤਿਆਂ ਤੋਂ ਹਸਪਤਾਲ ਵਿਚ ਸਨ ਅਤੇ ਉਸਦੀ ਹਾਲਤ ਵਿਗੜਨ ਤੋਂ ਬਾਅਦ ਉਸਨੂੰ ਇੰਟੈਂਸਿਵ ਕੇਅਰ ਯੂਨਿਟ (ਆਈ.ਸੀ.ਯੂ.) ਵਿਚ ਸ਼ਿਫਟ ਕੀਤਾ ਗਿਆ ਸੀ। ਪਰਿਵਾਰ ਨੇ ਦੱਸਿਆ ਕਿ ਵੈਂਟੀਲੇਸ਼ਨ ਮਸ਼ੀਨ ਦੇ ਬੰਦ ਹੋਣ ਤੋਂ ਬਾਅਦ ਉਹ ਬਹੁਤ ਸ਼ਾਂਤੀ ਨਾਲ ਚਲਾ ਗਿਆ। ਇਹ ਸਾਨ ਫਰਾਂਸਿਸਕੋ ਦਾ ਸਮਾਂ ਸ਼ਾਮ 4 ਵਜੇ ਦਾ ਸੀ। ਆਪਣੀ ਪੀੜ੍ਹੀ ਦੇ ਸਭ ਤੋਂ ਮਹਾਨ ਤਬਲਾ ਵਾਦਕ ਵਜੋਂ ਜਾਣੇ ਜਾਂਦੇ ਹੁਸੈਨ ਦੇ ਪਿੱਛੇ ਉਸਦੀ ਪਤਨੀ ਐਂਟੋਨੀਆ ਮਿਨੇਕੋਲਾ ਅਤੇ ਉਨ੍ਹਾਂ ਦੀਆਂ ਧੀਆਂ, ਅਨੀਸਾ ਕੁਰੈਸ਼ੀ ਅਤੇ ਇਜ਼ਾਬੇਲਾ ਕੁਰੈਸ਼ੀ ਹਨ।



9 ਮਾਰਚ 1951 ਨੂੰ ਜਨਮੇ ਉਹ ਪ੍ਰਸਿੱਧ ਤਬਲਾ ਮਾਸਟਰ ਉਸਤਾਦ ਅੱਲਾ ਰਾਖਾ ਦੇ ਪੁੱਤਰ ਸਨ। ਪਰਿਵਾਰ ਨੇ ਆਪਣੇ ਬਿਆਨ ਵਿਚ ਕਿਹਾ ਜ਼ਾਕਿਰ ਦੁਨੀਆਂ ਭਰ ਦੇ ਅਣਗਿਣਤ ਸੰਗੀਤ ਪ੍ਰੇਮੀਆਂ ਦੁਆਰਾ ਪਾਲੀ ਗਈ ਇੱਕ ਅਸਾਧਾਰਣ ਵਿਰਾਸਤ ਛੱਡ ਗਿਆ ਹੈ, ਜਿਸਦਾ ਪ੍ਰਭਾਵ ਆਉਣ ਵਾਲੀਆਂ ਪੀੜ੍ਹੀਆਂ ਲਈ ਗੂੰਜਦਾ ਰਹੇਗਾ। 6 ਦਹਾਕਿਆਂ ਦੇ ਕੈਰੀਅਰ ਵਿਚ ਹੁਸੈਨ ਨੇ ਕਈ ਮਸ਼ਹੂਰ ਕੌਮਾਂਤਰੀ ਅਤੇ ਭਾਰਤੀ ਕਲਾਕਾਰਾਂ ਨਾਲ ਕੰਮ ਕੀਤਾ।

# 18 ਹਜ਼ਾਰ ਭਾਰਤੀ ਗੈਰ-ਕਾਨੂੰਨੀ ਕਾਗਜ਼ੀ ਕਾਰਵਾਈ ਦੀ ਲੰਬੀ ਪ੍ਰਕਿਰਿਆ 'ਚ ਫਸੇ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ 20 ਜਨਵਰੀ 2025 ਨੂੰ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕੀ ਇਤਿਹਾਸ 'ਚ ਸਭ ਤੋਂ ਵੱਡੇ ਦੇਸ਼ ਨਿਕਾਲੇ ਦਾ ਫ਼ੈਸਲਾ ਕੀਤਾ ਹੈ। ਜਾਣਕਾਰੀ ਅਨੁਸਾਰ ਇਸ ਦੀ ਤਿਆਰੀ ਵਜੋਂ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੇ ਦੇਸ਼ ਨਿਕਾਲੇ ਲਈ ਕਰੀਬ 15 ਲੱਖ ਵਿਅਕਤੀਆਂ ਦੀ ਸੂਚੀ ਤਿਆਰ ਕੀਤੀ ਹੈ। ਇਨ੍ਹਾਂ ਵਿਚੋਂ 18 ਹਜ਼ਾਰ ਭਾਰਤੀ ਨਾਗਰਿਕ ਅਮਰੀਕੀ ਸਰਕਾਰ ਵੱਲੋਂ ਤਿਆਰ ਕੀਤੀ ਸੂਚੀ ਵਿਚ ਸ਼ਾਮਲ ਹਨ।

ਦੱਸਣਯੋਗ ਹੈ ਕਿ ਚੋਣਾਂ ਦੌਰਾਨ ਸਖਤ ਇਮੀਗ੍ਰੇਸ਼ਨ ਨੀਤੀਆਂ ਦਾ ਐਲਾਨ ਕਰਨ ਵਾਲੇ ਡੋਨਾਲਡ ਟਰੰਪ 20 ਜਨਵਰੀ ਨੂੰ ਸਹੁੰ ਚੁੱਕਣ ਤੋਂ ਬਾਅਦ ਸਭ ਤੋਂ ਪਹਿਲਾਂ ਗੈਰ-ਕਾਨੂੰਨੀ ਪ੍ਰਵਾਸ 'ਤੇ ਕੰਮ ਕਰਨਗੇ। ਇਸ ਦੀ ਤਿਆਰੀ ਵਜੋਂ ਯੂ.ਐੱਸ. ਇਮੀਗ੍ਰੇਸ਼ਨ-ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੇ ਦੇਸ਼ ਨਿਕਾਲੇ ਲਈ ਲਗਭਗ 15 ਲੱਖ ਲੋਕਾਂ ਦੀ ਸੂਚੀ ਤਿਆਰ ਕੀਤੀ ਹੈ। ਇਨ੍ਹਾਂ ਵਿਚੋਂ ਕਰੀਬ 18 ਹਜ਼ਾਰ ਭਾਰਤੀਆਂ ਨੂੰ ਭਾਰਤ ਡਿਪੋਰਟ ਕੀਤੇ ਜਾਣ ਦਾ ਖ਼ਤਰਾ ਹੈ। ਹੁਣ ਸਵਾਲ ਇਹ ਹੈ ਕਿ ਇਨ੍ਹਾਂ ਸਾਰੇ ਭਾਰਤੀਆਂ ਦੇ ਭਾਰਤ ਵਾਪਸ ਆਉਣ ਦਾ ਖਰਚਾ ਕੌਣ ਅਦਾ ਕਰੇਗਾ।

ਜਾਣਕਾਰੀ ਮੁਤਾਬਕ ਅਮਰੀਕੀ ਸਰਕਾਰ ਆਪਣੇ ਖਰਚੇ 'ਤੇ 18 ਹਜ਼ਾਰ ਭਾਰਤੀਆਂ ਨੂੰ ਵਾਪਸ ਭੇਜੇਗੀ। ਨਿਯਮ ਮੁਤਾਬਕ ਜੇਕਰ ਕਿਸੇ ਨਾਗਰਿਕ ਨੂੰ ਕਿਸੇ ਵੀ ਦੇਸ਼ ਤੋਂ ਕੱਢ ਦਿੱਤਾ ਜਾਂਦਾ ਹੈ, ਤਾਂ ਉਸ ਦੇਸ਼ ਦੀ ਸਰਕਾਰ ਉਸ ਨੂੰ ਵਾਪਸ ਭੇਜਣ ਦਾ ਖਰਚਾ ਚੁੱਕਦੀ ਹੈ। ਇੰਨਾ ਹੀ ਨਹੀਂ, ਕਿਸੇ ਹੋਰ ਦੇਸ਼ ਨੂੰ ਭੇਜਣ ਤੱਕ ਖਾਣ-ਪੀਣ ਅਤੇ ਹੋਰ ਸਹੂਲਤਾਂ ਦਾ ਖਰਚਾ ਵੀ ਦੇਸ਼ ਖੁਦ ਚੁੱਕਦਾ ਹੈ। ਮਤਲਬ ਕਿ 18 ਹਜ਼ਾਰ ਭਾਰਤੀਆਂ ਨੂੰ ਵਾਪਸ ਭੇਜਣ ਦਾ ਖਰਚਾ ਅਮਰੀਕੀ ਸਰਕਾਰ ਚੁੱਕੇਗੀ।

ਤੁਹਾਨੂੰ ਦੱਸ ਦੇਈਏ ਕਿ ਦੇਸ਼ ਨਿਕਾਲੇ ਦਾ ਖਰਚਾ ਉਸ ਦੇਸ਼ ਦੁਆਰਾ ਚੁੱਕਿਆ ਜਾਂਦਾ ਹੈ, ਜਿੱਥੋਂ ਵਿਅਕਤੀ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਜੇਕਰ ਭਾਰਤ ਤੋਂ ਕਿਸੇ ਵਿਅਕਤੀ ਨੂੰ ਪਾਕਿਸਤਾਨ ਡਿਪੋਰਟ ਕੀਤਾ ਜਾਂਦਾ ਹੈ, ਤਾਂ ਭਾਰਤ ਨੂੰ ਆਮ ਤੌਰ 'ਤੇ ਖਰਚਾ ਚੁੱਕਣਾ ਚਾਹੀਦਾ ਹੈ। ਕਿਸੇ ਦੇਸ਼ ਵਿਚ ਰਹਿਣ ਵਾਲੇ ਵਿਅਕਤੀ ਲਈ ਉਸ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਜੇਕਰ ਕੋਈ ਵਿਅਕਤੀ ਕਾਨੂੰਨ ਦੀ ਉਲੰਘਣਾ ਕਰਦਾ ਹੈ, ਤਾਂ ਉਸ ਨੂੰ ਦੇਸ਼ ਛੱਡਣ ਲਈ ਕਿਹਾ ਜਾ ਸਕਦਾ ਹੈ ਅਤੇ ਇਸ ਪ੍ਰਕਿਰਿਆ ਦੀ ਕੀਮਤ ਉਸ ਦੇਸ਼ ਨੂੰ ਝੱਲਣੀ ਚਾਹੀਦੀ ਹੈ।

ਅਮਰੀਕੀ ਸਰਕਾਰ ਨੇ ਭਾਰਤ 'ਤੇ ਲਾਪ੍ਰਵਾਹੀ ਦਾ ਦੋਸ਼ ਲਗਾਇਆ ਹੈ। ਆਈ.ਸੀ.ਈ. ਨੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਵਿਚ ਸਹਾਇਤਾ ਨਾ ਕਰਨ ਵਾਲੇ 15 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਨੂੰ 'ਨਾਨ-ਸਹਿਯੋਗੀ' ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਭਾਰਤ ਦਾ ਨਾਂ ਵੀ ਹੈ। ਅੰਕੜਿਆਂ ਮੁਤਾਬਕ ਅਮਰੀਕਾ 'ਚ ਰਹਿ ਰਹੇ ਕਰੀਬ 18 ਹਜ਼ਾਰ ਭਾਰਤੀ ਗੈਰ-ਕਾਨੂੰਨੀ ਕਾਗਜ਼ੀ ਕਾਰਵਾਈ ਦੀ ਲੰਬੀ ਪ੍ਰਕਿਰਿਆ 'ਚ ਫਸੇ ਹੋਏ ਹਨ। ਇਸ ਵਿਚ 3 ਸਾਲ ਲੱਗ ਸਕਦੇ ਹਨ।

## ਅਮਰੀਕੀ ਸੰਸਦ ਮੈਂਬਰਾਂ ਵੱਲੋਂ ਗੂਗਲ ਤੇ ਐਪਲ ਨੂੰ ਐਪ ਸਟੋਰ ਤੋਂ 'ਟਿਕਟਾਕ' ਨੂੰ ਹਟਾਉਣ ਲਈ ਲਿਖੀ ਚਿੱਠੀ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ-ਅਮਰੀਕੀ ਰਾਜਾ ਕ੍ਰਿਸ਼ਨਾਮੂਰਤੀ ਸਮੇਤ 2 ਪ੍ਰਭਾਵਸ਼ਾਲੀ ਅਮਰੀਕੀ ਸੰਸਦ ਮੈਂਬਰਾਂ ਨੇ 'ਗੂਗਲ' ਅਤੇ 'ਐਪਲ' ਨੂੰ ਪੱਤਰ ਲਿਖ ਕੇ ਆਪਣੇ ਐਪ ਸਟੋਰਾਂ ਤੋਂ 'ਟਿਕਟਾਕ' ਨੂੰ ਹਟਾਉਣ ਲਈ ਕਿਹਾ ਹੈ। ਅਪ੍ਰੈਲ ਵਿਚ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਹਸਤਾਖਰ ਕੀਤੇ ਗਏ ਇੱਕ ਬਿੱਲ ਦੇ ਅਨੁਸਾਰ, 'ਟਿਕਟਾਕ' ਦੀ ਮਾਲਕ ਚੀਨ ਦੀ ਬਾਈਟਡਾਂਸ ਕੰਪਨੀ ਨੂੰ 19 ਜਨਵਰੀ ਤੱਕ ਟਿਕਟਾਕ ਤੋਂ ਵੱਖ ਹੋਣਾ ਪਵੇਗਾ, ਨਹੀਂ ਤਾਂ ਉਸਨੂੰ ਅਮਰੀਕੀ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ। ਚੀਨ ਮਾਮਲਿਆਂ 'ਤੇ ਪ੍ਰਤੀਨਿਧੀ ਸਭਾ ਦੀ ਸਥਾਈ ਕਮੇਟੀ (ਸੀ.ਸੀ.ਪੀ.) ਦੇ ਚੇਅਰਮੈਨ ਜੌਨ ਮੂਲਨਾਰ ਅਤੇ ਸੀਨੀਅਰ ਮੈਂਬਰ ਕ੍ਰਿਸ਼ਨਾਮੂਰਤੀ ਨੇ ਸ਼ੁੱਕਰਵਾਰ ਨੂੰ ਐਪਲ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਟਿਮ ਕੁੱਕ, ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਅਤੇ ਟਿਕਟਾਕ ਦੇ ਸੀ.ਈ.ਓ. ਸ਼ੋ ਜੀ ਚਿਊ ਨੂੰ ਇੱਕ ਪੱਤਰ ਲਿਖਿਆ। ਸੰਸਦ ਮੈਂਬਰਾਂ ਨੇ ਕੁੱਕ ਅਤੇ ਪਿਚਾਈ ਨੂੰ 19 ਜਨਵਰੀ ਤੱਕ ਆਪਣੇ ਪਲੇ ਸਟੋਰ ਤੋਂ ਟਿਕਟਾਕ ਨੂੰ ਹਟਾਉਣ ਲਈ ਤਿਆਰ ਰਹਿਣ ਲਈ ਕਿਹਾ। ਟਿਕਟਾਕ ਦੇ ਸੀ.ਈ.ਓ. ਨੂੰ ਲਿਖੇ ਆਪਣੇ ਪੱਤਰ ਵਿਚ ਉਨ੍ਹਾਂ ਨੇ ਚਿਊ ਨੂੰ ਤੁਰੰਤ ਇੱਕ ਵਿਨਿਵੇਸ਼ ਪ੍ਰਸਤਾਵ ਪੇਸ਼ ਕਰਨ ਲਈ ਕਿਹਾ, ਜਿਸਨੂੰ ਉਹ ਸਵੀਕਾਰ ਕਰ ਸਕਣ।

# ਅਮਰੀਕਾ 'ਚ ਭਾਰਤੀ ਵਿਦਿਆਰਥਣ ਦੀ ਸੜਕ ਹਾਦਸੇ 'ਚ ਮੌਤ; ਦੋ ਗੰਭੀਰ ਜ਼ਖਮੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਵਾਪਰੇ ਸੜਕ ਹਾਦਸੇ ਵਿਚ ਇੱਕ ਭਾਰਤੀ ਵਿਦਿਆਰਥਣ ਦੀ ਮੌਤ ਹੋ ਗਈ ਹੈ। ਇਸ ਹਾਦਸੇ 'ਚ ਦੋ ਹੋਰ ਭਾਰਤੀ ਵਿਦਿਆਰਥੀ ਵੀ ਜ਼ਖਮੀ ਹੋ ਗਏ, ਜਿਨ੍ਹਾਂ 'ਚੋਂ ਇਕ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਹ ਘਟਨਾ ਸ਼ੁੱਕਰਵਾਰ ਅੱਧੀ ਰਾਤ ਨੂੰ ਵਾਪਰੀ, ਜਦੋਂ ਅਮਰੀਕਾ ਦੇ ਟੈਨੇਸੀ ਸੂਬੇ ਦੇ ਮੈਮਫਿਸ ਇਲਾਕੇ 'ਚ ਇਕ ਵਾਹਨ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਟੱਕਰ ਕਾਰਨ ਕਾਰ ਵਿਚ ਸਵਾਰ ਭਾਰਤੀ ਵਿਦਿਆਰਥਣ ਦੀ ਮੌਤ ਹੋ ਗਈ।

ਮ੍ਰਿਤਕਾ ਦੀ ਪਛਾਣ ਨਾਗਾ ਸ੍ਰੀ ਵੰਦਨਾ ਪਰਿਮਾਲਾ (26) ਵਜੋਂ ਹੋਈ ਹੈ, ਜੋ ਆਂਧਰਾ ਪ੍ਰਦੇਸ਼ ਦੇ ਗੁੰਟੂਰ ਜ਼ਿਲ੍ਹੇ ਦੀ ਰਹਿਣ ਵਾਲੀ ਸੀ। ਇੱਕ ਕਾਰੋਬਾਰੀ ਦੀ ਬੇਟੀ ਵੰਦਨਾ ਸਾਲ 2022 ਵਿਚ ਉੱਚ ਸਿੱਖਿਆ ਹਾਸਲ ਕਰਨ ਲਈ ਅਮਰੀਕਾ ਗਈ ਸੀ। ਵੰਦਨਾ ਅਮਰੀਕਾ ਦੀ ਮੈਮਫ਼ਿਸ ਯੂਨੀਵਰਸਿਟੀ ਤੋਂ ਮਾਸਟਰ ਆਫ਼ ਸਾਇੰਸ ਦੀ ਪੜ੍ਹਾਈ ਕਰ ਰਹੀ ਸੀ। ਜਿਸ ਹਾਦਸੇ ਵਿਚ ਵੰਦਨਾ ਦੀ ਜਾਨ ਚਲੀ ਗਈ, ਉਥੇ ਹੀ ਦੋ ਹੋਰ ਵਿਦਿਆਰਥੀ ਪਵਨ ਅਤੇ ਨਿਕਿਤ ਵੀ ਜ਼ਖਮੀ ਹੋ ਗਏ। ਦੋਵਾਂ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਜਾਂਚ 'ਚ ਸਾਹਮਣੇ ਆਇਆ ਕਿ ਇਕ ਵਾਹਨ ਕੰਟਰੋਲ ਗੁਆ ਬੈਠਾ ਅਤੇ ਕਾਰ ਨਾਲ ਟਕਰਾ ਗਿਆ, ਜਿਸ ਕਾਰਨ ਵੰਦਨਾ ਦੀ ਮੌਤ ਹੋ ਗਈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**







# ਏਅਰ ਇੰਡੀਆ ਐਕਸਪ੍ਰੈਸ ਅੰਮ੍ਰਿਤਸਰ ਤੋਂ ਸ਼ੁਰੂ ਕਰੇਗੀ ਨਵੀਆਂ ਉਡਾਣਾਂ

- ਪੰਜਾਬ ਦੇ ਹਵਾਈ ਸੰਪਰਕ ਨੂੰ ਮਿਲਿਆ ਨਵੇਂ ਸਾਲ ਦਾ ਤੋਹਫ਼ਾ
- ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵੱਲੋਂ ਨਵੀਆਂ ਉਡਾਣਾਂ ਦੇ ਐਲਾਨ ਦਾ ਸਵਾਗਤ

ਅੰਮ੍ਰਿਤਸਰ, (ਪੰਜਾਬ ਮੇਲ)- ਪੰਜਾਬ ਦੇ ਹਵਾਈ ਸੰਪਰਕ ਨੂੰ ਸਾਲ 2025 ਦੀ ਆਮਦ ’ਤੇ ਇੱਕ ਵੱਡਾ ਹੁਲਾਰਾ ਮਿਲਣ ਜਾ ਰਿਹਾ ਹੈ। ਏਅਰ ਇੰਡੀਆ ਐਕਸਪ੍ਰੈੱਸ 27 ਦਸੰਬਰ, 2024 ਤੋਂ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਤੋਂ ਦੋ ਨਵੀਆਂ ਉਡਾਣਾਂ (ਅੰਤਰਰਾਸ਼ਟਰੀ ਅਤੇ ਘਰੇਲੂ) ਸ਼ੁਰੂ ਕਰ ਰਹੀ ਹੈ, ਜੋ ਕਿ ਅੰਮ੍ਰਿਤਸਰ ਨੂੰ ਸਿੱਧਾ ਬੈਂਕਾਕ ਅਤੇ ਬੈਂਗਲੁਰੂ ਨਾਲ ਜੋੜਨਗੀਆਂ।

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਕਨਵੀਨਰ (ਭਾਰਤ) ਯੋਗੇਸ਼ ਕਾਮਰਾ ਨੇ ਸਾਂਝੇ ਬਿਆਨ ’ਚ ਇਸ ਸੰਬੰਧੀ ਜਾਣਕਾਰੀ ਸਾਂਝੇ ਕਰਦੇ ਹੋਏ ਕਿਹਾ ਕਿ ਇਹ ਨਵੀਆਂ ਉਡਾਣਾਂ ਪੰਜਾਬ ਦੇ ਹਵਾਈ ਸੰਪਰਕ ਅਤੇ ਪੰਜਾਬੀਆਂ ਲਈ ਨਵੇਂ ਸਾਲ ਦਾ ਤੋਹਫਾ ਹਨ ਅਤੇ ਇਹ ਹੋਰ ਵਧੇਰੇ ਅੰਤਰਰਾਸ਼ਟਰੀ ਅਤੇ ਘਰੇਲੂ ਸੈਲਾਨੀਆਂ ਨੂੰ ਆਕਰਸ਼ਿਤ ਕਰਨਗੀਆਂ।



ਉਨ੍ਹਾਂ ਦੱਸਿਆ ਕਿ ਏਅਰਲਾਈਨ ਵੱਲੋਂ ਜਾਰੀ ਸਮਾਂ ਸੂਚੀ ਅਨੁਸਾਰ ਬੈਂਗਾਲੁਰੂ ਤੋਂ ਉਡਾਣ ਸਵੇਰੇ 5:55 ਵਜੇ ਰਵਾਨਾ ਹੋਵੇਗੀ ਅਤੇ 9:20 ਵਜੇ ਅੰਮ੍ਰਿਤਸਰ ਪਹੁੰਚੇਗੀ। ਇੱਥੋਂ ਵਾਪਸੀ ਦੀ ਉਡਾਣ ਰਾਤ 11:30 ਵਜੇ ਰਵਾਨਾ ਹੋਵੇਗੀ ਅਤੇ ਸਵੇਰੇ 2:45 ਵਜੇ ਬੈਂਗਲੂਰੂ ਪਹੁੰਚੇਗੀ। ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਉਡਾਣ ਸਵੇਰੇ 10:40 ਵਜੇ ਰਵਾਨਾ ਹੋ ਕੇ ਬੈਂਕਾਕ ਦੇ ਸਵਰਣਭੂਮੀ ਹਵਾਈ ਅੱਡੇ ’ਤੇ ਸ਼ਾਮ 5:00 ਵਜੇ ਪਹੁੰਚੇਗੀ। ਵਾਪਸੀ ਦੀ ਉਡਾਣ ਸ਼ਾਮ 6:00 ਵਜੇ ਬੈਂਕਾਕ ਤੋਂ ਰਵਾਨਾ ਹੋਵੇਗੀ ਅਤੇ 9:30 ਵਜੇ ਅੰਮ੍ਰਿਤਸਰ ਪਹੁੰਚੇਗੀ। ਬੈਂਕਾਕ ਅਤੇ ਬੈਂਗਾਲੁਰੂ ਲਈ ਉਡਾਣ ਸੇਵਾ ਹਫ਼ਤੇ ਵਿਚ ਚਾਰ ਦਿਨ - ਸੋਮਵਾਰ, ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਨੂੰ ਬੋਇੰਗ 737 ਮੈਕਸ 8 ਜਹਾਜ਼ ਰਾਹੀਂ ਚੱਲੇਗੀ।

ਇਨ੍ਹਾਂ ਆਗੂਆਂ ਨੇ ਦੱਸਿਆ ਕਿ ਬੀਤੇ 27 ਅਕਤੂਬਰ ਤੋਂ ਥਾਈ ਲਾਇਨ ਏਅਰ ਵੱਲੋਂ ਬੈਂਕਾਂਕ ਦੇ ਡੌਨ ਮੁਏਂਗ ਹਵਾਈ ਅੱਡੇ ਤੋਂ ਸਿੱਧਾ ਅੰਮ੍ਰਿਤਸਰ ਲਈ ਹਫਤੇ ‘ਚ ਚਾਰ ਦਿਨ ਉਡਾਣਾਂ ਦਾ ਸੰਚਾਲਨ ਕੀਤਾ ਜਾ ਰਿਹਾ ਹੈ। ਏਅਰ ਇੰਡੀਆ ਐਕਸਪ੍ਰੈੱਸ ਦੀਆਂ ਨਵੀਆਂ ਉਡਾਣਾਂ ਸ਼ੁਰੂ ਹੋਣ ਨਾਲ ਹੁਣ ਅੰਮ੍ਰਿਤਸਰ-ਬੈਂਕਾਕ ਦਰਮਿਆਨ ਹਫ਼ਤੇ ਵਿਚ ਕੁੱਲ 8 ਉਡਾਣਾਂ ਹੋ ਜਾਣਗੀਆਂ, ਜਿਸ ਨਾਲ ਯਾਤਰੀਆਂ ਨੂੰ ਵਧੇਰੇ ਵਿਕਲਪ ਮਿਲਣਗੇ ਅਤੇ ਵਧੇਰੇ ਮੁਕਾਬਲੇ ਦੇ ਨਾਲ ਕਿਰਾਏ ਵਿਚ ਵੀ ਸੰਭਾਵੀ ਤੌਰ ’ਤੇ ਕਮੀ ਆਵੇਗੀ।

ਗੁਮਟਾਲਾ ਅਨੁਸਾਰ ਇੰਡੀਗੋ ਏਅਰਲਾਈਨਜ਼ ਪਿਛਲੇ ਕਈ ਸਾਲਾਂ ਤੋਂ ਅੰਮ੍ਰਿਤਸਰ - ਬੈਂਗਲੁਰੂ ਦਰਮਿਆਨ ਰੋਜ਼ਾਨਾ ਉਡਾਣਾਂ ਦਾ ਸੰਚਾਲਨ ਕਰ ਰਹੀ ਹੈ। ਹੁਣ 31 ਜਨਵਰੀ, 2025 ਤੱਕ ਇਸ ਰੂਟ ਤੇ ਹੀ ਏਅਰਲਾਈਨ ਨੇ ਦੂਜੀ ਰੋਜ਼ਾਨਾ ਉਡਾਣ ਸ਼ਾਮਲ ਕੀਤੀ ਹੈ। ਅੰਮ੍ਰਿਤਸਰ ਪਹਿਲਾਂ ਹੀ ਮਲੇਸ਼ੀਆ ਏਅਰਲਾਈਨ, ਏਅਰ ਏਸ਼ੀਆ, ਬੈਟਿਕ ਏਅਰ ਦੁਆਰਾ ਕੁਆਲਾਲੰਪੁਰ ਅਤੇ ਸਕੂਟ ਰਾਹੀਂ ਸਿੰਘਾਪੁਰ ਨਾਲ ਜੁੜਿਆ ਹੈ। ਇਹ ਏਅਰਲਾਈਨ ਵੀ ਬੈਂਕਾਕ, ਆਸਟ੍ਰੇਲੀਆ ਅਤੇ ਹੋਰ ਕਈ ਦੱਖਣ-ਪੂਰਬੀ ਮੁਲਕਾਂ ਨੂੰ ਆਪਣੇ ਮੁਲਕ ਦੇ ਏਅਰਪੋਰਟ ਰਾਹੀਂ ਅੰਮ੍ਰਿਤਸਰ ਨਾਲ ਜੋੜਦੇ ਹਨ।

# ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ’ਚ 50 ਪੁਆਇੰਟ ਦੀ ਕਟੌਤੀ: ਵਿਆਜ ਦਰ 3.25 ਫੀਸਦੀ ਹੋਈ

ਸਰੀ, (ਹਰਦਮ ਮਾਨ/ਪੰਜਾਬ ਮੇਲ)- ਜਿਸ ਤਰ੍ਹਾਂ ਅਰਥਸ਼ਾਸਤਰੀਆਂ ਵੱਲੋਂ ਅਨੁਮਾਨ ਲਾਇਆ ਜਾ ਰਿਹਾ ਸੀ, ਕੈਨੇਡਾ ਦੇ ਕੇਂਦਰੀ ਬੈਂਕ ਨੇ ਵਿਆਜ ਦਰਾਂ ਵਿਚ 50 ਬੇਸਿਸ ਪੁਆਇੰਟ ਦੀ ਕਟੌਤੀ ਕਰਨ ਦਾ ਐਲਾਨ ਕੀਤਾ ਹੈ। ਬੈਂਕ ਦੇ ਇਸ ਫੈਸਲੇ ਨਾਲ ਹੁਣ ਬੈਂਕ ਰੇਟ 3.25 ਪ੍ਰਤੀਸ਼ਤ ਹੋ ਗਈ ਹੈ। ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਵਿਚ ਜੂਨ ਤੋਂ ਬਾਅਦ ਲਗਾਤਾਰ ਕੀਤੀ ਗਈ ਇਹ ਪੰਜਵੀਂ ਕਟੌਤੀ ਹੈ। ਮਹਾਂਮਾਰੀ ਤੋਂ ਬਾਅਦ ਬੈਂਕ ਨੇ ਅਕਤੂਬਰ ’ਚ ਪਹਿਲੀ ਵਾਰ ਵਿਆਜ ਦਰਾਂ ਵਿੱਚ ਅੱਧੇ ਪੁਆਇੰਟ ਦੀ ਕਟੌਤੀ ਕੀਤੀ ਸੀ।

ਬੈਂਕ ਦੇ ਗਵਰਨਰ ਟਿਫ ਮੈਕਲੇਮ ਨੇ ਕਿਹਾ ਹੈ ਕਿ ਕੇਂਦਰੀ ਬੈਂਕ ਨੇ ਲਗਾਤਾਰ ਦੋ ਕਟੌਤੀਆਂ ਕੀਤੀਆਂ ਹਨ ਕਿਉਂਕਿ ਮਹਿੰਗਾਈ ਅਤੇ ਆਰਥਿਕ ਵਿਕਾਸ ਨੂੰ ਹੁਣ ਸੀਮਤ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਮੁਦਰਾਸਫੀਤੀ ਦੋ ਫੀਸਦੀ ਦੇ ਟੀਚੇ ’ਤੇ ਵਾਪਸ ਆਉਣ ਨਾਲ, ਕੇਂਦਰੀ ਬੈਂਕ ਹੁਣ ਇਸ ਨੂੰ ਸਥਿਰ ਰੱਖਣ ’ਤੇ ਹੀ ਧਿਆਨ ਕੇਂਦਰਿਤ ਕਰ ਰਿਹਾ ਹੈ।

# ਭਾਰਤੀ-ਅਮਰੀਕੀ ਨੇ ‘ਮਿਸ ਇੰਡੀਆ ਯੂ.ਐੱਸ.ਏ.’ 2024 ਦਾ ਖਿਤਾਬ ਜਿੱਤਿਆ



ਵਾਸ਼ਿੰਗਟਨ, (ਪੰਜਾਬ ਮੇਲ)- ਚੇਨਈ ਵਿਚ ਜਨਮੀ ਭਾਰਤੀ ਅਮਰੀਕੀ ਕੈਟਲਿਨ ਸੈਂਡਰਾ ਨੀਲ ਨੇ ਨਿਊਜਰਸੀ ’ਚ ਆਯੋਜਿਤ ਸਾਲਾਨਾ ਸੁੰਦਰਤਾ ਮੁਕਾਬਲੇ ‘ਮਿਸ ਇੰਡੀਆ ਯੂ.ਐੱਸ.ਏ.’ 2024 ਦਾ ਖਿਤਾਬ ਜਿੱਤ ਲਿਆ ਹੈ। ਕੈਟਲਿਨ (19) ਡੇਵਿਸ ਦੇ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਦੂਜੇ ਸਾਲ ਦੀ ਵਿਦਿਆਰਥਣ ਹੈ। ਮੀਡੀਆ ਨਾਲ ਗੱਲ ਕਰਦੇ ਹੋਏ ਉਸ ਨੇ ਕਿਹਾ, “ਮੈਂ ਆਪਣੇ ਭਾਈਚਾਰੇ ’ਤੇ ਸਕਾਰਾਤਮਕ ਪ੍ਰਭਾਵ ਛੱਡਣਾ ਚਾਹੁੰਦੀ ਹਾਂ ਅਤੇ ਮਹਿਲਾ ਸਸ਼ਕਤੀਕਰਨ ਅਤੇ ਸਾਖਰਤਾ ’ਤੇ ਧਿਆਨ ਦੇਣਾ ਚਾਹੁੰਦੀ ਹਾਂ।”

ਕੈਟਲਿਨ ਦਾ ਜਨਮ ਚੇਨਈ ਵਿਚ ਹੋਇਆ ਸੀ ਅਤੇ ਉਹ ਪਿਛਲੇ 14 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੀ ਹੈ। ਵੈੱਬ ਡਿਜ਼ਾਈਨਰ ਬਣਨ ਤੋਂ ਇਲਾਵਾ ਉਹ ਮਾਡਲਿੰਗ ਅਤੇ ਐਕਟਿੰਗ ’ਚ ਵੀ ਆਪਣਾ ਕਰੀਅਰ ਬਣਾਉਣਾ ਚਾਹੁੰਦੀ ਹੈ। ਭਾਰਤ ਮਹੋਤਸਵ ਕਮੇਟੀ (ਆਈ.ਐੱਫ.ਸੀ.) ਵੱਲੋਂ ਕਰਵਾਏ ਗਏ ਮੁਕਾਬਲੇ ਵਿਚ ਇਲੀਨੋਇਸ ਦੀ ਸੰਸਕ੍ਰਿਤੀ ਸ਼ਰਮਾ ਨੂੰ ‘ਮਿਸਿਜ਼ ਇੰਡੀਆ ਯੂ.ਐੱਸ.ਏ.’ ਅਤੇ ਵਾਸ਼ਿੰਗਟਨ ਦੀ ਅਰਸ਼ਿਤਾ ਕਠਪਾਲੀਆ ਨੂੰ ‘ਮਿਸ ਟੀਨ ਇੰਡੀਆ ਯੂ.ਐੱਸ.ਏ.’ ਦਾ ਖਿਤਾਬ ਦਿੱਤਾ ਗਿਆ।

‘ਮਿਸ ਇੰਡੀਆ ਯੂ.ਐੱਸ.ਏ.’ 2023 ਰਿਜੁਲ ਮੈਨੀ ਅਤੇ ‘ਮਿਸਿਜ਼ ਇੰਡੀਆ ਯੂ.ਐੱਸ.ਏ.’ 2023 ਸਨੇਹਾ ਨਾਂਬੀਆਰ ਨੇ ਕ੍ਰਮਵਾਰ ਕੈਟਲਿਨ ਸੈਂਡਰਾ ਨੀਲ ਅਤੇ ਸੰਸਕ੍ਰਿਤੀ ਸ਼ਰਮਾ ਨੂੰ ਤਾਜ ਪਹਿਨਾਇਆ। ਇਲੀਨੋਇਸ ਦੀ ਨਿਰਾਲੀ ਦੇਸੀਆ ਅਤੇ ਨਿਊਜਰਸੀ ਦੀ ਮਾਨਿਨੀ ਪਟੇਲ ਨੂੰ ‘ਮਿਸ ਇੰਡੀਆ ਯੂ.ਐੱਸ.ਏ.’ ਮੁਕਾਬਲੇ ਵਿਚ ਪਹਿਲੀ ਰਨਰਅੱਪ ਅਤੇ ਸੈਕਿੰਡ ਰਨਰਅੱਪ ਐਲਾਨਿਆ ਗਿਆ। ਇੱਕ ਬਿਆਨ ਵਿਚ ਕਿਹਾ ਗਿਆ ਹੈ ਕਿ ਵਰਜੀਨੀਆ ਦੀ ਸਪਨਾ ਮਿਸ਼ਰਾ ਅਤੇ ਕਨੈਕਟੀਕਟ ਦੀ ਚਿਨਮਈ ਅਯਾਚਿਤ ਨੂੰ ‘ਮਿਸਿਜ਼ ਇੰਡੀਆ ਯੂ.ਐੱਸ.ਏ.’ ਮੁਕਾਬਲੇ ਵਿਚ ਪਹਿਲੀ ਅਤੇ ਦੂਜੀ ਰਨਰ-ਅੱਪ ਐਲਾਨਿਆ ਗਿਆ। ਰੋਡ ਆਈਲੈਂਡ ਦੀ ਧ੍ਰਿਤੀ ਪਟੇਲ ਅਤੇ ਸੋਨਾਲੀ ਸ਼ਰਮਾ ਨੂੰ ਟੀਨ ਵਰਗ ਵਿਚ ਫਸਟ ਅਤੇ ਸੈਕਿੰਡ ਰਨਰਅੱਪ ਐਲਾਨਿਆ ਗਿਆ।

ਇਹ ਮੁਕਾਬਲੇ ਤਿੰਨ ਵਰਗਾਂ ਵਿਚ ਕਰਵਾਏ ਗਏ, ਜਿਸ ਵਿਚ 25 ਰਾਜਾਂ ਦੇ 47 ਪ੍ਰਤੀਯੋਗੀਆਂ ਨੇ ਹਿੱਸਾ ਲਿਆ।




# ਓਨਟਾਰੀਓ 'ਚ ਅਮਰੀਕੀ ਸ਼ਰਾਬ 'ਤੇ ਪਾਬੰਦੀ ਲਗਾਉਣ ਦੀ ਤਿਆਰੀ

**ਓਨਟਾਰੀਓ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ 'ਤੇ ਭਾਰੀ ਟੈਰਿਫ ਲਗਾਉਣ ਦੀ ਦਿੱਤੀ ਗਈ ਧਮਕੀ ਦੇ ਬਾਅਦ ਕੈਨੇਡਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਸੂਬਾ ਓਨਟਾਰੀਓ ਅਮਰੀਕੀ ਸ਼ਰਾਬ 'ਤੇ ਪਾਬੰਦੀ ਲਗਾਉਣ ਦੀ ਤਿਆਰੀ ਕਰ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕੀ ਰਾਜਾਂ ਮਿਸ਼ੀਗਨ, ਨਿਊਯਾਰਕ ਅਤੇ ਮਿਨੀਸੋਟਾ ਨੂੰ ਬਿਜਲੀ ਦੀ ਬਰਾਮਦ ਰੋਕਣ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਡਗ ਫੋਰਡ ਸਰਕਾਰ ਦੇ ਇਕ ਅਧਿਕਾਰੀ ਨੇ ਕਿਹਾ ਕਿ ਲਿਕਰ ਕੰਟਰੋਲ ਬੋਰਡ ਆਫ਼ ਓਨਟਾਰੀਓ ਦੇ ਸਟੋਰਾਂ ਵਿਚ ਅਮਰੀਕਾ 'ਚ ਬਣੀ ਸ਼ਰਾਬ ਵੇਚਣ 'ਤੇ ਪਾਬੰਦੀ ਲਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਤੋਂ ਇਲਾਵਾ ਓਨਟਾਰੀਓ ਅਮਰੀਕਾ ਨੂੰ ਮਹੱਤਵਪੂਰਨ ਖਣਿਜਾਂ ਦੇ ਨਿਰਯਾਤ 'ਤੇ ਪਾਬੰਦੀ



ਲਗਾਉਣ 'ਤੇ ਵਿਚਾਰ ਕਰ ਰਿਹਾ ਹੈ। ਅਮਰੀਕੀ ਕੰਪਨੀਆਂ ਨੂੰ ਸਰਕਾਰੀ ਟੈਂਡਰਾਂ ਤੋਂ ਬਾਹਰ ਰੱਖਣ ਦੀ ਵੀ ਤਿਆਰੀ ਹੈ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਬਿਜਲੀ ਨਾ ਵੇਚਣ ਦੇ ਫੈਸਲੇ ਨੂੰ ਆਖਰੀ ਵਿਕਲਪ ਦੱਸਿਆ ਹੈ। ਫੋਰਡ ਨੇ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਟਰੰਪ ਅਜਿਹਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਅਮਰੀਕਾ ਨੂੰ ਸੁਨੇਹਾ ਦੇਣਾ ਚਾਹੁੰਦੇ ਹਾਂ ਕਿ ਜੇਕਰ ਤੁਸੀਂ ਸਾਡੇ ਲੋਕਾਂ ਦੇ ਰੁਜ਼ਗਾਰ ਨੂੰ ਨਿਸ਼ਾਨਾ ਬਣਾਉਂਦੇ ਹੋ ਤਾਂ ਅਸੀਂ ਹਰ ਸੰਭਵ ਕਦਮ ਚੁੱਕਾਂਗੇ। ਹਾਲਾਂਕਿ, ਮੈਨੂੰ ਉਮੀਦ ਹੈ, ਅਜਿਹਾ ਕਰਨ ਦੀ ਕੋਈ ਲੋੜ ਨਹੀਂ ਹੋਵੇਗੀ। ਇਸ 'ਤੇ ਟਰੰਪ ਨੇ ਇਕ ਇੰਟਰਵਿਊ ਦੌਰਾਨ ਕਿਹਾ ਕਿ ਜੇਕਰ ਫੋਰਡ ਅਜਿਹਾ ਕਰਦੇ ਹਨ ਤਾਂ ਠੀਕ ਹੈ। ਅਮਰੀਕਾ ਕੈਨੇਡਾ ਨੂੰ ਸਬਸਿਡੀ ਦੇ ਰਿਹਾ ਹੈ ਅਤੇ ਅਜਿਹਾ ਨਹੀਂ ਹੋਣਾ ਚਾਹੀਦਾ।

ਦੱਸ ਦੇਈਏ ਕਿ ਟਰੰਪ ਨੇ ਬੀਤੇ ਦਿਨੀਂ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਨਸ਼ਿਆਂ ਦੇ ਪ੍ਰਵਾਹ ਨੂੰ ਰੋਕਣ ਲਈ ਕੈਨੇਡਾ ਅਤੇ ਮੈਕਸੀਕੋ ਤੋਂ ਆਉਣ ਵਾਲੇ ਸਾਰੇ ਉਤਪਾਦਾਂ 'ਤੇ 25 ਫੀਸਦੀ ਅਤੇ ਚੀਨ ਤੋਂ ਆਉਣ ਵਾਲੇ ਉਤਪਾਦਾਂ 'ਤੇ 10 ਫੀਸਦੀ ਟੈਰਿਫ ਲਗਾਉਣ ਦੀ ਗੱਲ ਆਖੀ ਸੀ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ' 'ਤੇ ਕਿਹਾ ਸੀ ਕਿ 20 ਜਨਵਰੀ ਨੂੰ ਅਹੁਦਾ ਸੰਭਾਲਣ ਤੋਂ ਬਾਅਦ ਉਹ ਸਭ ਤੋਂ ਪਹਿਲਾਂ ਇਨ੍ਹਾਂ ਤਿੰਨਾਂ ਦੇਸ਼ਾਂ 'ਤੇ ਟੈਰਿਫ ਲਗਾਉਣ ਵਾਲੇ ਕਾਰਜਕਾਰੀ ਆਦੇਸ਼ਾਂ 'ਤੇ ਦਸਤਖ਼ਤ ਕਰਨਗੇ। ਉਨ੍ਹਾਂ ਅੱਗੇ ਲਿਖਿਆ ਸੀ ਕਿ ਜਿਵੇਂ ਕਿ ਹਰ ਕੋਈ ਜਾਣਦਾ ਹੈ, ਹਜ਼ਾਰਾਂ ਲੋਕ ਮੈਕਸੀਕੋ ਅਤੇ ਕੈਨੇਡਾ ਤੋਂ ਅਮਰੀਕਾ ਵਿਚ ਦਾਖਲ ਹੋ ਰਹੇ ਹਨ ਅਤੇ ਉਹ ਆਪਣੇ ਨਾਲ ਡਰੱਗਜ਼ ਅਤੇ ਅਪਰਾਧ ਲਿਆ ਰਹੇ ਹਨ। ਜੇਕਰ ਕੈਨੇਡਾ ਅਤੇ ਮੈਕਸੀਕੋ ਚਾਹੁਣ ਤਾਂ ਉਹ ਇਨ੍ਹਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੋਕ ਸਕਦੇ ਹਨ ਅਤੇ ਉਨ੍ਹਾਂ ਕੋਲ ਅਜਿਹਾ ਕਰਨ ਦੀ ਸ਼ਕਤੀ ਵੀ ਹੈ। ਇਸ ਲਈ ਕੈਨੇਡਾ ਅਤੇ ਮੈਕਸੀਕੋ ਤੋਂ ਆਉਣ ਵਾਲੇ ਉਤਪਾਦਾਂ 'ਤੇ 25 ਫੀਸਦੀ ਟੈਰਿਫ ਲਗਾਇਆ ਜਾਵੇਗਾ ਅਤੇ ਜਦੋਂ ਤੱਕ ਕੈਨੇਡਾ ਅਤੇ ਮੈਕਸੀਕੋ ਆਪਣੀ ਸਰਹੱਦ ਰਾਹੀਂ ਅਮਰੀਕਾ 'ਚ ਆਉਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਨਹੀਂ ਰੋਕਦੇ, ਉਨ੍ਹਾਂ ਨੂੰ ਭਾਰੀ ਟੈਰਿਫ ਦੇਣਾ ਪਵੇਗਾ ਅਤੇ ਚੀਨ 'ਤੇ ਡਰੱਗਜ਼ 'ਤੇ ਰੋਕ ਨਾ ਲਗਾਉਣ 'ਤੇ 10 ਫੀਸਦੀ ਵਾਧੂ ਟੈਰਿਫ ਲਗਾਇਆ ਜਾਵੇਗਾ।

# ਰੂਸੀ ਪਰਮਾਣੂ ਰੱਖਿਆ ਬਲ ਦਾ ਮੁਖੀ ਧਮਾਕੇ 'ਚ ਹਲਾਕ

**ਮਾਸਕੋ, (ਪੰਜਾਬ ਮੇਲ)-** ਰੂਸੀ ਪਰਮਾਣੂ, ਜੈਵਿਕ ਅਤੇ ਰਸਾਇਣਕ ਰੱਖਿਆ ਬਲਾਂ ਦਾ ਮੁਖੀ ਲੈਫ਼ਟੀਨੈਂਟ ਜਨਰਲ ਇਗੋਰ ਕਿਰਿਲੋਵ ਇਥੇ ਰਿਹਾਇਸ਼ੀ ਅਪਾਰਟਮੈਂਟ ਬਲਾਕ 'ਚ ਹੋਏ ਧਮਾਕੇ ਦੌਰਾਨ ਮਾਰਿਆ ਗਿਆ। ਧਮਾਕੇ 'ਚ ਕਿਰਿਲੋਵ ਦਾ ਸਹਾਇਕ ਵੀ ਮਾਰਿਆ ਗਿਆ ਹੈ। ਰੂਸੀ ਜਾਂਚ ਕਮੇਟੀ ਦੇ ਅਧਿਕਾਰੀਆਂ ਨੇ ਕਿਹਾ ਕਿ ਧਮਾਕਾਖੇਜ਼ ਸਮੱਗਰੀ ਸਕੂਟਰ 'ਚ ਰੱਖੀ ਹੋਈ ਸੀ, ਜਿਸ ਦੇ ਫਟਣ ਕਾਰਨ ਧਮਾਕਾ ਹੋਇਆ। ਕਮੇਟੀ ਦੀ ਤਰਜਮਾਨ ਸਵੇਤਲਾਨਾ ਪੇਟਰੇਂਕੋ ਨੇ ਕਿਹਾ ਕਿ ਦੋ ਮੌਤਾਂ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਯੂਕਰੇਨ ਦੀ ਸੁਰੱਖਿਆ ਸੇਵਾਵਾਂ ਨੇ ਸੋਮਵਾਰ ਨੂੰ ਕਿਰਿਲੋਵ 'ਤੇ ਦੋਸ਼ ਲਾਇਆ ਸੀ ਕਿ ਉਹ ਯੂਕਰੇਨ ਜੰਗ 'ਚ ਪਾਬੰਦੀਸ਼ੁਦਾ ਰਸਾਇਣਕ ਹਥਿਆਰਾਂ ਦੀ ਵਰਤੋਂ ਕਰ ਰਿਹਾ ਹੈ। ਯੂਕਰੇਨ ਦੀ ਸੁਰੱਖਿਆ ਸੇਵਾ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਫਰਵਰੀ 2022 ਤੋਂ ਸ਼ੁਰੂ ਹੋਈ ਜੰਗ ਦੌਰਾਨ ਰੂਸੀ ਫੌਜ ਵੱਲੋਂ 4,800 ਤੋਂ ਵਧ ਰਸਾਇਣਕ ਹਥਿਆਰਾਂ ਦੀ ਵਰਤੋਂ ਦੇ ਮਾਮਲੇ ਰਿਕਾਰਡ ਕੀਤੇ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਟਰੰਪ ਦੇ ਸਹੁੰ ਚੁੱਕ ਸਮਾਗਮ 'ਚ ਨਹੀਂ ਜਾਣਗੇ ਸ਼ੀ ਜਿਨਪਿੰਗ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ 20 ਜਨਵਰੀ ਨੂੰ ਸਹੁੰ ਚੁੱਕਣ ਵਾਲੇ ਹਨ। ਇਸ ਪ੍ਰੋਗਰਾਮ ਵਿਚ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਵੀ ਸੱਦਾ ਦਿੱਤਾ ਗਿਆ ਹੈ। ਸ਼ੀ ਜਿਨਪਿੰਗ ਟੈਰਿਫ ਵਧਾਉਣ ਦੀ ਧਮਕੀ ਕਾਰਨ ਡੋਨਾਲਡ ਟਰੰਪ ਤੋਂ ਇੰਨੇ ਨਾਰਾਜ਼ ਹਨ ਕਿ ਉਹ ਇਸ ਪ੍ਰੋਗਰਾਮ ਤੋਂ ਦੂਰ ਰਹਿਣਾ ਚਾਹੁੰਦੇ ਹਨ। ਸੀ.ਬੀ.ਐੱਸ. ਨਿਊਜ਼ ਨੇ ਰਿਪੋਰਟ ਦਿੱਤੀ ਹੈ ਕਿ ਸ਼ੀ ਜਿਨਪਿੰਗ ਦੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੀਆਂ ਸੰਭਾਵਨਾਵਾਂ ਘੱਟ ਹਨ। ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਅਮਰੀਕਾ 'ਚ ਚੀਨ ਦੇ ਰਾਜਦੂਤ ਆਪਣੀ ਪਤਨੀ ਦੇ ਨਾਲ ਸਮਾਰੋਹ 'ਚ ਸ਼ਾਮਲ ਹੋ ਸਕਦੇ ਹਨ। ਇਹ ਸੱਦਾ ਅਮਰੀਕਾ-ਚੀਨ ਸਬੰਧਾਂ ਵਿੱਚ ਪਹਿਲਾਂ ਹੀ ਤਣਾਅ ਵਾਲੇ ਸਮੇਂ ਵਿਚ ਆਇਆ ਹੈ।

ਜਾਣਕਾਰੀ ਮੁਤਾਬਕ ਪ੍ਰੋਗਰਾਮ ਲਈ ਜ਼ਿੰਮੇਵਾਰ ਅਧਿਕਾਰੀਆਂ ਨੇ ਡਿਪਲੋਮੈਟਿਕ ਪ੍ਰੋਟੋਕੋਲ ਦਾ ਕੰਮ ਆਪਣੇ ਸਾਥੀਆਂ ਨੂੰ ਸੌਂਪ ਦਿੱਤਾ ਹੈ। ਵੀਰਵਾਰ ਨੂੰ ਟਰੰਪ ਨੇ ਕਿਹਾ ਕਿ ਚੀਨ ਨਾਲ ਸਾਡੇ ਸਬੰਧ ਚੰਗੇ ਹਨ। ਅਸੀਂ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਕੁਝ ਮੁੱਦਿਆਂ 'ਤੇ ਗੱਲਬਾਤ ਕਰਦੇ ਰਹਿੰਦੇ ਹਾਂ। ਦੱਸ ਦੇਈਏ ਕਿ ਹਾਲ ਹੀ 'ਚ ਅਮਰੀਕੀ ਏਜੰਸੀਆਂ ਨੇ ਚੀਨ 'ਤੇ ਟੈਲੀਕਾਮ ਕੰਪਨੀਆਂ ਨੂੰ ਹੈਕ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਸੀ। ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ,



ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਨਵੇਂ ਚੁਣੇ ਗਏ ਉਪ ਰਾਸ਼ਟਰਪਤੀ ਜੇਡੀ ਵੈਨਸ ਦੇ ਫੋਨ ਵੀ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ।

ਚੋਣਾਂ 'ਚ ਵੱਡੀ ਜਿੱਤ ਹਾਸਲ ਕਰਨ ਤੋਂ ਬਾਅਦ ਡੋਨਾਲਡ ਟਰੰਪ ਨੇ ਚੀਨ ਨੂੰ ਟੈਰਿਫ ਵਧਾਉਣ ਦੀ ਧਮਕੀ ਵੀ ਦਿੱਤੀ ਸੀ। ਟਰੰਪ ਨੇ ਕਿਹਾ ਸੀ ਕਿ ਅਮਰੀਕੀ ਸਰਕਾਰ ਨੇ ਚੀਨੀ ਕੰਪਨੀ ਬਾਈਟਡਾਂਸ ਲਈ 19 ਜਨਵਰੀ ਦੀ ਸਮਾਂ ਸੀਮਾ ਤੈਅ ਕੀਤੀ ਹੈ। ਡੋਨਾਲਡ ਟਰੰਪ ਦੀ ਧਮਕੀ ਤੋਂ ਬਾਅਦ ਸ਼ੀ ਜਿਨਪਿੰਗ ਦੀ ਵੀ ਤਿੱਖੀ ਪ੍ਰਤੀਕਿਰਿਆ ਆਈ ਹੈ। ਉਨ੍ਹਾਂ ਨੇ ਕਿਹਾ ਸੀ ਕਿ ਟੈਰਿਫ ਅਤੇ ਟੈਕਨਾਲੋਜੀ ਦੀ ਲੜਾਈ 'ਚ ਕੋਈ ਵੀ ਜਿੱਤਣ ਵਾਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਚੀਨ ਆਪਣੇ ਹਿੱਤਾਂ ਦੀ ਰਾਖੀ ਕਰਨ ਵਿਚ ਪਿੱਛੇ ਨਹੀਂ ਰਹੇਗਾ। ਗੌਰਤਲਬ ਹੈ ਕਿ ਅਮਰੀਕਾ ਅਤੇ ਚੀਨ ਦੇ ਸਬੰਧ ਪਿਛਲੇ ਕੁਝ ਸਾਲਾਂ ਤੋਂ ਚੰਗੇ ਨਹੀਂ ਰਹੇ ਹਨ। ਟਰੰਪ ਨੇ ਚੀਨ 'ਤੇ 60 ਫੀਸਦੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ, ਇਸ ਤੋਂ ਇਲਾਵਾ ਟਰੰਪ ਨੇ ਇਹ ਵੀ ਕਿਹਾ ਸੀ ਕਿ ਜੇਕਰ ਚੀਨ ਫੈਂਟਾਨਾਇਲ ਨੂੰ ਕੰਟਰੋਲ ਨਹੀਂ ਕਰਦਾ ਤਾਂ 10 ਫੀਸਦੀ ਵਾਧੂ ਡਿਊਟੀ ਵੀ ਲਗਾਈ ਜਾਵੇਗੀ।

# ਅਮਰੀਕਾ, ਕੈਨੇਡਾ, ਯੂ.ਏ.ਈ. 'ਚ ਸੁਰੱਖਿਅਤ ਨਹੀਂ ਹਨ ਭਾਰਤੀ!

**ਨਵੀਂ ਦਿੱਲੀ, (ਪੰਜਾਬ ਮੇਲ)-** ਵੱਡੀ ਗਿਣਤੀ 'ਚ ਭਾਰਤੀ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਵਸੇ ਹੋਏ ਹਨ। ਅਮਰੀਕਾ, ਕੈਨੇਡਾ, ਸਾਊਦੀ ਅਰਬ ਵਿਚ ਰਹਿਣਾ ਅਤੇ ਬਹੁਤ ਪੈਸਾ ਕਮਾਉਣਾ ਭਾਰਤੀਆਂ ਸਮੇਤ ਕਈ ਦੇਸ਼ਾਂ ਦੇ ਨਾਗਰਿਕਾਂ ਦਾ ਸੁਪਨਾ ਹੈ। ਪਰ ਇਹ ਸੁਪਨੇ ਜਾਨਲੇਵਾ ਵੀ ਸਾਬਤ ਹੋ ਸਕਦੇ ਹਨ। ਵਿਦੇਸ਼ਾਂ 'ਚ ਭਾਰਤੀਆਂ 'ਤੇ ਹੋਏ ਹਮਲੇ ਇਸ ਗੱਲ ਦੀ ਗਵਾਹੀ ਭਰਦੇ ਹਨ। ਸਰਕਾਰ ਨੇ ਸੰਸਦ ਨੂੰ ਸੂਚਿਤ ਕੀਤਾ ਹੈ ਕਿ ਸਾਲ 2023 'ਚ ਵੱਖ-ਵੱਖ ਦੇਸ਼ਾਂ 'ਚ 86 ਭਾਰਤੀ ਨਾਗਰਿਕਾਂ 'ਤੇ ਹਮਲੇ ਕੀਤੇ ਗਏ ਜਾਂ ਉਨ੍ਹਾਂ ਦੇ ਕਤਲ ਕਰ ਦਿੱਤੇ ਗਏ। ਇਸ ਵਿਚ ਜ਼ਿਆਦਾਤਰ ਹਮਲੇ ਭਾਰਤੀ ਨਾਗਰਿਕਾਂ 'ਤੇ

- **ਹੈਰਾਨ ਕਰ ਦੇਣਗੇ ਅੰਕੜੇ**
- **5 ਸਾਲਾਂ 'ਚ 8 ਲੱਖ ਭਾਰਤੀਆਂ ਨੇ ਛੱਡੀ ਨਾਗਰਿਕਤਾ**

ਅਮਰੀਕਾ ਵਿਚ ਹੋਏ।

ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਇੱਕ ਸਵਾਲ ਦੇ ਲਿਖਤੀ ਜਵਾਬ ਵਿਚ ਇਹ ਅੰਕੜੇ ਸਾਂਝੇ ਕੀਤੇ। ਉਸਨੇ ਪਿਛਲੇ ਤਿੰਨ ਸਾਲਾਂ ਦੇ ਦੇਸ਼-ਵਾਰ ਅੰਕੜੇ ਸਾਂਝੇ ਕੀਤੇ, ਜਿਸ ਅਨੁਸਾਰ 2021 ਵਿਚ 29, 2022 ਵਿਚ 57 ਅਤੇ 2023 ਵਿਚ 86 ਅਜਿਹੇ ਕੇਸ ਸਨ। ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ 2023 ਵਿਚ ਅਜਿਹੇ 86 ਮਾਮਲਿਆਂ ਵਿਚੋਂ 12 ਅਮਰੀਕਾ ਵਿਚ ਹੋਏ, ਜਦੋਂਕਿ ਕੈਨੇਡਾ, ਬ੍ਰਿਟੇਨ ਅਤੇ ਸਾਊਦੀ ਅਰਬ ਵਿਚ 10-10 ਮਾਮਲੇ ਹੋਏ।

ਇੱਕ ਵੱਖਰੇ ਸਵਾਲ ਵਿਚ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਪਿਛਲੇ 5 ਸਾਲਾਂ ਦੌਰਾਨ ਰਾਜ-ਵਾਰ ਅਤੇ ਸਾਲ ਦੇ ਹਿਸਾਬ ਨਾਲ ਕਿੰਨੇ ਭਾਰਤੀ ਨਾਗਰਿਕਾਂ ਨੇ ਸਵੈ-ਇੱਛਾ ਨਾਲ ਆਪਣੀ ਭਾਰਤੀ ਨਾਗਰਿਕਤਾ ਤਿਆਗ ਦਿੱਤੀ ਅਤੇ ਇਸ ਦੇ ਕੀ ਕਾਰਨ ਸਨ। ਇਸ ਸਵਾਲ ਦੇ ਜਵਾਬ ਵਿਚ ਉਸਨੇ ਕਿਹਾ, "ਮੰਤਰਾਲੇ ਕੋਲ ਉਪਲਬਧ ਜਾਣਕਾਰੀ ਅਨੁਸਾਰ ਆਪਣੀ ਭਾਰਤੀ ਨਾਗਰਿਕਤਾ ਛੱਡਣ ਵਾਲੇ ਭਾਰਤੀਆਂ ਦੀ ਗਿਣਤੀ (2019 ਵਿਚ) 1,44,017, (2020 ਵਿਚ) 85,256, (2021 ਵਿਚ) 1,63,370, (2022 ਵਿਚ) 2,25,620 ਅਤੇ (2023 ਵਿਚ) 2,16,219 ਸੀ।" ਵਿਦੇਸ਼ੀ ਨਾਗਰਿਕਤਾ ਲਈ ਭਾਰਤੀ ਨਾਗਰਿਕਤਾ ਤਿਆਗਣ ਵਾਲੇ ਲੋਕਾਂ ਦੇ ਰਾਜ-ਵਾਰ ਵੇਰਵੇ ਉਪਲਬਧ ਨਹੀਂ ਹਨ। ਹਾਲ ਹੀ ਵਿਚ ਨਵੰਬਰ ਦੇ ਅੰਤ ਵਿਚ ਤੇਲੰਗਾਨਾ ਦੇ ਖੰਮਮ ਜ਼ਿਲ੍ਹੇ ਦੇ ਇੱਕ ਨੌਜਵਾਨ ਦੀ ਅਮਰੀਕਾ ਵਿਚ ਇੱਕ ਗੈਸ ਸਟੇਸ਼ਨ 'ਤੇ ਬਦਮਾਸ਼ਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਨੌਜਵਾਨ ਉਥੇ ਕੰਮ ਕਰਦਾ ਸੀ। ਮ੍ਰਿਤਕ ਸਾਈ ਤੇਜਾ ਨੁਕਾਰਪੂ (22) ਨੂੰ ਸ਼ਿਕਾਗੋ ਨੇੜੇ ਗੈਸ ਸਟੇਸ਼ਨ 'ਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ।

# ਕੈਨੇਡਾ 'ਚ ਫਿਰੌਤੀ ਵਸੂਲਣ ਦੇ ਦੋਸ਼ ਹੇਠ ਪੰਜਾਬਣ ਸਮੇਤ 5 ਪੰਜਾਬੀ ਗ੍ਰਿਫ਼ਤਾਰ

**ਬਰੈਂਪਟਨ, (ਪੰਜਾਬ ਮੇਲ)-** ਕੈਨੇਡਾ ਵਿਚ ਵੱਧ ਰਹੀਆਂ ਵਾਰਦਾਤਾਂ ਕਾਰਨ ਪੁਲਿਸ ਸਰਗਰਮ ਹੋ ਗਈ ਹੈ। ਹਾਲ ਹੀ ਵਿਚ ਕੈਨੇਡਾ ਦੇ ਬਰੈਂਪਟਨ ਅਤੇ ਮਿਸੀਸਾਗਾ ਵਿਚ ਦੱਖਣੀ ਏਸ਼ੀਆਈ ਕਾਰੋਬਾਰਾਂ ਨੂੰ ਨਿਸ਼ਾਨਾ ਬਣਾ ਕੇ ਫਿਰੌਤੀ ਵਸੂਲਣ ਦੇ ਦੋਸ਼ ਹੇਠ ਪੰਜਾਬੀ ਮੂਲ ਦੇ ਪੰਜ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਖੇਤਰੀ ਪੁਲਿਸ ਮੁਖੀ ਨੇ ਕਿਹਾ ਕਿ ਇਹ ਇੱਕ ਪਰੇਸ਼ਾਨ ਕਰਨ ਵਾਲਾ ਰੁਝਾਨ ਹੈ, ਜਿੱਥੇ ਕਾਰੋਬਾਰੀ ਮਾਲਕ ਹਿੰਸਾ ਦੀ ਧਮਕੀ ਦੇ ਤਹਿਤ ਵੱਡੀ ਰਕਮ ਲਈ ਜਬਰੀ ਵਸੂਲੀ ਦੀਆਂ ਕੋਸ਼ਿਸ਼ਾਂ ਦਾ ਸ਼ਿਕਾਰ ਹੋ ਗਏ।

ਟਾਸਕ ਫੋਰਸ ਨੇ 60 ਤੋਂ ਵੱਧ ਘਟਨਾਵਾਂ ਦੀ ਜਾਂਚ ਕੀਤੀ ਹੈ, ਜਦੋਂ ਕਿ 154 ਸ਼ਿਕਾਇਤਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿਚ ਕਾਰੋਬਾਰੀਆਂ ਨੂੰ ਧਮਕੀਆਂ ਦੇ ਕੇ ਪੈਸੇ ਵਸੂਲਣ




ਦੀ ਕੋਸ਼ਿਸ਼ ਕੀਤੀ ਗਈ ਸੀ। ਮੁਲਜ਼ਮ ਅਕਸਰ ਵਟਸਐਪ ਅਤੇ ਫੇਸਬੁੱਕ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਸੰਪਰਕ ਕਰਕੇ ਪੈਸੇ ਵਸੂਲਦੇ ਸਨ। ਪੰਜ ਸ਼ੱਕੀਆਂ ਵਿਚੋਂ ਤਿੰਨ ਬਰੈਂਪਟਨ ਦੇ ਰਹਿਣ ਵਾਲੇ ਹਨ, ਜਦਕਿ ਬਾਕੀ ਦੋ ਕ੍ਰਮਵਾਰ ਹੈਮਿਲਟਨ ਅਤੇ ਬ੍ਰਿਟਿਸ਼ ਕੋਲੰਬੀਆ ਦੇ ਹਨ। ਇਨ੍ਹਾਂ ਦੀ ਪਛਾਣ 25 ਸਾਲਾ ਹਰਮਨਜੀਤ ਸਿੰਘ, 44 ਸਾਲਾ ਤੇਜਿੰਦਰ ਤਤਲਾ, 21 ਸਾਲਾ ਰੁਖਸਾਰ ਅਚਕਜ਼ਈ, 24 ਸਾਲਾ ਦਿਨੇਸ਼ ਕੁਮਾਰ ਅਤੇ 27 ਸਾਲਾ ਬੰਧੂਮਨ ਸੇਖੋਂ ਵਜੋਂ ਹੋਈ ਹੈ। ਉਨ੍ਹਾਂ 'ਤੇ ਕੁੱਲ 16 ਦੋਸ਼ ਹਨ।

ਪੁਲਿਸ ਨੇ ਹਿੰਸਾ ਦੀ ਧਮਕੀ ਦੇ ਤਹਿਤ ਪੈਸੇ ਮੰਗਣ ਵਾਲੇ ਕਿਸੇ ਵੀ ਵਿਅਕਤੀ ਨੂੰ ਕੋਈ ਭੁਗਤਾਨ ਨਾ ਕਰਨ ਅਤੇ ਤੁਰੰਤ ਪੁਲਿਸ ਨੂੰ ਬੁਲਾਉਣ ਦੀ ਅਪੀਲ ਕੀਤੀ। ਜਾਂਚ ਦੌਰਾਨ 20 ਹੈਂਡਗਨ, 11 ਕਿਲੋਗ੍ਰਾਮ ਮੈਥ, 10,000 ਡਾਲਰ ਤੋਂ ਵੱਧ ਦੀ ਅਪਰਾਧਿਕ ਕਾਰਵਾਈ ਅਤੇ ਚੋਰੀ ਹੋਏ ਛੇ ਵਾਹਨ ਵੀ ਜ਼ਬਤ ਕੀਤੇ ਗਏ ਹਨ।

# ਟਰੰਪ ਦੀ ਟੈਰਿਫ ਧਮਕੀ ਦੇ ਜਵਾਬ 'ਚ ਕੈਨੇਡਾ ਵੀ ਲਗਾਏਗਾ ਪਾਬੰਦੀਆਂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਮਹੀਨੇ ਕੈਨੇਡਾ 'ਤੇ ਭਾਰੀ ਟੈਰਿਫ ਲਗਾਉਣ ਦੀ ਗੱਲ ਕੀਤੀ ਸੀ। ਹੁਣ ਖ਼ਬਰ ਆਈ ਹੈ ਕਿ ਕੈਨੇਡੀਅਨ ਸਰਕਾਰ ਵੀ ਟਰੰਪ ਦੀ ਅਜਿਹੀ ਕਿਸੇ ਵੀ ਕਾਰਵਾਈ ਖ਼ਿਲਾਫ਼ ਸਖ਼ਤ ਕਾਰਵਾਈ ਕਰ ਸਕਦੀ ਹੈ। ਦਰਅਸਲ ਕੈਨੇਡਾ ਦੇ ਵੱਖ-ਵੱਖ ਰਾਜਾਂ ਦੇ ਪ੍ਰੀਮੀਅਰਾਂ (ਸੀ.ਐੱਮ.) ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸਲਾਹ ਦਿੱਤੀ ਹੈ ਕਿ ਜੇਕਰ ਅਮਰੀਕਾ ਕੈਨੇਡਾ 'ਤੇ ਟੈਰਿਫ ਲਗਾਉਣ ਦਾ ਫ਼ੈਸਲਾ ਕਰਦਾ ਹੈ, ਤਾਂ ਕੈਨੇਡਾ ਨੂੰ ਵੀ ਤਿੱਖਾ



ਜਵਾਬ ਦੇਣਾ ਚਾਹੀਦਾ ਹੈ। ਕੁਝ ਪ੍ਰੀਮੀਅਰਾਂ ਨੇ ਕੈਨੇਡਾ ਤੋਂ ਅਮਰੀਕਾ ਨੂੰ ਊਰਜਾ ਦੀ ਸਪਲਾਈ ਬੰਦ ਕਰਨ ਦੀ ਵੀ ਸਲਾਹ ਦਿੱਤੀ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਪ੍ਰੀਮੀਅਰਾਂ ਨਾਲ ਮੀਟਿੰਗ ਕੀਤੀ। ਇਸ ਬੈਠਕ 'ਚ ਡੋਨਾਲਡ ਟਰੰਪ ਦੇ ਟੈਰਿਫ ਲਗਾਉਣ ਦੇ ਕਦਮ 'ਤੇ ਪ੍ਰਤੀਕਿਰਿਆ 'ਤੇ ਚਰਚਾ ਕੀਤੀ ਗਈ। ਕੈਨੇਡਾ 'ਤੇ ਟੈਰਿਫ ਲਗਾਉਣ ਦੇ ਟਰੰਪ ਦੇ ਬਿਆਨ ਤੋਂ ਬਾਅਦ ਇਹ ਦੂਜੀ ਅਜਿਹੀ ਬੈਠਕ ਸੀ, ਜਿਸ 'ਚ ਕੈਨੇਡਾ ਵਲੋਂ ਅਮਰੀਕਾ ਖ਼ਿਲਾਫ਼ ਚੁੱਕੇ ਜਾਣ ਵਾਲੇ ਕਦਮਾਂ 'ਤੇ ਚਰਚਾ ਕੀਤੀ ਗਈ ਸੀ। ਇਸ ਮੀਟਿੰਗ ਵਿਚ ਕੈਨੇਡਾ ਦੀ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਵੀ ਮੌਜੂਦ ਸੀ। ਮੀਟਿੰਗ ਦੌਰਾਨ ਕਈ ਪ੍ਰੀਮੀਅਰਾਂ ਨੇ ਟਰੂਡੋ ਸਰਕਾਰ ਨੂੰ ਅਮਰੀਕਾ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਸਲਾਹ ਦਿੱਤੀ। ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਕੈਨੇਡਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਸੂਬਾ ਮਿਸ਼ੀਗਨ, ਨਿਊਯਾਰਕ ਅਤੇ ਮਿਨੀਸੋਟਾ ਨੂੰ ਬਿਜਲੀ ਨਿਰਯਾਤ 'ਤੇ ਪਾਬੰਦੀ ਲਗਾਉਣ ਦੇ ਨਾਲ-ਨਾਲ ਅਮਰੀਕੀ-ਨਿਰਮਿਤ ਅਲਕੋਹਲ 'ਤੇ ਪਾਬੰਦੀ ਲਗਾ ਸਕਦਾ ਹੈ, ਜੇਕਰ ਟਰੰਪ ਸਾਰੇ ਕੈਨੇਡੀਅਨ ਉਤਪਾਦਾਂ 'ਤੇ ਭਾਰੀ ਟੈਰਿਫ ਲਗਾ ਦਿੰਦੇ ਹਨ। ਓਨਟਾਰੀਓ ਇਲੈਕਟ੍ਰਿਕ ਵਾਹਨ ਬੈਟਰੀਆਂ ਲਈ ਲੋੜੀਂਦੇ ਨਾਜ਼ੁਕ ਖਣਿਜਾਂ ਦੇ ਨਿਰਯਾਤ 'ਤੇ ਪਾਬੰਦੀ ਲਗਾਉਣ ਅਤੇ ਯੂ.ਐੱਸ.-ਸਥਿਤ ਕੰਪਨੀਆਂ ਨੂੰ ਸਰਕਾਰ ਦੀ ਖਰੀਦ ਪ੍ਰਕਿਰਿਆ ਤੋਂ ਰੋਕਣ 'ਤੇ ਵੀ ਵਿਚਾਰ ਕਰ ਰਿਹਾ ਹੈ।

ਕੈਨੇਡਾ ਦੇ ਵਿੱਤ ਮੰਤਰੀ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਕੁਝ ਰਾਜਾਂ ਦੇ ਪ੍ਰੀਮੀਅਰਾਂ ਨੇ ਉਨ੍ਹਾਂ ਉਤਪਾਦਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਬਰਾਮਦ ਨੂੰ ਰੋਕਣ ਦੀ ਸਲਾਹ ਦਿੱਤੀ ਹੈ, ਜੋ ਕੈਨੇਡਾ ਤੋਂ ਅਮਰੀਕਾ ਨੂੰ ਨਿਰਯਾਤ ਹੁੰਦੇ ਹਨ ਅਤੇ ਜੋ ਅਮਰੀਕਾ ਲਈ ਮਹੱਤਵਪੂਰਨ ਹਨ। ਕੈਨੇਡਾ ਅਮਰੀਕਾ ਨੂੰ ਤੇਲ, ਕੁਦਰਤੀ ਗੈਸ ਅਤੇ ਬਿਜਲੀ ਦੀ ਵੱਡੀ ਮਾਤਰਾ ਵਿਚ ਸਪਲਾਈ ਕਰਦਾ ਹੈ। ਕੁਝ ਪ੍ਰੀਮੀਅਰਾਂ ਨੇ ਅਮਰੀਕਾ ਨੂੰ ਇਸ ਊਰਜਾ ਸਪਲਾਈ ਨੂੰ ਰੋਕਣ ਦੀ ਸਲਾਹ ਦਿੱਤੀ।

# ਦਿਲਜੀਤ ਦੋਸਾਂਝ ਦੱਖਣੀ ਏਸ਼ਿਆਈ ਮਸ਼ਹੂਰ ਹਸਤੀਆਂ ਦੀ ਸੂਚੀ 'ਚ ਪਹਿਲੇ ਸਥਾਨ 'ਤੇ

■ 40 ਸਾਲਾ ਪੰਜਾਬੀ ਗਾਇਕ ਨੇ ਪਿਛਲੇ ਸਾਲ ਦੇ ਮੋਹਰੀ ਸ਼ਾਹਰੁਖ ਖਾਨ ਨੂੰ ਪਿੱਛੇ ਛੱਡਿਆ

**ਲੰਡਨ, (ਪੰਜਾਬ ਮੇਲ)**-ਪ੍ਰਸਿੱਧ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਨੇ ਲੰਡਨ ਵਿਚ ਆਪਣੇ ਮੈਗਾ ਲਾਈਵ ਟੂਰ ਅਤੇ ਬਾਕਸ-ਆਫਿਸ ਦੀ ਸਫ਼ਲਤਾ ਤੋਂ ਬਾਅਦ ਪ੍ਰੀਵਿਊ ਕੀਤੀ 'ਵਿਸ਼ਵ ਦੀਆਂ ਚੋਟੀ ਦੀਆਂ 50 ਏਸ਼ਿਆਈ ਮਸ਼ਹੂਰ ਹਸਤੀਆਂ' ਦੀ ਯੂ.ਕੇ. ਸੂਚੀ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। 40 ਸਾਲਾ ਪੰਜਾਬੀ ਗਾਇਕ ਤੇ ਅਦਾਕਾਰ ਨੇ ਪਿਛਲੇ ਸਾਲ ਦੇ ਮੋਹਰੀ ਸ਼ਾਹਰੁਖ ਖਾਨ ਨੂੰ ਪਛਾੜ ਦਿੱਤਾ ਹੈ ਅਤੇ ਉਹ ਬਰਤਾਨੀਆ ਦੇ ਹਫ਼ਤਾਵਾਰੀ 'ਈਸਟਰਨ ਆਈ' ਵੱਲੋਂ ਪ੍ਰਕਾਸ਼ਿਤ ਸੂਚੀ ਦੇ 2024 ਦੇ ਐਡੀਸ਼ਨ ਵਿਚ ਸਿਨੇਮਾ, ਟੈਲੀਵਿਜ਼ਨ, ਸੰਗੀਤ, ਕਲਾ ਅਤੇ ਸਾਹਿਤ ਦੀ ਦੁਨੀਆਂ ਵਿਚ ਕੌਮਾਂਤਰੀ ਪ੍ਰਤਿਭਾਵਾਂ ਵਿਚੋਂ ਸਭ ਤੋਂ ਅੱਗੇ ਹੈ।

'ਈਸਟਰਨ ਆਈ' ਦੇ ਐਂਟਰਟੇਨਮੈਂਟ ਐਡੀਟਰ ਅਸਜਾਦ ਨਜ਼ੀਰ ਨੇ ਕਿਹਾ, ''ਇਸ ਸੁਪਰਸਟਾਰ ਨੇ ਆਪਣੇ ਬਲਾਕਬਸਟਰ 'ਦਿਲ-ਲੁਮਿਨਾਟੀ' ਸ਼ੋਅ ਨਾਲ ਇਤਿਹਾਸ ਵਿਚ ਕਿਸੇ ਵੀ ਦੱਖਣੀ ਏਸ਼ਿਆਈ ਮਸ਼ਹੂਰ ਹਸਤੀ ਵੱਲੋਂ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਸਫ਼ਲ ਵਰਲਡ ਟੂਰ ਕੀਤਾ ਹੈ।'' ਉਨ੍ਹਾਂ ਕਿਹਾ, ''ਇਸ ਬਹੁ-ਪ੍ਰਤਿਭਾਸ਼ਾਲੀ ਸਿਤਾਰੇ



ਨੇ ਫਿਲਮਾਂ ਵਿਚ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਅਤੇ ਆਪਣੇ ਪੰਜਾਬੀ ਸੱਭਿਆਚਾਰ ਨੂੰ ਅੱਗੇ ਵਧਾਇਆ। ਹਰੇਕ ਕੋਈ ਉਸ ਬਾਰੇ ਗੱਲ ਕਰ ਰਿਹਾ ਸੀ, ਜੋ ਇੱਕ ਸੁਫ਼ਨੇ ਦਾ ਸਾਲ ਬਣ ਗਿਆ।''

ਭਾਰਤੀ ਵਿਰਾਸਤ ਦੀ ਪੌਪ ਸੁਪਰਸਟਾਰ ਚਾਰਲੀ ਐਕਸਸੀਐਕਸ ਦੂਜੇ ਸਥਾਨ 'ਤੇ ਰਹੀ ਹੈ। ਤੀਜੇ ਸਥਾਨ 'ਤੇ ਰਹਿਣ ਵਾਲੇ ਅੱਲੂ ਅਰਜੁਨ ਨੇ ਸਾਲ ਦੀ ਸਭ ਤੋਂ ਸਫ਼ਲ ਭਾਰਤੀ ਫਿਲਮ 'ਪੁਸ਼ਪਾ: ਦਿ ਰੂਲ' ਨਾਲ ਬਾਕਸਆਫ਼ਿਸ ਦੇ ਰਿਕਾਰਡ ਤੋੜ ਦਿੱਤੇ ਅਤੇ ਆਪਣੇ ਵਿਚ ਸਿਨੇਮਾ ਦੇ ਦ੍ਰਿਸ਼ ਨੂੰ ਕਾਫੀ ਹੱਦ ਤੱਕ ਬਦਲ ਦਿੱਤਾ। ਉੱਧਰ, ਚੌਥੇ ਸਥਾਨ 'ਤੇ ਰਹਿਣ ਵਾਲੇ ਦੇਵ ਪਟੇਲ ਨੇ ਹਿੱਟ ਫਿਲਮ 'ਮੰਕੀ ਮੈਨ' ਵਿਚ ਜ਼ਿਕਰਯੋਗ ਲੇਖਨ, ਨਿਰਦੇਸ਼ਨ, ਨਿਰਮਾਣ ਅਤੇ ਅਦਾਕਾਰੀ ਕਰ ਕੇ ਹੌਲੀਵੁੱਡ ਦੇ ਪਾਵਰ ਪਲੇਅਰ ਦੇ ਰੂਪ ਵਿਚ ਆਪਣੀ ਜਗ੍ਹਾ ਪੱਕੀ ਕੀਤੀ।

ਪ੍ਰਿਯੰਕਾ ਚੋਪੜਾ ਫਿਲਮਾਂ ਤੋਂ ਲੈ ਕੇ ਮੈਗਾ-ਬਜਟ ਲੜੀ 'ਸਿਟਾਡੇਲ' ਦੇ ਦੂਜੇ ਸੀਜ਼ਨ 'ਤੇ ਕੰਮ ਸ਼ੁਰੂ ਕਰਨ ਤੱਕ ਦੇ ਹਾਈ ਪ੍ਰੋਫਾਈਲ ਪ੍ਰਾਜੈਕਟਾਂ ਨੂੰ ਸੰਤੁਲਿਤ ਕਰਨ ਲਈ ਪੰਜਵੇਂ ਸਥਾਨ 'ਤੇ ਰਹੀ। ਸਿਆਸੀ ਪਾਰਟੀ ਸ਼ੁਰੂ ਕਰਨ ਵਾਲੇ ਅਤੇ ਸਾਲ ਦੀ ਸਭ ਤੋਂ ਸਫ਼ਲ ਤਾਮਿਲ ਫਿਲਮ ਦੇਣ ਵਾਲੇ ਅਦਾਕਾਰ ਵਿਜੈ ਛੇਵੇਂ ਸਥਾਨ 'ਤੇ ਰਿਹਾ, ਜਦਕਿ ਗਾਇਕ ਅਰਿਜੀਤ ਸਿੰਘ ਸੱਤਵੇਂ ਸਥਾਨ 'ਤੇ ਹੈ। ਸੂਚੀ ਵਿਚ ਸਭ ਤੋਂ ਵੱਧ ਉਮਰ ਵਾਲਾ ਅਦਾਕਾਰ 82 ਸਾਲਾ ਅਮਿਤਾਭ ਬੱਚਨ ਇਕ ਵਾਰ ਫਿਰ ਤੋਂ 26ਵੇਂ ਸਥਾਨ 'ਤੇ ਹੈ, ਜਦਕਿ ਸਭ ਤੋਂ ਘੱਟ ਉਮਰ ਦੀ 17 ਸਾਲਾ ਅਦਾਕਾਰਾ ਨਿਤਾਂਸ਼ੀ ਗੋਇਲ 42ਵੇਂ ਸਥਾਨ 'ਤੇ ਹੈ, ਜਿਸ ਨੇ ਭਾਰਤ ਦੀ ਅਧਿਕਾਰਤ ਆਸਕਰ ਫਿਲਮ 'ਲਾਪਤਾ ਲੇਡੀਜ਼' ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਸੁਖਬੀਰ ਤੇ ਹੋਰ ਅਹੁਦੇਦਾਰਾਂ ਦੇ ਅਸਤੀਫਿਆਂ ਦੇ ਮਾਮਲੇ 'ਚ ਅਕਾਲ ਤਖ਼ਤ ਤੋਂ 20 ਦਿਨਾਂ ਦੀ ਮੋਹਲਤ ਮਿਲੀ: ਭੂੰਦੜ

■ ਅਕਾਲੀ ਦਲ ਵੱਲੋਂ ਜਲਦੀ ਫੈਸਲਾ ਕਰਨ ਦਾ ਦਾਅਵਾ

■ ਨਗਰ ਕੌਂਸਲ ਚੋਣਾਂ ਦੀਆਂ ਤਰੀਕਾਂ 'ਤੇ ਇਤਰਾਜ਼



**ਤਲਵੰਡੀ ਸਾਬੋ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਾਅਵਾ ਕੀਤਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰਨਾਂ ਪਾਰਟੀ ਅਹੁਦੇਦਾਰਾਂ ਵੱਲੋਂ ਦਿੱਤੇ ਅਸਤੀਫਿਆਂ ਨੂੰ ਸਵੀਕਾਰ ਕਰਕੇ ਰਿਪੋਰਟ ਦੇਣ ਦੇ ਮਾਮਲੇ 'ਚ ਪਾਰਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 20 ਦਿਨਾਂ ਦੀ ਮੋਹਲਤ ਮਿਲ ਚੁੱਕੀ ਹੈ।

ਧਾਰਮਿਕ ਸੇਵਾ ਨਿਭਾਉਣ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਪੁੱਜੇ ਸ੍ਰੀ ਭੂੰਦੜ ਨੂੰ ਜਦ ਪੱਤਰਕਾਰਾਂ ਨੇ ਅਕਾਲੀ ਲੀਡਰਸ਼ਿਪ ਦੇ ਅਸਤੀਫਿਆਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਣਾਏ ਹੁਕਮ ਦੀ ਪਾਲਣਾ ਨਾ ਕਰਨ ਸਬੰਧੀ ਸਵਾਲ ਕੀਤਾ, ਤਾਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਅਸਤੀਫਿਆਂ ਦੇ ਮਾਮਲੇ 'ਚ ਸਮੁੱਚੀ ਪ੍ਰਕਿਰਿਆ ਦੇ ਪਾਲਣ ਲਈ 20 ਦਿਨਾਂ ਦੀ ਮੋਹਲਤ ਮੰਗੀ ਗਈ ਸੀ, ਜੋ ਸਿੰਘ ਸਾਹਿਬਾਨ ਵੱਲੋਂ ਦੇ ਦਿੱਤੀ ਗਈ ਹੈ ਅਤੇ ਹੁਣ ਉਸ ਸਮੇਂ ਦੌਰਾਨ ਅਗਲਾ ਫੈਸਲਾ ਲੈ ਲਿਆ ਜਾਵੇਗਾ।

ਬਲਵਿੰਦਰ ਸਿੰਘ ਭੂੰਦੜ ਨੇ ਇਸ ਮੌਕੇ ਸੂਬਾ ਚੋਣ ਕਮਿਸ਼ਨ ਵੱਲੋਂ ਨਗਰ ਕੌਂਸਲ ਚੋਣਾਂ ਕਰਵਾਉਣ ਲਈ ਐਲਾਨੀ ਤਰੀਕ 'ਤੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਸਮੁੱਚੀ ਸਿੱਖ ਕੌਮ 15 ਦਸੰਬਰ ਤੋਂ ਬਾਅਦ ਸ਼ਹੀਦੀ ਪੰਦਰਵਾੜਾ ਮਨਾਉਂਦੀ ਹੈ। ਇਸ ਲਈ ਅਜਿਹੇ ਸਮੇਂ 'ਚ ਚੋਣਾਂ ਕਰਵਾਉਣੀਆਂ ਜਾਇਜ਼ ਨਹੀਂ। ਉਨ੍ਹਾਂ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਸਿੱਖ ਭਾਵਨਾਵਾਂ ਨੂੰ ਸਮਝਦਿਆਂ ਚੋਣ ਤਰੀਕਾਂ 'ਚ ਬਦਲਾਅ ਕੀਤਾ ਜਾਵੇ। ਇਸ ਮੌਕੇ ਜਥੇਦਾਰ ਮੋਹਨ ਸਿੰਘ ਬੰਗੀ, ਭਾਈ ਗੁਰਪ੍ਰੀਤ ਸਿੰਘ ਝੱਬਰ, ਮੇਜਰ ਸਿੰਘ ਢਿੱਲੋਂ ਅਤੇ ਭਾਈ ਸੁਰਜੀਤ ਸਿੰਘ ਰਾਏਪੁਰ ਚਾਰੇ ਮੈਂਬਰ ਸ਼੍ਰੋਮਣੀ ਕਮੇਟੀ ਮੌਜੂਦ ਸਨ।






# ਸੈਲਾਨੀਆਂ ਲਈ ਪਹਿਲੀ ਪਸੰਦ ਬਣਿਆ ਨਿਊਜ਼ੀਲੈਂਡ

**ਵੈਲਿੰਗਟਨ, (ਪੰਜਾਬ ਮੇਲ)**- ਘੁੰਮਣ-ਫਿਰਨ ਦੇ ਸ਼ੁਕੀਨਾਂ ਲਈ ਨਿਊਜ਼ੀਲੈਂਡ ਪਹਿਲੀ ਪਸੰਦ ਬਣ ਗਿਆ ਹੈ। ਨਿਊਜ਼ੀਲੈਂਡ ਵਿਚ ਵਿਦੇਸ਼ੀ ਸੈਲਾਨੀਆਂ ਦੀ ਆਮਦ ਅਕਤੂਬਰ 2024 ਵਿੱਚ 240,200 ਸੀ, ਜੋ ਕਿ ਅਕਤੂਬਰ 2023 ਦੇ ਮੁਕਾਬਲੇ 14,200 ਵੱਧ ਹੈ। ਅੰਕੜਾ ਵਿਭਾਗ ਦੇ ਸਟੈਟਸ ਐੱਨ.ਜ਼ੈਡ. ਨੇ ਸ਼ੁੱਕਰਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ। ਇੱਥੇ ਆਸਟ੍ਰੇਲੀਆ, ਅਮਰੀਕਾ, ਸਿੰਗਾਪੁਰ ਅਤੇ ਬ੍ਰਿਟੇਨ ਤੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਧੀ ਹੈ।

ਸਟੈਟਸ ਐੱਨ.ਜ਼ੈਡ. ਨੇ ਕਿਹਾ ਕਿ ਅਕਤੂਬਰ 2024 ਵਿਚ ਵਿਦੇਸ਼ੀ ਸੈਲਾਨੀਆਂ ਦੀ ਆਮਦ ਅਕਤੂਬਰ 2019 ਵਿਚ 283,800 ਵਿਚੋਂ 85 ਪ੍ਰਤੀਸ਼ਤ ਸੀ, ਜੋ ਕਿ ਕੋਵਿਡ-19



ਮਹਾਮਾਰੀ ਤੋਂ ਪਹਿਲਾਂ ਸੀ। ਅੰਕੜਿਆਂ ਮੁਤਾਬਕ ਅਕਤੂਬਰ 2024 ਵਿਚ 240,200 ਵਿਦੇਸ਼ੀ ਸੈਲਾਨੀਆਂ ਦੀ ਆਮਦ ਵਿਚੋਂ 46 ਫੀਸਦੀ ਆਸਟ੍ਰੇਲੀਆ ਤੋਂ, 9 ਫੀਸਦੀ ਅਮਰੀਕਾ ਤੋਂ, 7 ਫੀਸਦੀ ਚੀਨ ਤੋਂ, 5 ਫੀਸਦੀ ਬ੍ਰਿਟੇਨ ਤੋਂ, 3 ਫੀਸਦੀ ਭਾਰਤ ਤੋਂ ਅਤੇ 3 ਫੀਸਦੀ ਜਰਮਨੀ ਤੋਂ ਸਨ।

ਸਾਲਾਨਾ ਆਮਦ ਦੇ ਸੰਦਰਭ ਵਿਚ ਨਿਊਜ਼ੀਲੈਂਡ ਦੇ ਵਿਦੇਸ਼ੀ ਸੈਲਾਨੀਆਂ ਦੀ ਆਮਦ ਅਕਤੂਬਰ 2024 ਵਿਚ 3.25 ਮਿਲੀਅਨ ਸੀ, ਜੋ ਕਿ ਅਕਤੂਬਰ 2023 ਸਾਲ ਨਾਲੋਂ 413,000 ਵੱਧ ਹੈ, ਜਿਸ ਵਿਚ ਚੀਨ, ਆਸਟ੍ਰੇਲੀਆ, ਸੰਯੁਕਤ ਰਾਜ, ਦੱਖਣੀ ਕੋਰੀਆ ਅਤੇ ਜਾਪਾਨ ਤੋਂ ਆਮਦ ਵਿਚ ਸਭ ਤੋਂ ਵੱਡਾ ਬਦਲਾਅ ਹੈ। ਇਸ ਵਿਚ ਕਿਹਾ ਗਿਆ ਹੈ ਕਿ ਅਕਤੂਬਰ 2024 ਸਾਲ ਵਿਚ ਨਿਊਜ਼ੀਲੈਂਡ ਨਿਵਾਸੀ ਯਾਤਰੀਆਂ ਦੀ ਆਮਦ 2.97 ਮਿਲੀਅਨ ਸੀ, ਜੋ ਅਕਤੂਬਰ 2023 ਸਾਲ ਨਾਲੋਂ 383,000 ਵੱਧ ਹੈ। ਬਾਰਡਰ ਕ੍ਰਾਸਿੰਗ ਦੇ ਸਬੰਧ ਵਿਚ ਅਕਤੂਬਰ 2024 ਵਿਚ 1.07 ਮਿਲੀਅਨ ਬਾਰਡਰ ਕ੍ਰਾਸਿੰਗ ਸਨ, ਜਿਨ੍ਹਾਂ ਵਿਚ 569,900 ਆਗਮਨ ਅਤੇ 504,400 ਰਵਾਨਗੀ ਸਨ। ਅਕਤੂਬਰ 2023 ਵਿਚ 1.02 ਮਿਲੀਅਨ ਬਾਰਡਰ ਕ੍ਰਾਸਿੰਗ ਦਰਜ ਕੀਤੇ ਗਏ ਸਨ।

# ਟਰੰਪ ਵੱਲੋਂ ਯੂਕਰੇਨ ਨੂੰ ਅਮਰੀਕੀ ਹਥਿਆਰ ਵਰਤਣ ਦੀ ਇਜਾਜ਼ਤ ਦੇਣ ਦੇ ਬਾਇਡਨ ਦੇ ਫ਼ੈਸਲੇ ਨੂੰ ਪਲਟਣ ਦੇ ਸੰਕੇਤ

**ਪਾਮ ਬੀਚ (ਅਮਰੀਕਾ), (ਪੰਜਾਬ ਮੇਲ)**- ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਕੇਤ ਦਿੱਤਾ ਕਿ ਉਹ ਯੂਕਰੇਨ ਦੀ ਫੌਜ ਨੂੰ ਰੂਸ ਦੇ ਅੰਦਰੂਨੀ ਹਿੱਸੇ 'ਤੇ ਹਮਲਾ ਕਰਨ ਲਈ ਅਮਰੀਕੀ ਹਥਿਆਰਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਵਾਲੇ ਰਾਸ਼ਟਰਪਤੀ ਜੋਅ ਬਾਇਡਨ ਦੇ ਤਾਜ਼ਾ ਫੈਸਲੇ ਨੂੰ ਪਲਟ ਸਕਦੇ ਹਨ। ਟਰੰਪ ਨੇ ਪਿਛਲੇ ਮਹੀਨੇ ਬਾਇਡਨ ਵੱਲੋਂ ਲਏ ਗਏ ਫੈਸਲੇ ਨੂੰ 'ਮੂਰਖਤਾ' ਵਾਲਾ ਫ਼ੈਸਲਾ ਦੱਸਿਆ ਸੀ। ਉਨ੍ਹਾਂ ਇਸ ਗੱਲ 'ਤੇ ਵੀ ਰੋਸ ਜਤਾਇਆ ਕਿ ਬਾਇਡਨ ਨੇ ਇਹ ਫ਼ੈਸਲਾ ਲੈਣ ਤੋਂ ਪਹਿਲਾਂ ਅਗਾਮੀ ਪ੍ਰਸ਼ਾਸਨ ਨਾਲ ਸਲਾਹ-ਮਸ਼ਵਰਾ ਵੀ ਨਹੀਂ ਕੀਤਾ। ਯੂਕਰੇਨ ਲੰਮੇ ਸਮੇਂ ਤੋਂ ਆਪਣੀ ਸਰਹੱਦ ਤੋਂ ਸੈਂਕੜੇ ਮੀਲ ਦੂਰ ਰੂਸੀ ਟਿਕਾਣਿਆਂ 'ਤੇ ਹਮਲਾ ਕਰਨ ਲਈ ਅਮਰੀਕੀ ਹਥਿਆਰਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਚਾਹੁੰਦਾ ਸੀ। ਪਾਬੰਦੀਆਂ ਵਿਚ ਢਿੱਲ ਦਿੰਦਿਆਂ ਬਾਇਡਨ ਨੇ ਰੂਸ ਦੇ ਅੰਦਰੂਨੀ ਖੇਤਰ ਵਿਚ ਹਮਲੇ ਲਈ ਯੂਕਰੇਨ ਨੂੰ ਅਮਰੀਕਾ ਵੱਲੋਂ ਮੁਹੱਈਆ ਕਰਵਾਏ ਗਏ 'ਆਰਮੀ ਟੈਕਟੀਕਲ ਮਿਜ਼ਾਈਲ ਸਿਸਟਮ' ਦੀ ਵਰਤੋਂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਬਾਰੇ ਟਰੰਪ ਨੇ ਕਿਹਾ, 'ਮੈਨੂੰ ਨਹੀਂ ਲੱਗਦਾ ਕਿ ਇਸ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਸੀ। ਖਾਸ ਤੌਰ 'ਤੇ ਉਦੋਂ, ਜਦੋਂ ਮੇਰਾ ਪ੍ਰਸ਼ਾਸਨ ਕੰਮ ਸੰਭਾਲਣ ਵਾਲਾ ਹੈ। ਇਸ ਬਾਰੇ ਮੇਰੇ ਵਿਚਾਰ ਜਾਣੇ ਬਿਨਾਂ ਉਨ੍ਹਾਂ ਇਹ ਫ਼ੈਸਲਾ ਲਿਆ ਹੈ। ਮੈਂ ਉਨ੍ਹਾਂ ਨੂੰ ਅਜਿਹਾ ਕਰਨ ਲਈ ਨਾ ਕਹਿੰਦਾ। ਮੈਨੂੰ ਲੱਗਦਾ ਹੈ ਕਿ ਇਹ ਵੱਡੀ ਗਲਤੀ ਸੀ।'

# ਬਾਇਡਨ ਨੇ ਟਰੰਪ ਦੇ ਟੈਰਿਫ ਨਜ਼ਰੀਏ ਨੂੰ 'ਵੱਡੀ ਗਲਤੀ' ਦੱਸਿਆ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ ਨਜ਼ਰੀਏ ਨੂੰ 'ਵੱਡੀ ਗਲਤੀ' ਦੱਸਿਆ। ਉਨ੍ਹਾਂ ਨੇ ਵਾਸ਼ਿੰਗਟਨ ਸਥਿਤ ਥਿੰਕ ਟੈਂਕ ਬਰੁਕਿੰਗਜ਼ ਇੰਸਟੀਚਿਊਸ਼ਨ ਵਿਚ ਦਿੱਤੇ ਭਾਸ਼ਣ ਵਿਚ ਇਸ ਬਾਰੇ ਟਿੱਪਣੀ ਕੀਤੀ। ਬਾਇਡਨ ਨੇ ਕਿਹਾ, "ਅਜਿਹਾ ਲੱਗਦਾ ਹੈ ਕਿ ਉਹ (ਟਰੰਪ) ਇਸ ਦੇਸ਼ ਵਿਚ ਆਯਾਤ ਕੀਤੇ ਜਾਣ ਵਾਲੇ ਸਾਰੇ ਸਾਮਾਨਾਂ 'ਤੇ ਵੱਡੇ ਪੱਧਰ 'ਤੇ ਯੂਨੀਵਰਸਲ ਟੈਰਿਫ ਲਗਾਉਣ ਲਈ ਦ੍ਰਿੜ੍ਹ ਹਨ, ਇਸ ਗਲਤ ਧਾਰਨਾਂ ਦੇ ਨਾਲ ਕਿ ਅਮਰੀਕੀ ਖਪਤਕਾਰਾਂ ਦੀ ਬਜਾਏ ਵਿਦੇਸ਼ੀ ਦੇਸ਼ ਟੈਰਿਫ ਦੀ ਲਾਗਤ ਚੁਕਾਉਣਗੇ।" ਬਾਇਡਨ ਨੇ ਕਿਹਾ, "ਤੁਹਾਨੂੰ ਕੀ ਲੱਗਦਾ ਹੈ ਕਿ ਇਸਦਾ ਭੁਗਤਾਨ ਕੌਣ ਕਰੇਗਾ? ਮੇਰਾ ਮੰਨਣਾ ਹੈ ਕਿ ਇਹ ਨਜ਼ਰੀਆ ਇਕ ਵੱਡੀ ਗਲਤੀ ਹੈ। ਅਸੀਂ ਪਿਛਲੇ 4 ਸਾਲਾਂ ਵਿਚ ਸਾਬਤ ਕੀਤਾ ਹੈ ਕਿ ਇਹ ਦ੍ਰਿਸ਼ਟੀਕੋਣ ਇਕ ਗਲਤੀ ਹੈ।"

ਹਾਲ ਹੀ ਵਿਚ, ਟਰੰਪ ਨੇ ਐਲਾਨ ਕੀਤਾ ਕਿ ਉਹ ਜਨਵਰੀ ਵਿਚ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਅਜਿਹੇ ਹੁਕਮਾਂ 'ਤੇ ਦਸਤਖਤ ਕਰਨਗੇ, ਜਿਸ ਦੇ ਤਹਿਤ ਮੈਕਸੀਕੋ ਅਤੇ ਕੈਨੇਡਾ ਤੋਂ ਆਉਣ ਵਾਲੇ ਸਾਰੇ ਸਮਾਨ 'ਤੇ 25 ਫ਼ੀਸਦੀ ਟੈਰਿਫ ਲਗਾਇਆ ਜਾਵੇਗਾ। ਇਹ ਉਦੋਂ ਤੱਕ ਲਾਗੂ ਰਹੇਗਾ, ਜਦੋਂ ਤੱਕ ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਨਸ਼ੀਲੇ ਪਦਾਰਥਾਂ, ਖਾਸ ਤੌਰ 'ਤੇ ਫੈਂਟਾਨਿਲ ਨੂੰ ਆਪਣੇ ਦੇਸ਼ਾਂ ਤੋਂ ਅਮਰੀਕਾ ਵਿਚ ਆਉਣ ਤੋਂ ਨਹੀਂ ਰੋਕਦੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜੇਕਰ ਚੀਨ ਨੇ ਫੈਂਟਾਨਾਇਲ ਡਰੱਗਜ਼ ਨੂੰ ਅਮਰੀਕਾ ਆਉਣ ਤੋਂ ਰੋਕਣ ਲਈ ਫੈਸਲਾਕੁੰਨ ਕਾਰਵਾਈ ਨਾ ਕੀਤੀ, ਤਾਂ ਉਹ ਚੀਨ ਤੋਂ ਆਉਣ ਵਾਲੇ ਸਾਮਾਨ 'ਤੇ ਮੌਜੂਦਾ ਦਰਾਂ ਤੋਂ ਇਲਾਵਾ 10 ਫੀਸਦੀ ਵਾਧੂ ਟੈਰਿਫ ਲਗਾਉਣਗੇ।

## ਟਰੰਪ ਵੱਲੋਂ ਬਾਇਡਨ 'ਤੇ ਯੂਕਰੇਨ ਰਾਹੀਂ ਟੈਕਸ ਚੋਰੀ ਦਾ ਦੋਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਹੁਦਾ ਛੱਡ ਰਹੇ ਰਾਸ਼ਟਰਪਤੀ ਜੋਅ ਬਾਇਡਨ 'ਤੇ ਚੁਟਕੀ ਲੈਂਦਿਆਂ ਕਿਹਾ ਹੈ ਕਿ ਯੂਕਰੇਨ ਨੂੰ ਫੰਡ ਦੇਣਾ ਅਮਰੀਕੀ ਟੈਕਸਦਾਤਾਵਾਂ ਦੇ ਪੈਸੇ ਦਾ ਗਬਨ ਕਰਨ ਦੇ ਬਰਾਬਰ ਹੈ। ਟਰੰਪ ਨੇ ਟਰੂਥ ਸੋਸ਼ਲ 'ਤੇ ਇਕ ਪੋਸਟ ਵਿਚ ਦੱਸਿਆ ਕਿ 'ਬਾਇਡਨੋਮਿਕਸ ਕਿਵੇਂ ਕੰਮ ਕਰਦਾ ਹੈ।" ਉਨ੍ਹਾਂ ਲਿਖਿਆ, "ਬਾਇਡੇਨੋਮਿਕਸਸ਼ 1. ਤੁਸੀਂ ਟੈਕਸ ਅਦਾ ਕਰਦੇ ਹੋ। 2. ਮੈਂ (ਬਾਇਡਨ) ਇਸਨੂੰ ਯੂਕਰੇਨ ਭੇਜਦਾ ਹਾਂ। 3. ਉਹ ਇਸਨੂੰ ਹੰਟਰ (ਬਾਇਡਨ ਦੇ ਪੁੱਤਰ) ਨੂੰ ਵਾਪਸ ਭੇਜਦੇ ਹਨ। 4. ਹੰਟਰ ਇਹ ਮੈਨੂੰ ਦਿੰਦਾ ਹੈ। 5. ਹੰਟਰ ਨੂੰ ਮਾਫ਼ ਕਰੋ।" ਜ਼ਿਕਰਯੋਗ ਹੈ ਕਿ 01 ਦਸੰਬਰ ਨੂੰ ਬਾਇਡਨ ਨੇ ਆਪਣੇ ਬੇਟੇ ਹੰਟਰ ਨੂੰ ਮਾਫ ਕਰਨ ਦੇ ਇਕ ਕਾਰਜਕਾਰੀ ਹੁਕਮ 'ਤੇ ਦਸਤਖਤ ਕੀਤੇ ਸਨ। ਨਵੇਂ ਚੁਣੇ ਗਏ ਰਾਸ਼ਟਰਪਤੀ ਨੇ ਮਾਫੀ ਦੇ ਹੁਕਮ ਦੀ ਆਲੋਚਨਾ ਕਰਦੇ ਹੋਏ ਇਸ ਨੂੰ 'ਨਿਆਂ ਦੀ ਦੁਰਵਰਤੋਂ ਅਤੇ ਦੁਰਵਿਵਹਾਰ' ਕਰਾਰ ਦਿੱਤਾ। ਇਸ ਦੌਰਾਨ ਅਮਰੀਕੀ ਅਰਬਪਤੀ ਉਦਯੋਗਪਤੀ ਐਲੋਨ ਮਸਕ ਨੇ ਕਿਹਾ ਕਿ ਬਾਇਡਨ ਦੀ ਮਾਫੀ ਹੰਟਰ ਦੇ ਯੂਕਰੇਨੀ ਊਰਜਾ ਕੰਪਨੀ ਬੁਰੀਸਮਾ ਵਿਚ ਕੰਮ ਕਰਨ ਦੀ ਮਿਆਦ ਨਾਲ ਮੇਲ ਖਾਂਦੀ ਹੈ।

ਦੱਸ ਦੇਈਏ ਕਿ ਹੰਟਰ ਬਾਇਡਨ ਨੂੰ ਟੈਕਸ ਚੋਰੀ ਦੇ ਦੋਸ਼ਾਂ ਵਿਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਸ ਨੂੰ ਨਸ਼ੀਲੇ ਪਦਾਰਥਾਂ ਦਾ ਗੈਰ-ਕਾਨੂੰਨੀ ਉਪਭੋਗਤਾ ਹੋਣ ਅਤੇ ਬੰਦੂਕ ਰੱਖਣ ਦਾ ਦੋਸ਼ੀ ਪਾਇਆ ਗਿਆ ਸੀ। ਉਹ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਕਿਸੇ ਮੌਜੂਦਾ ਰਾਸ਼ਟਰਪਤੀ ਦਾ ਪਹਿਲਾ ਬੱਚਾ ਬਣ ਗਿਆ। ਉਸ 'ਤੇ 2017 ਅਤੇ 2018 ਵਿਚ 100,000 ਡਾਲਰ ਤੋਂ ਵੱਧ ਟੈਕਸਾਂ ਦਾ ਭੁਗਤਾਨ ਨਾ ਕਰਨ ਲਈ ਜਾਣਬੁੱਝ ਕੇ ਚੋਰੀ ਦੇ 2 ਮਾਮਲਿਆਂ 'ਚ ਦੋਸ਼ ਲਗਾਇਆ ਗਿਆ ਸੀ ਅਤੇ ਵੱਖ ਤੋਂ 2018 ਵਿਚ ਗੈਰ-ਕਾਨੂੰਨੀ ਡਰੱਗਜ਼ ਦੀ ਵਰਤੋਂ ਕਰਦੇ ਹੋਏ ਕੋਲਟ ਪਿਸਤੌਲ ਰੱਖਣ ਦਾ ਦੋਸ਼ ਲਗਾਇਆ ਗਿਆ ਸੀ, ਜੋ ਕਾਨੂੰਨ ਦੀ ਉਲੰਘਣਾ ਵੀ ਕਰਦਾ ਹੈ। ਇਸ ਲਈ ਵੱਧ ਤੋਂ ਵੱਧ 10 ਸਾਲ ਦੀ ਕੈਦ ਹੋ ਸਕਦੀ ਹੈ। ਉਸ ਨੂੰ ਦਸੰਬਰ ਵਿਚ ਸਜ਼ਾ ਸੁਣਾਈ ਜਾਣੀ ਸੀ।

## 2040 ਤੱਕ ਤਪਦਿਕ ਕਾਰਨ 80 ਲੱਖ ਮੌਤਾਂ ਹੋਣ ਦਾ ਖਦਸ਼ਾ

**ਨਵੀਂ ਦਿੱਲੀ, (ਪੰਜਾਬ ਮੇਲ)-** 2040 ਤੱਕ ਭਾਰਤ 'ਚ ਤਪਦਿਕ ਦੇ 6.2 ਕਰੋੜ ਤੋਂ ਵੱਧ ਨਵੇਂ ਮਾਮਲੇ ਸਾਹਮਣੇ ਆਉਣ, ਇਸ ਬੀਮਾਰੀ ਕਾਰਨ 80 ਲੱਖ ਮੌਤਾਂ ਹੋ ਜਾਣ ਤੇ ਜੀ.ਡੀ.ਪੀ. ਦੇ 146 ਬਿਲੀਅਨ ਡਾਲਰ ਤੋਂ ਵੱਧ ਦਾ ਨੁਕਸਾਨ ਹੋ ਜਾਣ ਦਾ ਖਦਸ਼ਾ ਹੈ। ਇਕ ਅਧਿਐਨ 'ਚ ਇਹ ਦਾਅਵਾ ਕੀਤਾ ਗਿਆ ਹੈ। ਬ੍ਰਿਟੇਨ ਦੇ ਲੰਡਨ ਸਕੂਲ ਆਫ ਹਾਈਜੀਨ ਐਂਡ ਟ੍ਰਾਪੀਕਲ ਮੈਡੀਸਨ ਦੇ ਮਾਹਿਰਾਂ ਸਮੇਤ ਖੋਜਕਰਤਾਵਾਂ ਨੇ ਕਿਹਾ ਕਿ ਘੱਟ ਆਮਦਨੀ ਵਾਲੇ ਪਰਿਵਾਰ ਸਿਹਤ ਸਬੰਧੀ ਸਮੱਸਿਆਵਾਂ ਵੱਡੇ ਪੱਧਰ 'ਤੇ ਝੱਲਣਗੇ। ਉੱਚ ਆਮਦਨੀ ਵਾਲੇ ਪਰਿਵਾਰਾਂ ਨੂੰ ਇਸ ਬੀਮਾਰੀ ਕਾਰਨ ਆਰਥਿਕ ਭਾਰ ਦਾ ਵੱਡਾ ਹਿੱਸਾ ਝੱਲਣਾ ਪਏਗਾ।

ਤਪਦਿਕ ਬੈਕਟੀਰੀਆ ਵੱਲੋਂ ਪੈਦਾ ਕੀਤੀ ਬੀਮਾਰੀ ਹੈ, ਜੋ ਹਵਾ ਰਾਹੀਂ ਫੈਲ ਸਕਦੀ ਹੈ। ਇਨਫੈਕਸ਼ਨ ਦਾ ਸ਼ਿਕਾਰ ਵਿਅਕਤੀ ਜਦੋਂ ਖੰਘਦਾ ਹੈ, ਨਿੱਛਾਂ ਮਾਰਦਾ ਹੈ ਜਾਂ ਬੋਲਦਾ ਹੈ ਤਾਂ ਇਸ ਦੇ ਜੀਵਾਣੂ ਫੈਲਦੇ ਹਨ। ਇਹ ਸਥਿਤੀ ਜੋ ਮੁੱਖ ਰੂਪ 'ਚ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਘਾਤਕ ਹੋ ਸਕਦੀ ਹੈ ਕਿਉਂਕਿ ਇਹ ਦੂਜੇ ਅੰਗਾਂ 'ਚ ਵੀ ਫੈਲ ਸਕਦੀ ਹੈ।

ਸਫਾ 1 ਦਾ ਬਾਕੀ

## ਅਮਰੀਕਾ 'ਚ ਇਮੀਗ੍ਰੇਸ਼ਨ ਬੈਕਲਾਗ ...

ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ 10 ਲੱਖ ਤੋਂ ਵਧ ਭਾਰਤੀ ਗਰੀਨ ਕਾਰਡਾਂ ਦੀ ਉਡੀਕ ਕਰ ਰਹੇ ਹਨ। ਇਹ ਬਿਨੈਕਾਰ ਪਰਿਵਾਰਕ ਅਰਜ਼ੀਆਂ ਨਾਲ ਸੰਬੰਧਤ ਹਨ।

ਇਕ ਰਿਪੋਰਟ ਅਨੁਸਾਰ ਇਸ ਵੇਲੇ ਵਿਸ਼ਵ ਭਰ ਦੇ ਪਰਿਵਾਰਕ ਵੀਜ਼ਿਆਂ ਲਈ ਵੱਡੀ ਗਿਣਤੀ ਅਰਜ਼ੀਆਂ ਬਕਾਇਆ ਪਈਆਂ ਹਨ। ਸਭ ਤੋਂ ਜ਼ਿਆਦਾ ਅਰਜ਼ੀਆਂ ਐੱਫ4 ਵੀਜ਼ਾ ਲਈ ਯਾਨੀ ਕਿ ਅਮਰੀਕੀ ਨਾਗਰਿਕਾਂ ਦੇ ਭੈਣ-ਭਰਾ ਲਈ ਬਕਾਇਆ ਪਈਆਂ ਹਨ। ਇਸ ਵਿਚ ਵਿਸ਼ਵ ਭਰ ਤੋਂ 22 ਲੱਖ ਦੇ ਕਰੀਬ ਬਿਨੈਕਾਰ ਉਡੀਕ ਕਰ ਰਹੇ ਹਨ। ਅਮਰੀਕੀ ਨਾਗਰਿਕਾਂ ਦੇ ਵਿਆਹੇ ਬੱਚਿਆਂ ਦੀ ਗਿਣਤੀ 6 ਲੱਖ ਦੇ ਕਰੀਬ ਹੈ। ਗਰੀਨ ਕਾਰਡ ਹੋਲਡਰ ਦੇ ਅਣਵਿਆਹੇ ਬਾਲਗ ਬੱਚਿਆਂ ਦੇ ਬਿਨੈਕਾਰਾਂ ਦੀ ਗਿਣਤੀ 4 ਲੱਖ ਦੇ ਕਰੀਬ ਹੈ। ਗਰੀਨ ਕਾਰਡ ਹੋਲਡਰ ਦੇ ਜੀਵਨ ਸਾਥੀ ਅਤੇ ਬੱਚਿਆਂ ਲਈ ਸਾਢੇ 3 ਲੱਖ ਦੇ ਕਰੀਬ ਅਰਜ਼ੀਆਂ ਪੈਂਡਿੰਗ ਪਈਆਂ ਹਨ। ਜਦਕਿ ਅਮਰੀਕੀ ਨਾਗਰਿਕਾਂ ਦੇ ਅਣਵਿਆਹੇ ਬੱਚਿਆਂ ਲਈ 2 ਲੱਖ 60 ਹਜ਼ਾਰ ਤੋਂ ਵੱਧ ਬਿਨੈਕਾਰਾਂ ਨੇ ਆਪਣੀਆਂ ਅਰਜ਼ੀਆਂ ਪਾਈਆਂ ਹੋਈਆਂ ਹਨ।

ਜੇ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਉਡੀਕ ਸਮੇਂ ਵਿਚ ਕਾਫੀ ਰਾਹਤ ਮਿਲਣ ਵਾਲੀ ਹੈ। ਦੋਵੇਂ ਸੈਨੇਟ ਮੈਂਬਰਾਂ ਨੇ ਉਮੀਦ ਜ਼ਾਹਿਰ ਕੀਤੀ ਹੈ ਕਿ ਮਨੁੱਖੀ ਅਧਿਕਾਰ ਦੇ ਮੱਦੇਨਜ਼ਰ ਇਸ ਬਿੱਲ ਨੂੰ ਭਾਰੀ ਬਹੁਮਤ ਨਾਲ ਪਾਸ ਕੀਤਾ ਜਾਵੇ।

ਸਫਾ 1 ਦਾ ਬਾਕੀ

## ਵਰਕ ਪਰਮਿਟ ਦੀ ਮਿਆਦ 180 ਦਿਨਾਂ ..

ਯੂ.ਐੱਸ.ਸੀ.ਆਈ.ਐੱਸ. ਦੇ ਨਿਰਦੇਸ਼ਕ ਉਰ ਐੱਮ. ਜਾਡੌ ਨੇ ਅੱਗੇ ਕਿਹਾ ਕਿ ਨਵਾਂ ਨਿਯਮ ਕਰਮਚਾਰੀਆਂ ਦੇ ਬਿਨਾਂ ਕਿਸੇ ਕਸੂਰ ਦੇ ਕੰਮ ਦੇ ਅਧਿਕਾਰ ਵਿਚ ਪਾੜੇ ਨੂੰ ਰੋਕਣ ਵਿਚ ਮਦਦ ਕਰਦਾ ਹੈ। ਇਹ ਨਿਯਮ ਈ.ਏ.ਡੀ. ਨਵਿਆਉਣ ਦੀਆਂ ਅਰਜ਼ੀਆਂ 'ਤੇ ਲਾਗੂ ਹੋਵੇਗਾ, ਜੋ 4 ਮਈ, 2022 ਨੂੰ ਜਾਂ ਇਸ ਤੋਂ ਬਾਅਦ ਦਾਇਰ ਕੀਤੀਆਂ ਗਈਆਂ ਹਨ, ਅਤੇ ਜੋ ਅਜੇ ਵੀ ਉਡੀਕ ਕਰ ਰਹੀਆਂ ਹਨ। ਇਹ ਪ੍ਰੋਸੈਸਿੰਗ ਵਿਚ ਦੇਰੀ ਨੂੰ ਘਟਾਉਣ ਅਤੇ ਕਰਮਚਾਰੀਆਂ ਲਈ ਨੌਕਰੀ ਦੀ ਸਥਿਰਤਾ 'ਚ ਸੁਧਾਰ ਕਰਨ ਵਿਚ ਸਹਾਈ ਹੋਵੇਗੀ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**




# PUNJAB MAIL USA

TV Channel, Newspaper, Radio

All over America, Canada, Australia & Europe

## 24 Hours 7 Days



Gold # 2867, Gem # 375, TV Zon # 6888,
Glow TV # 1828, Tashan # 131, Real TV etc.

For any Information & Advertisement Call at

**+1-916-320-9444**

E-mail: punjabmailtv@gmail.com | Web: punjabmailusa.com

Iphone/Andriod App : Punjab Mail USA | Facebook Page : Punjab Mail USA

# ਸਥਾਨਕ ਸਰਕਾਰਾਂ, ਸਰਕਾਰੀ ਹੱਥ ਠੋਕਾ ਨਾ ਬਨਣ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਸਥਾਨਕ ਸਰਕਾਰਾਂ ਅਰਥਾਤ ਨਗਰ ਨਿਗਮ, ਨਗਰ ਕੌਂਸਲਾਂ, ਮਿਊਂਸਪਲ ਪੰਚਾਇਤਾਂ, ਗ੍ਰਾਮ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਸਰਕਾਰ ਵਲੋਂ ਸਰਕਾਰੀ ਸੰਸਥਾਵਾਂ ਬਣਾਕੇ ਰੱਖ ਦਿੱਤੀਆਂ ਗਈਆਂ ਹਨ, ਹਾਲਾਂਕਿ ਵਿਧਾਨਿਕ ਤੌਰ 'ਤੇ ਸਥਾਨਕ ਸਰਕਾਰਾਂ ਦਾ ਰੁਤਬਾ ਲੋਕ ਸਭਾ, ਵਿਧਾਨ ਸਭਾ ਵਰਗਾ ਹੈ।

ਦੇਸ਼ ਦੀ ਸਰਕਾਰ ਚੁਣਨ ਲਈ ਲੋਕ ਸਭਾ ਦੀ ਚੋਣ ਹਰ ਪੰਜ ਵਰ੍ਹਿਆਂ ਬਾਅਦ ਹੁੰਦੀ ਹੈ। ਸੂਬੇ ਦੀ ਵਿਧਾਨ ਸਭਾ ਦੀ ਚੋਣ ਵੀ ਹਰ ਪੰਜ ਵਰ੍ਹਿਆਂ ਬਾਅਦ ਚੁਣੀ ਜਾਂਦੀ ਹੈ। ਸਥਾਨਕ ਸਰਕਾਰਾਂ ਦੀ ਚੋਣਾਂ ਵੀ ਪੰਜ ਵਰ੍ਹਿਆਂ ਬਾਅਦ ਕੀਤੀ ਜਾਣੀ ਤਹਿ ਹਨ। ਪਰ ਕਿਉਂਕਿ ਸਰਕਾਰੀ ਪੰਜਾ ਸਥਾਨਕ ਸਰਕਾਰਾਂ ਦੇ ਉਤੇ ਹੈ, ਅਤੇ ਸਰਕਾਰ ਵਲੋਂ ਨਿਯਮਾਂ-ਵਿਨਿਯਮਾਂ ਦੀ ਵਰਤੋਂ ਕਰਦਿਆਂ ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ ਸਿਆਸੀ ਲਾਹਾ ਲੈਣ ਲਈ ਲਮਕਾ ਦਿੱਤੀਆਂ ਜਾਂਦੀਆਂ ਹਨ।

ਪੰਚਾਇਤ ਐਕਟ ਅਨੁਸਾਰ ਗ੍ਰਾਮ ਪੰਚਾਇਤਾਂ ਦੀ ਚੋਣ 5 ਵਰ੍ਹਿਆਂ ਬਾਅਦ ਕਰਵਾਉਣੀ ਹੀ ਪੈਂਦੀ ਹੈ। ਪੰਜਾਬ 'ਚ ਇਸ ਵੇਰ ਸਮੇਂ ਤੋਂ ਪਹਿਲਾਂ ਪੰਚਾਇਤਾਂ ਭੰਗ ਕਰਕੇ ਪਿੰਡਾਂ ਦੇ ਲੋਕਾਂ ਦੇ ਸੰਵਿਧਾਨਿਕ ਹੱਕ ਖੋਹਣ ਦਾ ਯਤਨ ਹੋਇਆ, ਫਿਰ 5 ਸਾਲ ਪੂਰੇ ਹੋਣ ਉਪਰੰਤ ਪੰਚਾਇਤਾਂ ਦੇ ਪ੍ਰਬੰਧਕ ਲਗਾ ਦਿੱਤੇ ਗਏ ਅਤੇ ਪੰਚਾਇਤਾਂ ਦਾ ਕੰਮਕਾਰ ਸਿੱਧਾ ਸਰਕਾਰੀ ਮਸ਼ੀਨਰੀ ਦੇ ਹੱਥ ਆ ਗਿਆ।

ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮਾਂ 'ਤੇ ਹੀ ਪੰਚਾਇਤਾਂ, (ਜੋ ਪਿੰਡ ਦੀ ਮੁੱਢਲੀ ਸਥਾਨਕ ਸਰਕਾਰ ਹੈ) ਦੀਆਂ ਚੋਣਾਂ ਹੋ ਸਕੀਆਂ। ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਦੀ ਮਿਆਦ ਕਦੋਂ ਦੀ ਮੁੱਕ ਚੁੱਕੀ ਹੈ, ਪਰ ਇਨ੍ਹਾਂ ਦੀ ਚੋਣ ਦਾ ਹਾਲੇ ਕੋਈ ਨਾਮੋ-ਨਿਸ਼ਾਨ ਨਹੀਂ ਦਿਸਦਾ।

ਜਿਵੇਂ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੇ ਕਾਨੂੰਨੀ ਡੰਡੇ ਨਾਲ ਚੋਣਾਂ ਕਰਵਾਈਆਂ, ਇਵੇਂ ਹੀ ਪੰਜਾਬ ਦੇ ਸ਼ਹਿਰੀ ਲੋਕਾਂ ਨੇ ਪੰਜਾਬ ਹਰਿਆਣਾ ਹਾਈਕੋਰਟ ਦਾ ਦਰ ਖੜਕਾ ਮਿਊਂਸਪਲ ਚੋਣਾਂ ਦਾ ਰਾਹ ਖੁੱਲ੍ਹਵਾਇਆ। ਪੰਜ ਨਗਰ ਨਿਗਮਾਂ ਅਤੇ 44 ਨਗਰ ਕੌਂਸਲਾਂ ਪੰਚਾਇਤਾਂ ਦੀਆਂ ਚੋਣਾਂ ਅਦਾਲਤੀ ਹੁਕਮਾਂ 'ਤੇ ਹੀ ਸਿਰੇ ਚੜ੍ਹ ਸਕੀਆਂ ਹਨ।

ਫਗਵਾੜਾ ਨਗਰ ਨਿਗਮ ਦੀ ਚੋਣ 10 ਵਰ੍ਹਿਆਂ ਬਾਅਦ, ਹੋਰ 4 ਨਿਗਮਾਂ ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਜਲੰਧਰ ਦੀਆਂ ਚੋਣਾਂ, ਮਿਆਦ ਬੀਤਣ ਦੇ ਲੰਮਾ ਸਮਾਂ ਬਾਅਦ ਹੀ ਦੇਸ਼ ਦੀ ਉੱਚ ਅਦਾਲਤ ਦੇ ਹੁਕਮਾਂ 'ਤੇ ਹੋ ਸਕੀਆਂ ਹਨ। ਇਹ ਚੋਣਾਂ ਕਰਵਾਉਣ ਸਬੰਧੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਦੀ ਬਹੁਤ ਕਿਰਕਿਰੀ ਹੋਈ, ਕਿਉਂਕਿ ਸਰਕਾਰ ਆਪਣੇ ਲਈ ਇਹ ਚੋਣਾਂ ਕਰਵਾਉਣ ਵਾਸਤੇ ਢੁੱਕਵਾਂ ਸਮਾਂ ਉਡੀਕ ਰਹੀ ਸੀ, ਜਦਕਿ ਹੋਰ ਸਿਆਸੀ ਧਿਰਾਂ ਇਹ ਲਮਕ ਰਹੀਆਂ ਚੋਣਾਂ ਤੁਰੰਤ ਕਰਵਾਉਣ ਦੇ ਹੱਕ ਵਿਚ ਸਨ।

ਹੁਣ ਜਦੋਂ ਇਨ੍ਹਾਂ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ, ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਆਪੋ-ਆਪਣਾ ਸਿਆਸੀ ਆਧਾਰ ਪੱਕਾ ਕਰਨ ਲਈ ਪਾਰਟੀ ਚੋਣ ਨਿਸ਼ਾਨਾਂ 'ਤੇ ਚੋਣਾਂ ਲੜ ਰਹੀਆਂ ਹਨ। ਸਥਾਨਕ ਪਾਰਟੀ ਵਰਕਰ ਇਨ੍ਹਾਂ ਚੋਣਾਂ 'ਚ ਸਰਗਰਮ ਹਨ। ਸਥਾਨਕ ਪੱਧਰ 'ਤੇ ਪਾਰਟੀਆਂ ਵਲੋਂ ਆਪਸੀ ਗੱਠਜੋੜ ਵੇਖਣ ਨੂੰ ਮਿਲ ਰਹੇ ਹਨ, ਕਿਧਰੇ ਭਾਜਪਾ-ਅਕਾਲੀ ਇਕੱਠੇ ਦਿਖ ਰਹੇ ਹਨ, ਕਿਧਰੇ ਕਾਂਗਰਸ-ਬਸਪਾ ਗੱਠਜੋੜ ਹੈ, ਪਰ ਆਮ ਤੌਰ 'ਤੇ ਸਾਰੀਆਂ ਸਿਆਸੀ ਧਿਰਾਂ ਆਪਣੇ ਉਮੀਦਵਾਰ ਖੜ੍ਹੇ ਕਰਕੇ ਆਉਣ ਵਾਲੀਆਂ 2027 ਦੀਆਂ ਚੋਣਾਂ ਲਈ ਆਪਣਾ ਪਾਰਟੀ ਕਾਡਰ ਬਣਾ ਰਹੀਆਂ ਹਨ।

ਇਸ ਕੰਮ ਵਿਚ ਆਮ ਆਦਮੀ ਪਾਰਟੀ ਵਧੇਰੇ ਪਹਿਲਕਦਮੀ ਕਰਦਿਆਂ, ਸਰਕਾਰੀ ਮਸ਼ੀਨਰੀ ਵਰਤਕੇ ਵੀ ਅਤੇ ਆਪਣੇ ਸਿਆਸੀ ਪ੍ਰਭਾਵ ਨਾਲ ਵੀ ਦੂਜੀਆਂ ਪਾਰਟੀਆਂ ਦੇ ਵਰਕਰਾਂ ਨੂੰ ਆਪਣੇ ਨਾਲ ਮਿਲਾ ਰਹੀ ਹੈ। ਜਿਥੇ ਹੋਰ ਪਾਰਟੀਆਂ ਦੇ ਨੇਤਾ ਆਪਣੇ ਸੂਬਾ ਪ੍ਰਧਾਨ ਦੀ ਅਗਵਾਈ 'ਚ ਚੋਣ ਮੈਦਾਨ ਵਿਚ ਹਨ, ਉਥੇ ਭਾਜਪਾ, ਪ੍ਰਧਾਨ ਤੋਂ ਸੱਖਣੀ ਇਹ ਚੋਣ ਲੜ ਰਹੀ ਹੈ, ਹਾਲਾਂਕਿ ਘੱਟੋ-ਘੱਟ 5 ਨਗਰ ਨਿਗਮਾਂ ਅਤੇ ਹੋਰ ਸ਼ਹਿਰੀ ਖੇਤਰਾਂ 'ਚ ਭਾਜਪਾ ਦੇ ਵਰਕਰ ਵੱਧ ਹਨ ਅਤੇ ਉਹ ਸਰਗਰਮੀਆਂ ਨਾਲ ਚੋਣ ਲੜ ਰਹੇ ਹਨ।

ਇਵੇਂ ਹੀ ਸ਼੍ਰੋਮਣੀ ਅਕਾਲੀ ਦਲ, ਜੋ ਖ਼ਾਸ ਕਰਕੇ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ 'ਚ ਵੱਡੇ ਕਾਡਰ ਵਾਲਾ 'ਦਲ' ਗਿਣਿਆ ਜਾਂਦਾ ਸੀ, ਪ੍ਰਧਾਨ ਦੀ ਅਗਵਾਈ ਤੋਂ ਸੱਖਣਾ ਅਤੇ ਆਪਸੀ ਕਾਟੋ-ਕਲੇਸ਼ ਕਾਰਨ ਆਪਣਾ ਸ਼ਹਿਰਾਂ ਵਿਚਲਾ ਅਧਾਰ ਗੁਆ ਰਿਹਾ ਹੈ, ਕਿਉਂਕਿ ਬਹੁਤੇ ਥਾਵਾਂ ਉਤੇ ਉਸ ਵਲੋਂ ਆਪਣੇ ਉਮੀਦਵਾਰ ਹੀ ਖੜ੍ਹੇ ਨਹੀਂ ਕੀਤੇ ਜਾ ਸਕੇ। ਹਾਂ, ਕੁਝ ਥਾਵਾਂ ਉਤੇ ਉਸ ਵਲੋਂ ਆਪਣੇ ਪੁਰਾਣੇ ਸਾਥੀ ਭਾਜਪਾ ਨਾਲ ਗਲਵਕੜੀ ਪਾਈ ਦਿਸਦੀ ਹੈ।

ਮਿਊਂਸਪਲ ਚੋਣਾਂ ਦੇ ਨਤੀਜੇ ਕੁਝ ਵੀ ਹੋਣ। ਇਨ੍ਹਾਂ ਚੋਣਾਂ 'ਚ ਪੂਰੀ ਗਹਿਗਚ ਹੈ, ਕਾਂਗਰਸ, ਆਪ ਦੀ ਟੱਕਰ ਸਿੱਧੀ ਹੈ ਹਾਲਾਂਕਿ ਭਾਜਪਾ, ਵੀ ਸ਼ਹਿਰਾਂ ਵਿਚ ਪ੍ਰਭਾਵ ਦਿਖਾ ਰਹੀ ਹੈ ਅਤੇ ਬਸਪਾ, ਸ਼੍ਰੋਮਣੀ ਅਕਾਲੀ ਦਲ ਆਪਣੀ ਹੋਂਦ ਘੱਟੋ-ਘੱਟ ਜਲੰਧਰ, ਫਗਵਾੜਾ 'ਚ ਜ਼ਰੂਰ ਵਿਖਾਏਗਾ। ਇਨ੍ਹਾਂ ਚੋਣਾਂ 'ਚ ਪ੍ਰਚਾਰ ਲਈ ਉਮੀਦਵਾਰਾਂ ਕੋਲ ਕੁਝ ਦਿਨ ਹੀ ਹਨ, ਚੋਣ 21 ਦਸੰਬਰ 2024 ਨੂੰ ਹੋਣੀ ਹੈ, ਪਰ ਸਰਗਰਮੀ, ਗਹਿਮਾ-ਗਹਿਮੀ ਵੱਡੀ ਵਿਖਾਈ ਦਿੰਦੀ ਹੈ।

ਪੰਜਾਬ 'ਚ ਸਾਲ 2024 ਦਾ ਵਰ੍ਹਾਂ ਚੋਣਾਂ ਦਾ ਅਤੇ ਸਿਆਸੀ ਤਾਕਤ ਦਿਖਾਉਣ ਅਤੇ ਲੋਕਾਂ ਨੂੰ ਭਰਮਾਉਣ ਦਾ ਵਰ੍ਹਾ ਹੀ ਰਿਹਾ ਹੈ। ਸਾਲ 2024 ਦੇ ਸ਼ੁਰੂ 'ਚ ਪਹਿਲਾਂ ਲੋਕ ਸਭਾ ਚੋਣਾਂ ਹੋਈਆਂ। ਭਾਜਪਾ ਨੇ ਦੇਸ਼ 'ਚ ਜਿੱਤ ਪ੍ਰਾਪਤ ਕੀਤੀ। ਪੰਜਾਬ 'ਚ ਕਾਂਗਰਸ "ਆਪ" ਤੋਂ ਬਾਜ਼ੀ ਮਾਰ ਗਈ, ਮੌਕੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ "ਇੰਡੀਆਂ ਗੱਠਜੋੜ" ਤੋਂ ਵੱਖਰਾ ਰਹਿ ਕੇ ਇਹ ਚੋਣ ਜਿੱਤਕੇ ਦੇਣ ਦਾ ਭਰੋਸਾ ਉਨ੍ਹਾਂ ਵਲੋਂ ਦਿੱਤਾ ਗਿਆ ਸੀ ਪਰ ਆਮ ਆਦਮੀ ਪਾਰਟੀ ਦੀ ਸਾਖ ਨੂੰ ਖੋਰਾ ਲੱਗਾ ਅਤੇ ਮੁੱਖ ਮੰਤਰੀ ਦਾ ਵਕਾਰ ਵੀ ਦਾਅ 'ਤੇ ਲੱਗਾ।

ਉਪਰੰਤ ਵਿਧਾਨ ਸਭਾ ਜਲੰਧਰ ਜ਼ਿਮਨੀ ਚੋਣਾਂ 'ਚ ਆਪ ਮੁੱਖ ਮੰਤਰੀ ਨੇ ਜਲੰਧਰ ਡੇਰਾ ਲਗਾਕੇ ਚੋਣ ਜਿੱਤੀ। ਗ੍ਰਾਮ ਪੰਚਾਇਤੀ ਚੋਣਾਂ ਅਕਤੂਬਰ 2024 ਪੰਜਾਬ ਹਾਈਕੋਰਟ ਦੇ ਹੁਕਮਾਂ ਨਾਲ ਸਰਕਾਰ ਨੂੰ ਕਰਵਾਉਣੀਆਂ ਪਈਆਂ। ਫਿਰ ਚਾਰ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਨਵੰਬਰ ਵਿਚ ਕਰਵਾਈਆਂ ਗਈਆਂ। ਹੁਣ ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਮਿਊਂਸਪਲ ਸੰਸਥਾਵਾਂ ਦੀਆਂ ਚੋਣਾਂ ਹੋ ਰਹੀਆਂ ਹਨ। ਆਮ ਆਦਮੀ ਪਾਰਟੀ ਆਪਣੇ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ 'ਚ ਚੋਣ ਲੜ ਰਹੀ ਹੈ। ਮੁੱਖ ਮੰਤਰੀ ਲਗਭਗ ਚੁੱਪ ਹਨ।

ਜਿਵੇਂ ਪਿੰਡਾਂ 'ਚ ਚੋਣਾਂ ਸਮੇਂ ਨਾਮਜ਼ਦਗੀਆਂ ਵੇਲੇ ਧਾਂਦਲੀਆਂ ਹੋਈਆਂ, ਲੋਕ ਉੱਚ ਅਦਾਲਤ, ਹਾਈਕੋਰਟ 'ਚ ਗਏ, ਦੁਬਾਰਾ ਚੋਣਾਂ ਹੋਈਆਂ ਜਾਂ ਕੁਝ ਪੰਚਾਇਤਾਂ ਵਲੋਂ ਉਨ੍ਹਾਂ ਦੀਆਂ ਪਟੀਸ਼ਨਾਂ ਦਰਜ਼ ਹੋਈਆਂ। ਕਈ ਥਾਵਾਂ 'ਤੇ ਧੱਕੇ ਨਾਲ ਸਰਪੰਚ ਐਲਾਨ ਦਿੱਤੇ ਗਏ। ਇਹ ਸ਼ਾਇਦ ਪਿਛਲੇ ਕਿਸੇ ਵੀ ਸਰਕਾਰ ਦੇ ਸਮੇਂ 'ਚ ਨਹੀਂ ਹੋਇਆ ਹਾਲਾਂਕਿ ਹਰ ਸਰਕਾਰ ਦੇ ਸਮੇਂ ਜ਼ੋਰ ਜਬਰਦਸਤੀ ਨਾਲ ਆਪਣੇ ਧੜੇ ਦੇ ਲੋਕਾਂ ਨੂੰ ਸਰਕਾਰੀ ਦਖ਼ਲ ਅੰਦਾਜ਼ੀ ਨਾਲ ਅੱਗੇ ਲਿਆਂਦਾ ਜਾਂਦਾ ਹੈ। ਇਨ੍ਹਾਂ ਚੋਣਾਂ ਵਿਚ ਸ਼ਰਾਬ ਅਤੇ ਪੈਸੇ ਦੀ ਇੰਨੀ ਵਰਤੋਂ ਹੋਈ ਕਿ ਪਿੰਡਾਂ ਦੇ ਲੋਕ ਹੈਰਾਨ-ਪ੍ਰੇਸ਼ਾਨ ਰਹਿ ਗਏ। ਵੋਟਾਂ ਦੀ ਖਰੀਦੋ-ਫ਼ਰੋਖਤ ਦਾ ਵਰਤਾਰਾ ਪਿੰਡਾਂ ਦੀ ਆਪਸੀ ਮਿਲਵਰਤਨ ਅਤੇ ਪੇਂਡੂ ਸੱਭਿਆਚਾਰ 'ਤੇ ਧੱਬਾ ਸਾਬਤ ਹੋਇਆ ਦਿਸਿਆ। ਬਿਲਕੁਲ ਇਵੇਂ ਦਾ ਵਰਤਾਰਾ ਸ਼ਹਿਰਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ, ਜਿਥੇ ਸ਼ਰਾਬ ਦਾ ਦੌਰ ਜਾਰੀ ਹੈ। ਪੈਸੇ ਦੀ ਖੁੱਲ੍ਹੀ ਵਰਤੋਂ ਦਾ ਖਦਸ਼ਾ ਵੀ ਪ੍ਰਗਟਾਇਆ ਜਾ ਰਿਹਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਸਥਾਨਕ ਸਰਕਾਰਾਂ ਦੀ ਚੋਣ ਜਿਸ ਢੰਗ ਨਾਲ ਕਰਵਾਈ ਜਾਂਦੀ ਹੈ, ਉਸ ਨਾਲ ਕੀ ਸਚਮੁੱਚ ਸਥਾਨਕ ਲੋਕਾਂ ਦੇ ਸਹੀ ਨੁਮਾਇੰਦੇ ਚੁਣੇ ਜਾਂਦੇ ਹਨ? ਕੀ ਇਸ ਤਰ੍ਹਾਂ ਚੁਣੇ ਹੋਏ ਨੁਮਾਇੰਦੇ, ਲੋਕ ਸੇਵਾ ਲਈ ਆਪਣੇ ਆਪ ਨੂੰ ਸਮਰਪਿਤ ਰਹਿੰਦੇ ਹਨ? ਕੀ ਉਹ ਵਿਕਾਸ ਦੇ ਕਾਰਜ ਇਮਾਨਦਾਰੀ ਨਾਲ, ਧੜੇਬੰਦੀ ਤੋਂ ਨਿਰਲੇਪ ਰਹਿਕੇ ਕਰ ਸਕਣਗੇ?

ਪੰਜਾਬ ਵਿਚ ਪਿੰਡ ਪੰਚਾਇਤਾਂ ਨੂੰ ਸਰਕਾਰੀ ਅਫ਼ਸਰਾਂ, ਸਿਆਸੀ ਲੋਕਾਂ ਨੇ ਪੰਗੂ ਬਣਾ ਦਿੱਤਾ ਹੈ, ਉਨ੍ਹਾਂ ਸਾਰੇ ਅਧਿਕਾਰ ਆਪਣੇ ਹੱਥ ਵੱਸ ਕਰ ਲਏ ਹੋਏ ਹਨ, ਜਿਹੜੇ ਪੰਚਾਇਤ ਐਕਟ ਅਨੁਸਾਰ ਪੰਚਾਇਤਾਂ ਨੂੰ ਪ੍ਰਦਾਨ ਕੀਤੇ ਗਏ ਸਨ। ਨਿਯਮਾਂ ਦੇ ਨਾਮ 'ਤੇ ਹਰ ਕੰਮ ਸਕੱਤਰ ਜਾਂ ਗ੍ਰਾਮ ਸੇਵਕ, ਪੰਚਾਇਤ ਅਫ਼ਸਰ ਅਤੇ ਹੋਰ ਅਫ਼ਸਰ ਕਰਦੇ ਹਨ। ਆਜ਼ਾਦਾਨਾ ਤੌਰ 'ਤੇ ਉਨ੍ਹਾਂ ਨੂੰ ਕੋਈ ਵਿਕਾਸ ਦਾ ਕੰਮ ਕਰਾਉਣ ਜਾਂ ਪੰਚਾਇਤ ਖਾਤਿਆਂ 'ਚੋਂ ਪੈਸੇ ਕਢਵਾਉਣ ਦਾ ਹੱਕ ਨਹੀਂ। ਕੋਈ ਵੀ ਕੰਮ ਆਪਣੀ ਮਰਜ਼ੀ ਨਾਲ ਕਰਾਉਣ ਦੀ ਗੱਲ ਤਾਂ ਦੂਰ ਦੀ ਹੋਈ, ਪੰਚਾਇਤੀ ਮਤਾ ਪਾਸ ਕਰਕੇ, ਕੰਮ ਕਰਵਾਉਣ 'ਚ ਵੀ ਅਧਿਕਾਰੀ ਰੁਕਾਵਟਾਂ ਪਾਉਂਦੇ ਹਨ। ਗ੍ਰਾਮ ਪੰਚਾਇਤਾਂ ਦੀਆਂ ਮੀਟਿੰਗਾਂ ਅਤੇ ਆਮ ਅਜਲਾਸ ਕਰਾਉਣਾ ਸਿਰਫ ਪੰਚਾਇਤ ਸਕੱਤਰ, ਅਫ਼ਸਰਾਂ ਦੀ ਮਰਜ਼ੀ 'ਤੇ ਸੀਮਤ ਹੋ ਕੇ ਰਹਿ ਗਿਆ ਹੈ। ਸਾਂਝੇ ਫੰਡ ਖਰਚਣਾ ਇੰਨਾ ਗੁੰਝਲਦਾਰ ਹੈ ਕਿ ਸਧਾਰਨ ਸਰਪੰਚ ਇਨ੍ਹਾਂ ਪੇਚੀਦਗੀਆਂ ਤੋਂ ਪ੍ਰੇਸ਼ਾਨ ਹੋ ਕੇ ਕਰਮਚਾਰੀਆਂ, ਅਧਿਕਾਰੀਆਂ ਅੱਗੇ ਹਥਿਆਰ ਸੁੱਟ ਦਿੰਦਾ ਹੈ।

ਇਹੋ ਹਾਲ ਸ਼ਹਿਰੀ ਸਥਾਨਕ ਸਰਕਾਰਾਂ ਅਰਥਾਤ ਨਿਗਮ ਕੌਂਸਲਾਂ ਦਾ ਹੈ। ਨਿਗਮ, ਕੌਂਸਲਾਂ ਦੀਆਂ ਮੀਟਿੰਗਾਂ ਉਪਰੰਤ ਵਿਕਾਸ ਕਾਰਜਾਂ ਦੇ ਮਤੇ ਅਤੇ ਫਿਰ ਟੈਂਡਰ ਲੱਗਣ, ਉੱਚ ਅਧਿਕਾਰੀਆਂ ਦੀਆਂ ਪ੍ਰਵਾਨਗੀਆਂ, ਅਸਲ 'ਚ ਮੈਂਬਰਾਂ ਦੇ ਪੱਲੇ ਕੁਝ ਵੀ ਨਹੀਂ ਰਹਿਣ ਦਿੰਦੀਆਂ। ਨਿਗਮਾਂ, ਕੌਂਸਲਾਂ 'ਚ ਆਮ ਲੋਕਾਂ ਨੂੰ ਕੰਮ ਕਰਵਾਉਣੇ ਇੰਨੇ ਔਖੇ ਹਨ ਕਿ ਲੋਕ ਕਰਮਚਾਰੀਆਂ ਨੂੰ ਰਿਸ਼ਵਤ ਦੇ ਕੇ ਕੰਮ ਕਰਵਾਉਣਾ ਚੰਗਾ ਸਮਝਣ ਲੱਗੇ ਹਨ।

ਜਿਵੇਂ "ਸਰਕਾਰੇ-ਹਿੰਦ" ਵਲੋਂ, ਤਾਕਤਾਂ ਦਾ ਕੇਂਦਰੀਕਰਨ ਕਰਕੇ, ਸੂਬਿਆਂ ਦੇ ਹੱਕ ਹਥਿਆਕੇ, ਉਨ੍ਹਾਂ ਨੂੰ ਪੰਗੂ ਬਣਾ ਦਿੱਤਾ ਜਾ ਰਿਹਾ ਹੈ। ਸੂਬੇ 'ਚ ਕੀਤੇ ਜਾਣ ਵਾਲੇ ਹਰ ਕੰਮ ਦੀ ਮਨਜ਼ੂਰੀ ਕੇਂਦਰ ਦੇ ਹੱਥ ਦੇਣ ਦਾ ਯਤਨ ਹੋ ਗਿਆ ਹੈ, ਇਵੇਂ ਹੀ ਸੂਬਾ ਸਰਕਾਰਾਂ ਨੇ ਸਥਾਨਕ ਸਰਕਾਰਾਂ ਦੇ ਸਾਰੇ ਅਧਿਕਾਰ ਹਥਿਆਏ ਹੋਏ ਹਨ। ਸਥਾਨਕ ਸਰਕਾਰਾਂ ਦੇ ਚੁਣੇ ਹੋਏ ਨੁਮਾਇੰਦੇ, ਲੋਕ ਨੁਮਾਇੰਦੇ ਹੀ ਨਹੀਂ ਰਹਿਣ ਦਿੱਤੇ ਗਏ, ਬੱਸ ਇੱਕ "ਮੋਹਰਾ" ਬਣਾ ਦਿੱਤੇ ਗਏ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਗ੍ਰਾਮ ਪੰਚਾਇਤਾਂ ਅਕਤੂਬਰ 2024 'ਚ ਚੁਣੀਆਂ ਗਈਆਂ ਹਨ, ਪਰ ਨਵੀਆਂ ਪੰਚਾਇਤਾਂ ਸਰਪੰਚਾਂ ਨੂੰ ਹਾਲੀ ਤੱਕ ਚਾਰਜ ਹੀ ਨਹੀਂ ਦਿੱਤੇ ਗਏ। ਪਹਿਲਾਂ ਜਨਵਰੀ 2024 ਤੋਂ ਅਕਤੂਬਰ 2024 ਤੱਕ ਸਰਕਾਰੀ ਅਧਿਕਾਰੀਆਂ ਨੂੰ ਪੰਚਾਇਤਾਂ ਦਾ ਕੰਮ ਸੌਂਪਕੇ ਪਿੰਡਾਂ ਦੇ ਵਿਕਾਸ ਕੰਮਾਂ ਦਾ, ਜੋ ਥੋੜ੍ਹੇ ਬਹੁਤੇ ਹੋਣੇ ਸਨ, ਨਾਸ ਮਾਰਿਆ ਗਿਆ, ਹੁਣ ਨਵੀਆਂ ਪੰਚਾਇਤਾਂ ਨੂੰ ਚਾਰਜ ਦੇਣ ਦਾ ਕੰਮ ਲਟਕਾਇਆ ਜਾ ਰਿਹਾ ਹੈ।

ਸਥਾਨਕ ਸਰਕਾਰਾਂ ਦਾ ਅਸਲ ਅਰਥ ਤਾਂ ਸਥਾਨਕ ਪੱਧਰ 'ਤੇ ਲੋਕ ਨਿਆਂ, ਲੋੜਾਂ ਅਨੁਸਾਰ ਵਿਕਾਸ ਅਤੇ ਚੰਗਾ ਪ੍ਰਬੰਧਨ ਹੈ। ਪਿੰਡਾਂ, ਸ਼ਹਿਰਾਂ 'ਚ, ਸੂਬਾ ਤੇ ਕੇਂਦਰ ਸਰਕਾਰ ਦੀਆਂ ਸੰਸਥਾਵਾਂ ਤੇ ਕੰਮਾਂ ਦੀ ਦੇਖਭਾਲ, ਸਕੀਮਾਂ ਲਾਗੂ ਕਰਨਾ ਅਤੇ ਉਨ੍ਹਾਂ ਦਾ ਪ੍ਰਬੰਧ ਜੇਕਰ ਸਥਾਨਕ ਲੋਕਾਂ ਦੀ ਸ਼ਮੂਲੀਅਤ, ਪ੍ਰਬੰਧਨ ਨਾਲ ਹੋਏਗਾ ਤਾਂ ਸਾਰਥਿਕ ਸਿੱਟੇ ਨਿਕਲਣਗੇ, ਪਰ ਜੇਕਰ ਇਹ ਸਥਾਨਕ ਸਰਕਾਰਾਂ ਨਾਮਾਤਰ ਹੀ ਹੋਣਗੀਆਂ ਤਾਂ ਸਿਆਸੀ ਲੋਕਾਂ ਦਾ ਸਿਆਸੀ ਤਾਕਤ ਹਥਿਆਉਣ ਦਾ ਸਾਧਨ ਬਣਕੇ ਰਹਿ ਜਾਣਗੀਆਂ ਜਿਵੇਂ ਕਿ ਸਥਾਨਕ ਸਰਕਾਰਾਂ ਅਜੋਕੀ ਸਥਿਤੀ ਵਿਚ ਵਿਖਾਈ ਦਿੰਦੀਆਂ ਹਨ।

ਅੱਜ ਸੂਬੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਦੇ ਸਫ਼ਾਈ ਪੱਖੋਂ ਹਾਲਾਤ ਕੀ ਹਨ? ਵਾਤਾਵਰਨ ਪ੍ਰਦੂਸ਼ਿਤ ਹੈ। ਸਾਫ਼-ਸੁਥਰੇ ਨਾਲੇ-ਖਾਲੇ, ਕਾਲੇ ਬਣੇ ਹੋਏ ਹਨ। ਪਿੰਡਾਂ, ਸ਼ਹਿਰਾਂ 'ਚ ਸੜਕਾਂ ਦਾ ਬੁਰਾ ਹਾਲ ਹੈ। ਪੇਂਡੂ ਲਿੰਕ ਸੜਕਾਂ ਤਾਂ ਟੁੱਟੀਆਂ ਹੀ ਪਈਆਂ ਹਨ, ਸ਼ਹਿਰੀ ਸੜਕਾਂ ਦੇ ਮੰਦੇ ਹਾਲ ਹਨ। ਸਰਕਾਰੀ ਇਮਾਰਤਾਂ ਦੇਖਭਾਲ ਖੁਣੋਂ ਵਾਸਤਾ ਪਾ ਰਹੀਆਂ ਹਨ। ਸਰਕਾਰੀ ਸਕੀਮਾਂ ਸਰਕਾਰੀ ਕਰਮਚਾਰੀਆਂ ਦੀ ਕੁਤਾਹੀ ਕਾਰਨ ਲੋਕਾਂ ਤੱਕ ਨਹੀਂ ਪੁੱਜਦੀਆਂ। ਜਿਹੜੇ ਕੰਮ ਲੋਕਾਂ ਦੇ ਸਥਾਨਕ ਲੀਡਰਸ਼ਿਪ ਨੇ ਸੌਖਿਆਂ ਕਰਨੇ ਹੁੰਦੇ ਹਨ, ਉਹ ਸਰਕਾਰ ਵਲੋਂ ਗੁੰਝਲਦਾਰ ਬਣਾ ਦਿੱਤੇ ਗਏ ਹਨ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਸਥਾਨਕ ਸਰਕਾਰਾਂ ਦਾ ਆਪਣਾ ਕੋਈ ਆਮਦਨ ਦਾ ਵਸੀਲਾ ਜਾਂ ਸਰੋਤ ਨਹੀਂ ਹੈ, ਉਨ੍ਹਾਂ ਨੂੰ ਕੇਂਦਰ ਜਾਂ ਸੂਬੇ ਦੀਆਂ ਗ੍ਰਾਂਟਾਂ 'ਤੇ ਹੀ ਆਮ ਤੌਰ 'ਤੇ ਨਿਰਭਰ ਬਣਾ ਦਿੱਤਾ ਗਿਆ ਹੈ। ਇਹੋ ਜਿਹੇ ਹਾਲਤਾਂ 'ਚ ਚੰਗੇ ਨੁਮਾਇੰਦਿਆਂ ਦੀ ਸਥਾਨਕ ਸਰਕਾਰਾਂ 'ਚ ਚੋਣ, ਵਧੇਰੇ ਮਹੱਤਵਪੂਰਨ ਹੈ ਅਤੇ ਸਮੇਂ ਦੀ ਮੰਗ ਹੈ। ਜਿਵੇਂ ਸਥਾਨਕ ਪੇਂਡੂ, ਸ਼ਹਿਰੀ ਲੋਕਾਂ ਨੇ ਸਮੇਂ ਸਿਰ ਪੰਚਾਇਤੀ, ਨਗਰ ਕੌਂਸਲ ਚੋਣਾਂ ਕਰਵਾਉਣ ਲਈ ਕਾਨੂੰਨੀ ਲੜਾਈ ਲੜੀ ਹੈ, ਜਿੱਤ ਪ੍ਰਾਪਤ ਕੀਤੀ ਹੈ, ਉਵੇਂ ਹੀ ਉਨ੍ਹਾਂ ਨੂੰ ਸਥਾਨਕ ਸਰਕਾਰਾਂ ਵਿਚ ਸਰਕਾਰੀ ਦਖ਼ਲ ਅੰਦਾਜ਼ੀ ਬੰਦ ਕਰਵਾਉਣ ਦੀ ਲੜਾਈ ਵੀ ਲੜਨੀ ਹੋਵੇਗੀ।

ਭਾਰਤੀ ਸੰਵਿਧਾਨ ਸਥਾਨਕ ਸਰਕਾਰਾਂ ਨੂੰ ਪੂਰਾ ਅਧਿਕਾਰ ਤੇ ਮਹੱਤਵ ਦਿੰਦਾ ਹੈ। ਇਸ ਅਧਿਕਾਰ ਨੂੰ ਕਾਇਮ ਰੱਖਣਾ ਭਾਰਤੀ ਲੋਕਤੰਤਰ ਦੀ ਮੁੱਢਲੀ ਇਕਾਈ "ਸਥਾਨਕ ਸਰਕਾਰਾਂ" ਦਾ ਫ਼ਰਜ਼ ਵੀ ਬਣਦਾ ਹੈ।



# ਹਮਲੇ ਤੇ ਹਿੰਸਕ ਗਤੀਵਿਧੀਆਂ ਕਿਸੇ ਸਮੱਸਿਆ ਦਾ ਹੱਲ ਨਹੀਂ ਹੁੰਦੇ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA








ਸੱਭਿਅਕ ਸਮਾਜ ਵਿਚ ਹਮਲੇ, ਅਰਾਜਕਤਾ, ਹਿੰਸਕ ਕਾਰਵਾਈਆਂ ਅਤੇ ਲੜਾਈਆਂ ਝਗੜੇ ਭਾਵੇਂ ਉਹ ਕਿਸੇ ਵੀ ਰੂਪ ਵਿਚ ਹੋਣ, ਉਹ ਕਿਸੇ ਸਮੱਸਿਆ ਦਾ ਹਲ ਨਹੀਂ ਹੁੰਦੇ। ਇਨ੍ਹਾਂ ਹਮਲਿਆਂ ਨੂੰ ਇਨਸਾਨੀਅਤ ਦੇ ਭਲੇ ਲਈ ਚੰਗਾ ਵੀ ਨਹੀਂ ਸਮਝਿਆ ਜਾਂਦਾ। ਇਹ ਹੁੰਦੇ ਕਿਉਂ ਹਨ? ਇਨ੍ਹਾਂ ਤੇ ਪੰਜਾਬੀ/ਸਿੱਖ ਸੰਜੀਦਗੀ ਨਾਲ ਵਿਚਾਰ ਕਿਉਂ ਨਹੀਂ ਕਰਦੇ? ਇਹ ਕਦੀਂ ਵੀ ਕਿਸੇ ਵੀ ਸਮਾਜ ਦੇ ਸੁਨਹਿਰੇ ਭਵਿੱਖ ਲਈ ਚੰਗੇ ਨਹੀਂ ਹੁੰਦੇ, ਸਗੋਂ ਉਸਦੇ ਰਾਹ ਵਿਚ ਰੋੜਾ ਬਣਦੇ ਹਨ। ਹਮਲਾ ਕਰਨ ਵਾਲਿਆਂ ਦੀ ਮਾਨਸਿਕਤਾ ਅਤੇ ਦੁੱਖ ਦਰਦਾਂ ਦੀ ਸਮੀਖਿਆ ਕਰਕੇ ਸਰਕਾਰਾਂ/ਸਮਾਜ ਨੂੰ ਕੋਈ ਸਾਰਥਿਕ ਹੱਲ ਲੱਭਣੇ ਚਾਹੀਦੇ ਹਨ। ਕਿਸੇ ਸਮਾਜ ਦੀ ਤਰੱਕੀ ਸ਼ਾਂਤਮਈ ਮਾਹੌਲ ਵਿਚ ਹੀ ਹੋ ਸਕਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਧਾਰਮਿਕ ਤਨਖ਼ਾਹ ਦੀ ਪਾਲਣਾ ਕਰਨ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਚੋਬਦਾਰ ਵਜੋਂ ਸੇਵਾ ਨਿਭਾ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਨੇ ਇੱਕ ਵਾਰ ਫਿਰ ਪੰਜਾਬ ਦੇ ਕਾਲੇ ਦਿਨਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਭਾਵੇਂ ਇਹ ਹਮਲਾ ਨਿੱਜੀ ਰੰਜ਼ਿਸ਼ ਦਾ ਲੱਗਦਾ ਹੈ ਪ੍ਰੰਤੂ ਸਾਰੇ ਪੱਖ ਅਜੇ ਪੜਤਾਲ ਦਾ ਵਿਸ਼ਾ ਹਨ। ਇਹ ਹਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਧਾਰਮਿਕ ਤਨਖ਼ਾਹ ਕਰਕੇ ਚੋਬਦਾਰ ਦੇ ਰੂਪ ਵਿਚ ਤਨਖ਼ਾਹ ਪੂਰੀ ਕਰ ਰਹੇ ਸੇਵਾਦਾਰ 'ਤੇ ਹਮਲਾ ਹੋਇਆ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇਹ ਕੋਈ ਪਹਿਲੀ ਵਾਰ ਹਮਲਾ ਨਹੀਂ ਹੋਇਆ। ਸਿੱਖਾਂ ਦੀ ਖ਼ਾਨਾਜੰਗੀ ਕਰਕੇ ਪਹਿਲਾਂ ਵੀ ਆਪਸੀ ਖਹਿਬਾਜ਼ੀ ਕਰਕੇ ਕਈ ਨੌਜਵਾਨ ਕਾਲੇ ਦਿਨਾਂ ਵਿਚ ਪਾਟੋਧਾੜ ਕਰਕੇ ਮਾਰੇ ਗਏ ਸਨ। ਇੱਕ ਦੂਜੇ ਨੂੰ ਸ਼ੱਕ ਦੀ ਨਿਗਾਹਾਂ ਨਾਲ ਵੇਖਣਾਂ ਪੰਜਾਬੀਆਂ/ਸਿੱਖਾਂ ਲਈ ਹਮੇਸ਼ਾ ਘਾਤਕ ਸਾਬਤ ਹੁੰਦਾ ਰਿਹਾ ਹੈ, ਕਿਉਂਕਿ ਸਿੱਖ ਕੌਮ ਵਿਚ ਗ਼ਦਾਰਾਂ ਦਾ ਇਤਿਹਾਸ ਹੈ। ਇਸ ਤੋਂ ਪਹਿਲਾਂ ਅੱਸੀਵਿਆਂ ਵਿਚ ਅਨੇਕਾਂ ਘਟਨਾਵਾਂ ਹੋਈਆਂ। ਇਸੇ ਤਰ੍ਹਾਂ ਇੱਕ ਵਾਰ ਸ੍ਰੀ ਦਰਬਾਰ ਸਹਿਬ ਵਿਚ ਮੱਥਾ ਟੇਕਣ ਆਏ ਨੌਕਰੀ ਕਰ ਰਹੇ ਆਈ.ਪੀ.ਐੱਸ. ਅਧਿਕਾਰੀ ਅਟਵਾਲ 'ਤੇ ਵੀ ਹਮਲਾ ਹੋਇਆ ਸੀ ਤੇ ਉਹ ਮਾਰਿਆ ਗਿਆ ਸੀ। ਹੋਰ ਵੀ ਕਈ ਨੌਜਵਾਨ ਕਈ ਘਟਨਾਵਾਂ ਦੌਰਾਨ ਮਾਰੇ ਗਏ ਸਨ। ਉਦੋਂ ਵੀ ਪਕੜ ਧਕੜ ਪੰਜਾਬੀਆਂ/ਸਿੱਖਾਂ ਦੀ ਹੀ ਹੋਈ ਸੀ, ਉਨ੍ਹਾਂ 'ਤੇ ਅਥਾਹ ਤਸ਼ੱਦਦ ਹੋਇਆ। ਉਦੋਂ ਮਰਨ ਤੇ ਮਾਰਨ ਵਾਲੇ ਭਾਵੇਂ ਉਹ ਪੁਲਿਸ ਵਾਲੇ ਹੀ ਕਿਉਂ ਨਾ ਹੋਣ, ਉਹ ਵੀ ਸਾਰੇ ਪੰਜਾਬੀ/ਸਿੱਖ ਸਨ। ਹੁਣ ਵੀ ਗੋਲੀ ਚਲਾਉਣ ਵਾਲਾ ਇੱਕ ਪੰਜਾਬੀ/ਸਿੱਖ ਹੀ ਹੈ। ਗੋਲੀ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਬਾਹਰਲੇ ਦਰਵਾਜ਼ੇ ਨੂੰ ਲੱਗੀ ਹੈ। ਸ੍ਰੀ ਹਰਿਮੰਦਰ ਸਾਹਿਬ ਪੰਜਾਬੀਆਂ/ਸਿੱਖਾਂ ਦਾ ਸਰਵੋਤਮ ਪਵਿੱਤਰ ਧਾਰਮਿਕ ਸਥਾਨ ਹੈ। ਪੰਜਾਬੀਆਂ/ਸਿੱਖਾਂ ਨੇ ਅਰਾਜਕਤਾ ਦਾ ਬਹੁਤ ਹੀ ਦਰਦਨਾਕ ਸੰਤਾਪ ਭੋਗਿਆ ਹੈ। ਅਸਥਿਰਤਾ ਦੇ ਮਾਹੌਲ ਵਿਚ ਹਜ਼ਾਰਾਂ ਪੰਜਾਬੀ/ਸਿੱਖ ਆਪਣੀਆਂ ਜਾਨਾਂ ਦੀਆਂ ਕੁਰਬਾਨੀਆਂ ਦੇ ਚੁੱਕੇ ਹਨ। ਹਜ਼ਾਰਾਂ ਮਾਵਾਂ, ਪਤਨੀਆਂ ਅਤੇ ਧੀਆਂ ਭੈਣਾਂ ਆਪਣੇ ਨਜ਼ਦੀਕੀ ਸੰਬੰਧੀਆਂ ਨੂੰ ਗੁਆ ਚੁੱਕੀਆਂ ਹਨ। ਉਨ੍ਹਾਂ ਦੇ ਦਰਦਾਂ ਦੇ ਜ਼ਖ਼ਮਾਂ ਦੀ ਅਜੇ ਤੱਕ ਕਸਕ/ਚੀਸ ਪਣਪ ਰਹੀ ਹੈ। ਪੰਜਾਬੀਆਂ/ਸਿੱਖਾਂ ਨੇ ਇਹ ਕਦੀਂ ਸੋਚਿਆ ਹੈ ਕਿ ਉਸ ਦੌਰ ਵਿਚ ਨੁਕਸਾਨ ਕਿਸਦਾ ਹੋਇਆ? ਉਹ ਨੁਕਸਾਨ ਵੀ ਸਾਡਾ ਪੰਜਾਬੀਆਂ/ਸਿੱਖਾਂ ਦਾ ਆਪਣਾ ਹੀ ਹੋਇਆ ਹੈ। ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰੂ ਘਰਾਂ 'ਤੇ ਹਮਲਾ ਹੋਇਆ, ਦਿੱਲੀ ਅਤੇ ਭਾਰਤ ਦੇ ਹੋਰ ਹਿੱਸਿਆਂ ਵਿਚ ਕਤਲੇਆਮ ਹੋਏ, ਜਿਸਨੂੰ ਨਸਲਕੁਸ਼ੀ ਕਿਹਾ ਜਾ ਜਾਂਦਾ ਹੈ। ਫਿਰ ਅਸੀਂ ਪੰਜਾਬੀਆਂ/ਸਿੱਖਾਂ ਨੇ ਕੀ ਖੱਟਿਆ? ਸਰਕਾਰਾਂ ਸਾਡੀਆਂ ਭਾਵਨਾਵਾਂ ਦੀ ਕਦਰ ਨਹੀਂ ਕਰਦੀਆਂ। ਜਦੋਂ ਘਟਨਾਵਾਂ ਵਾਪਰ ਜਾਂਦੀਆਂ ਹਨ, ਤਾਂ ਅਸੀਂ ਅਜਿਹੀਆਂ ਘਟਨਾਵਾਂ ਦੀ ਨਿੰਦਿਆ ਕਰਕੇ ਹੀ ਚੁੱਪ ਕਰ ਜਾਂਦੇ ਹਾਂ। ਜਿਵੇਂ ਹੁਣ ਸੁਖਬੀਰ ਸਿੰਘ ਉਪਰ ਹੋਈ ਜਾਨਲੇਵਾ ਇਸ ਘਟਨਾ ਦੀ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ, ਇਥੋਂ ਤੱਕ ਕਿ ਛੋਟੇ-ਛੋਟੇ ਵਰਕਰਾਂ ਅਤੇ ਧਾਰਮਿਕ ਵਿਅਕਤੀਆਂ ਨੇ ਵੀ ਨਿੰਦਿਆ ਕੀਤੀ ਹੈ, ਇਹ ਚੰਗੀ ਗੱਲ ਹੈ ਪ੍ਰੰਤੂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਪੰਜਾਬੀ/ਸਿੱਖ ਇੱਕਮਤ ਤੇ ਇੱਕਮੁੱਠ ਕਿਉਂ ਨਹੀਂ ਹੁੰਦੇ? ਜਿਵੇਂ ਹੁਣ ਇੱਕ ਦੂਜੇ ਤੋਂ ਮੂਹਰੇ ਹੋ ਕੇ ਨਿੰਦਿਆ ਕਰ ਰਹੇ ਹਨ। ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਕਿਉਂ ਤਤਪਰ ਨਹੀਂ ਹੁੰਦੇ? ਵਰਕਰਾਂ ਨੂੰ ਚਾਹੀਦਾ ਹੈ, ਜਦੋਂ ਉਨ੍ਹਾਂ ਦੇ ਨੇਤਾ ਮਨਮਰਜ਼ੀਆਂ ਕਰਕੇ ਲੋਕਾਂ ਨਾਲ ਧੋਖਾ ਕਰਦੇ ਹਨ, ਤਾਂ ਉਨ੍ਹਾਂ ਨੂੰ ਚੁੱਪ ਕਰਕੇ ਬੈਠਣਾ ਨਹੀਂ ਚਾਹੀਦਾ, ਸਗੋਂ ਗ਼ਲਤ ਨੂੰ ਗ਼ਲਤ ਕਹਿਣਾ ਚਾਹੀਦਾ। ਨੇਤਾਵਾਂ ਦੀ ਆਪਣੀਆਂ ਖ਼ੁਦਗਰਜੀਆਂ ਕਰਕੇ ਚਮਚਾਗਿਰੀ ਕਰਨ ਲੱਗ ਜਾਂਦੇ ਹਨ। ਇਨ੍ਹਾਂ ਵਰਕਰਾਂ/ਲੋਕਾਂ ਨੂੰ ਆਪੋ-ਆਪਣੀਆਂ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਜਿਹੇ ਹਾਲਾਤਾਂ ਵਿਚੋਂ ਬਾਹਰ ਕੱਢਣ ਲਈ ਜ਼ੋਰ ਪਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਆਪਣੇ ਘਰ ਪਰਿਵਾਰ ਫੂਕ ਪੰਜਾਬੀ/ਸਿੱਖ ਤਮਾਸ਼ਾ ਵੇਖ ਰਹੇ ਹਨ। ਕੇਂਦਰੀ ਸਰਕਾਰਾਂ ਦੀਆਂ ਏਜੰਸੀਆਂ ਤਾਂ ਪੰਜਾਬੀਆਂ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਦਾ ਅਜਿਹੀਆਂ ਕਾਰਵਾਈਆਂ ਪਿੱਛੇ ਹੋਣ ਦੇ ਸ਼ੱਕ ਪੈਦਾ ਹੁੰਦੇ ਹਨ। ਉਨ੍ਹਾਂ ਏਜੰਸੀਆਂ ਵਿਚ ਵੀ ਸਾਡੇ ਆਪਣੇ ਹੁੰਦੇ ਹਨ। ਸੋਚਣਾ ਤਾਂ ਸਾਨੂੰ ਪੰਜਾਬੀਆਂ/ਸਿੱਖਾਂ ਨੂੰ ਪਵੇਗਾ, ਜਿਨ੍ਹਾਂ ਦਾ ਨੁਕਸਾਨ ਹੋ ਰਿਹਾ ਹੈ। ਪੰਜਾਬੀਆਂ/ਸਿੱਖਾਂ ਨੂੰ ਅੰਤਰ ਝਾਤ ਮਾਰਨੀ ਚਾਹੀਦੀ ਹੈ। ਗੁਰਬਾਣੀ ਸਰਬੱਤ ਦੇ ਭਲੇ ਦਾ ਸੰਦੇਸ਼ ਦਿੰਦੀ ਹੈ। ਵੈਸੇ ਸਾਰੇ ਧਰਮ ਹੀ ਕਤਲੇਆਮ ਨੂੰ ਪ੍ਰਵਾਨ ਨਹੀਂ ਕਰਦੇ। ਅਸੀਂ ਪੰਜਾਬੀ ਸਿੱਖ/ਗ਼ਲਤੀ ਤੇ ਗ਼ਲਤੀ ਕਰਕੇ ਆਪਣਾ ਨੁਕਸਾਨ ਆਪ ਕਰ ਰਹੇ ਹਾਂ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਹੁਣ ਵੀ ਸੰਗਠਤ ਹੋ ਕੇ ਸੰਵੇਦਨਸ਼ੀਲ ਬਣੋ, ਤਾਂ ਜੋ ਪੰਜਾਬ ਬਚਿਆ ਰਹੇ।

ਜੇਕਰ ਸਾਰੀਆਂ ਪਾਰਟੀਆਂ ਦੇ ਸਿਆਸਤਦਾਨ ਸੰਜੀਦਾ ਹੋ ਕੇ ਲੋਕਾਂ ਦੇ ਮਸਲੇ ਹੱਲ ਕਰਨੇ ਚਾਹੁਣ, ਤਾਂ ਹਰ ਸਮੱਸਿਆ ਦਾ ਹੱਲ ਨਿਕਲ ਸਕਦਾ ਹੈ। ਸਰਕਾਰਾਂ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਨਹੀਂ ਕਰਦੀਆਂ, ਜਦੋਂ ਵੀ ਲੋਕਾਈ ਦੀ ਕੋਈ ਮੰਗ ਉਠਦੀ ਹੈ, ਤਾਂ ਸਰਕਾਰਾਂ ਉਸਨੂੰ ਦਬਾਉਣ ਦੀ ਕੋਸ਼ਿਸ਼ ਕਰਨ ਵਿਚ ਸਮਾਂ ਬਰਬਾਦ ਕਰਦੀਆਂ ਹਨ। ਜੇਕਰ ਤੁਰੰਤ ਉਨ੍ਹਾਂ ਸਮੱਸਿਆਵਾਂ ਦੇ ਸਾਜਗਾਰ ਹੱਲ ਲੱਭ ਲਏ ਜਾਣ, ਤਾਂ ਅਜਿਹੇ ਹਾਲਾਤ ਪੈਦਾ ਹੀ ਨਹੀਂ ਹੋ ਸਕਦੇ। ਵਕਤੀ ਤੌਰ 'ਤੇ ਤਾਂ ਲੋਕ ਚੁੱਪ ਕਰ ਜਾਂਦੇ ਹਨ ਤੇ ਸਰਕਾਰਾਂ ਨੂੰ ਗ਼ਲਫਹਿਮੀ ਹੋ ਜਾਂਦੀ ਹੈ ਕਿ ਲੋਕ ਟਿਕ ਗਏ, ਅਸਲ ਵਿਚ ਅੰਦਰਖਾਤੇ ਲੋਕ ਰਿਝਦੇ ਰਹਿੰਦੇ ਹਨ। ਸਮਾਂ ਆਉਣ 'ਤੇ ਉਹ ਆਪਣਾ ਗੁੱਸਾ ਕੱਢਦੇ ਹਨ। ਉਨ੍ਹਾਂ ਵਿਚੋਂ ਕੁਝ ਕੁ ਜਿਹੜੇ ਜ਼ਿਆਦਾ ਗਰਮ ਖਿਆਲੀਏ ਹੁੰਦੇ ਹਨ, ਧਾਰਮਿਕ ਭਾਵਨਾਵਾਂ ਵਿਚ ਬਹਿ ਕੇ ਉਹ ਆਪੇ ਤੋਂ ਬਾਹਰ ਹੋ ਜਾਂਦੇ ਹਨ। ਫਿਰ ਸਰਕਾਰਾਂ ਉਨ੍ਹਾਂ ਨੂੰ ਸੁਧਾਰਨ ਦੀ ਥਾਂ ਤੰਗ ਪ੍ਰੇਸ਼ਾਨ ਕਰਦੀਆਂ ਹਨ। ਚਾਹੀਦਾ ਤਾਂ ਇਹ ਹੈ ਉਨ੍ਹਾਂ ਨੂੰ ਸਮਝਾ ਬੁਝਾਕੇ ਕੋਈ ਹੱਲ ਲੱਭਿਆ ਜਾਵੇ। ਵਰਤਮਾਨ ਘਟਨਾ ਦੇ ਪ੍ਰਤੀਕਰਮ ਵਜੋਂ ਕੁਝ ਸਿਆਸਤਦਾਨ ਇੱਕ ਦੂਜੇ ਦੇ ਵਿਰੁੱਧ ਦੋਸ਼ ਲਗਾਉਣ ਲੱਗ ਗਏ ਹਨ। ਉਹ ਅਜਿਹੀ ਮਾੜੀ ਘਟਨਾ 'ਤੇ ਵੀ ਸੰਜੀਦਾ ਨਹੀਂ, ਸਗੋਂ ਸਿਆਸੀ ਕਿੜਾਂ ਕੱਢਣ ਲੱਗ ਪਏ ਹਨ, ਜੋ ਸਮੇਂ ਦੀ ਨਜ਼ਾਕਤ ਅਨੁਸਾਰ ਠੀਕ ਨਹੀਂ ਹੈ। ਅਕਾਲੀ ਕਾਂਗਰਸ ਪਾਰਟੀ ਦੇ ਨੇਤਾਵਾਂ 'ਤੇ ਇਲਜ਼ਾਮ ਲਗਾ ਰਹੇ ਹਨ। ਭਾਰਤੀ ਜਨਤਾ ਪਾਰਟੀ, ਕਾਂਗਰਸ ਅਤੇ ਅਕਾਲੀ ਸਰਕਾਰ ਦੀ ਅਣਗਹਿਲੀ ਕਹਿ ਰਹੇ ਹਨ। ਇਸ ਦੂਸ਼ਣਬਾਜ਼ੀ ਵਿਚੋਂ ਕੁਝ ਨਹੀਂ ਨਿਕਲਣਾ। ਮਿਲ ਬੈਠ ਕੇ ਕੋਈ ਸਮਾਧਾਨ ਲੱਭਿਆ ਜਾਵੇ। ਘਟਨਾ ਤੋਂ ਬਾਅਦ ਹੁਣ ਸਾਰੀਆਂ ਸਿਆਸੀ ਪਾਰਟੀਆਂ ਸ਼ਾਂਤੀ ਦੀ ਗੱਲ ਕਰਦੀਆਂ ਹਨ ਪ੍ਰੰਤੂ ਜਦੋਂ ਉਨ੍ਹਾਂ ਦੀ ਆਪਣੀ ਸਰਕਾਰ ਹੁੰਦੀ ਹੈ, ਉਦੋਂ ਸਿਆਸੀ ਤਾਕਤ ਦਾ ਆਨੰਦ ਮਾਣਦੇ ਹੋਏ ਲੋਕਾਈ ਦੀਆਂ ਭਾਵਨਾਵਾਂ ਨੂੰ ਛਿੱਕੇ 'ਤੇ ਟੰਗ ਦਿੰਦੇ ਹਨ। ਵਰਤਮਾਨ ਹਾਲਾਤ ਦੇ ਸਾਰੇ ਸਿਆਸਤਦਾਨ ਜ਼ਿੰਮੇਵਾਰ ਹਨ। ਪੰਜਾਬ ਦੇ ਕਾਲੇ ਦਿਨਾਂ ਤੋਂ ਬਾਅਦ ਇੱਕ ਜਾਂਚ ਕਮਿਸ਼ਨ ਸੱਚਾਈ ਲੱਭਣ ਲਈ ਬਣਾਉਣ ਦੇ ਐਲਾਨ ਹੋਏ ਸਨ। ਉਹ ਕਮਿਸ਼ਨ ਅੱਜ ਤੱਕ ਨਹੀਂ ਬਣਿਆਂ, ਜਿਤਨੀ ਦੇ ਸਮੱਸਿਆ ਦੀ ਡੂੰਘਾਈ ਨਾਲ ਜਾਂਚ ਨਹੀਂ ਹੁੰਦੀ, ਉਤਨੀ ਦੇਰ ਕੋਈ ਹਲ ਨਹੀਂ ਨਿਕਲ ਸਕਦਾ। ਹੁਣ ਸਿਆਸਤ ਕਰਨ ਦਾ ਸਮਾਂ ਨਹੀਂ, ਸਗੋਂ ਸਮੇਂ ਦੀ ਨਜ਼ਾਕਤ ਅਨੁਸਾਰ ਫ਼ੈਸਲੇ ਕਰਨੇ ਚਾਹੀਦੇ ਹਨ।

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

ਮਲਕੀਤ ਸਿੰਘ ਸਿੱਧੂ
ਕੈਨੇਡਾ
ਪੰਜਾਬ ਮੇਲ USA



ਇਹ ਤਾਂ ਸਾਨੂੰ ਸਭ ਨੂੰ ਪਤਾ ਹੈ ਕਿ ਸਰਹੰਦ ਦੀ ਗੜ੍ਹੀ 'ਚੋਂ ਨਿਕਲ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਰਿਵਾਰ ਵਿਛੜ ਗਿਆ, ਜਿਸ ਨੂੰ ਪਰਿਵਾਰ ਵਿਛੋੜਾ ਕਿਹਾ ਜਾਂਦਾ ਹੈ। ਦੋ ਵੱਡੇ ਸਾਹਿਬਜ਼ਾਦੇ ਲੜਾਈ ਵਿਚ ਸ਼ਹੀਦ ਹੋ ਜਾਂਦੇ ਹਨ ਤੇ ਬਾਕੀ ਦਾ ਪਰਿਵਾਰ ਸਰਸਾ ਨਦੀ ਪਾਰ ਕਰਦਿਆਂ ਗੁਰੂ ਸਾਹਿਬ ਤੋਂ ਵਿਛੜ ਜਾਂਦਾ ਹੈ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਆਪਣੇ ਬਹੁਤ ਹੀ ਭਰੋਸੇਯੋਗ ਨੌਕਰ ਨਾਲ ਉਹਦੇ ਘਰੇ ਚਲੇ ਗਏ। ਨੌਕਰ ਨੂੰ ਭਿਣਕ ਪਈ ਕਿ ਮਾਤਾ ਜੀ ਕੋਲ ਮੋਹਰਾਂ ਤੇ ਹੀਰਿਆਂ ਨਾਲ ਭਰੀ ਥੈਲੀ ਹੈ। ਨੌਕਰ ਨੇ ਸੋਚਿਆ, ਵਫਾਦਾਰੀ ਜਾਵੇ ਚੁੱਲੇ ਵਿਚ, ਸੋਨੇ ਚਾਂਦੀ ਦੀ ਥੈਲੀ ਨੂੰ ਹਥਿਆਉਣ ਲਈ ਜਾ ਖ਼ਬਰ ਕੀਤੀ ਸਰਕਾਰੇ ਦਰਬਾਰੇ।

ਚੜ੍ਹ ਆਈ ਗਾਰਦ ਅਗਲੇ ਦਿਨ ਮਾਤਾ ਜੀ ਤੇ ਨਿੱਕੀਆਂ ਜਿੰਦਾਂ ਨੂੰ ਗ੍ਰਿਫ਼ਤਾਰ ਕਰਨ। ਗ੍ਰਿਫਤਾਰ ਕਰਕੇ ਉਨ੍ਹਾਂ ਨੂੰ ਸਰਹੰਦ ਲਿਆਂਦਾ ਗਿਆ, ਉਥੇ ਉਨ੍ਹਾਂ ਨੂੰ ਠੰਡੇ ਬੁਰਜ ਵਿਚ ਕੈਦ ਕੀਤਾ ਗਿਆ। ਅੱਠ ਪਹਿਰ ਦਾਦੀ ਪੋਤੇ ਭੁੱਖੇ ਤਿਹਾਏ ਰਹੇ। ਸਾਰੀ ਰਾਤ ਦਾਦੀ ਪੋਤਿਆਂ ਨੂੰ ਗੋਦੀ ਵਿਚ ਲੈ ਕੇ ਸੂਰਬੀਰ ਯੋਧਿਆਂ ਦੀਆਂ ਸਾਖੀਆਂ ਸੁਣਾਉਂਦੀ ਰਹੀ। ਕੋਈ ਜੁੱਲੀ ਬਿਸਤਰਾ ਨਹੀਂ ਸੀ, ਠੰਡਾ ਬੁਰਜ, ਪੋਹ ਦੀ ਸਰਦੀ, ਢਿੱਡੋਂ ਭੁੱਖੇ, ਸਿਰ 'ਤੇ ਮੌਤ ਦਾ ਭੈਅ, ਨੀਂਦ ਅੱਖਾਂ ਦੇ ਨੇੜ ਨਹੀਂ ਫੜਕੀ। ਅਗਲੇ ਦਿਨ ਕਚਹਿਰੀ ਲੱਗੀ, ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ।

ਸਰਹੰਦ ਦਾ ਸੂਬੇਦਾਰ ਵਜ਼ੀਰਾ ਖਾਂ ਕਚਹਿਰੀ ਵਿਚ ਸਜਿਆ-ਧਜਿਆ ਬੈਠਾ ਸੀ। ਸਿਪਾਹੀਆਂ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਸੂਬੇਦਾਰ ਨੂੰ ਝੁੱਕ ਕੇ ਸਲਾਮ ਕਰੋ, ਨਹੀਂ ਤਾਂ ਅਣਆਈ ਮੌਤ ਮਾਰੇ ਜਾਵੋਗੇ। ਸਾਹਿਬਜ਼ਾਦਿਆਂ ਸਲਾਮ ਕਰਨ ਦੀ ਬਜਾਏ ਫਤਹਿ ਬੁਲਾਈ, ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ ਅਤੇ ਸੂਬਾ ਸਰਹੰਦ ਅੱਧ ਮੋਏ ਸੱਪ ਵਾਂਗੂੰ ਵਿਉਹ ਘੋਲਣ ਲੱਗਾ। ਕੁੱਝ ਚਿਰ ਲਈ ਗੁੱਸੇ ਨੂੰ ਕਾਬੂ ਕਰਦਿਆਂ ਪਹਿਲਾਂ ਤਾਂ ਸਾਹਿਬਜ਼ਾਦਿਆਂ ਨੂੰ ਡਰਾਉਣ ਧਮਕਾਉਣ ਲੱਗਾ। ਇਨ੍ਹਾਂ ਗਿੱਦੜ ਧਮਕੀਆਂ ਦਾ ਕੋਈ ਅਸਰ ਨਾ ਹੁੰਦਾ ਦੇਖ ਕੇ ਵਜ਼ੀਰ ਖਾਂ ਨੇ ਪੈਂਤੜਾ ਬਦਲ ਲਿਆ। ਬੱਚਿਆਂ ਨੂੰ ਹਰ ਕਿਸਮ ਦੇ ਲਾਲਚ ਵਿਖਾਉਣ ਲੱਗਾ। ਜਗੀਰਾਂ ਨਵਾਬੀਆਂ, ਨਵਾਬਜ਼ਾਦੀਆਂ ਦੇ ਡੋਲੇ, ਅਣਡਿੱਠੇ ਬਹਿਸ਼ਤਾਂ ਦੇ ਲਾਰੇ ਲਾਉਣ ਲੱਗਾ, ਪਰ ਉਹ ਬੀਰ-ਬਾਲਕ ਕਿਸੇ ਝਾਂਸੇ ਵਿਚ ਨਾ ਆਏ। ਅੰਤ ਖਿੱਝ ਕੇ ਵਜ਼ੀਰ ਖਾਂ ਕਿਹਾ, "ਬੇ-ਸਮਝ ਬਾਲਕੋ, ਮੇਰੀ ਆਖਰੀ ਸ਼ਰਤ ਸੁਣ ਲਵੋ। ਜਾਂ ਇਸਲਾਮ ਪ੍ਰਵਾਨ ਕਰ ਲਵੋ, ਨਹੀਂ ਤਾ ਸਖ਼ਤ ਤਸੀਹੇ ਦੇ ਕੇ ਮਾਰੇ ਜਾਓਗੇ।" "ਜਿੰਨੇ ਮਰਜ਼ੀ ਤਸੀਹੇ ਦੇ ਲਵੋ, ਅਸੀਂ ਇਸਲਾਮ ਕਬੂਲ ਨਹੀਂ ਕਰਾਂਗੇ," ਬੱਚਿਆਂ ਨੇ ਛਾਤੀ ਤਾਣ ਕੇ ਜਵਾਬ ਦਿੱਤਾ।

ਉਸ ਸਮੇਂ ਸ਼ੇਰ ਮੁਹੰਮਦ ਖਾਂ ਮਲੇਰਕੋਟਲੇ ਵਾਲੇ ਵੀ ਕਚਹਿਰੀ ਵਿਚ ਬੈਠੇ ਸਨ। ਵਜ਼ੀਰ ਖਾਨ ਨੇ ਸੰਬੋਧਨ ਕਰਕੇ ਕਿਹਾ, "ਖਾਨ ਸਾਹਿਬ, ਚਮਕੌਰ ਦੀ ਲੜਾਈ ਵਿਚ ਗੁਰੂ ਨੇ ਤੁਹਾਡੇ ਭਾਈ ਨਾਹਰ ਖਾਂ ਨੂੰ ਕਤਲ ਕੀਤਾ ਸੀ, ਅੱਜ ਤੁਸੀਂ ਇਨ੍ਹਾਂ ਨੂੰ ਕਤਲ ਕਰਕੇ ਭਰਾ ਦਾ ਬਦਲਾ ਲੈ ਲਵੋ।"

ਸ਼ੇਰ ਮੁਹੰਮਦ ਨੇ ਮਰਦਾਂ ਵਾਲੀ ਗੱਲ ਕਹੀ, "ਨਵਾਬ ਸਾਹਿਬ, ਮੇਰੇ ਭਰਾ ਭਤੀਜੇ ਜੰਗ ਦੇ ਮੈਦਾਨ ਵਿਚ ਲੜਦੇ ਹੋਏ ਮਾਰੇ ਗਏ ਸਨ। ਅੱਜ ਵੀ ਗੋਬਿੰਦ ਸਿੰਘ ਮੇਰੇ ਸਾਹਮਣੇ ਆ ਜਾਵੇ, ਤਾਂ ਮੈਂ ਮਰਦਾਂ ਵਾਂਗ ਉਸ ਤੋਂ ਬਦਲਾ ਲਵਾਂਗਾ। ਪਰ ਇਨ੍ਹਾਂ ਮਾਸੂਮ ਬੱਚਿਆਂ ਨੂੰ ਇਨ੍ਹਾਂ ਦੇ ਪਿਤਾ ਦੀ ਕੀਤੀ ਬਦਲੇ ਸਜ਼ਾ ਨਹੀਂ ਦਿੱਤੀ ਜਾ ਸਕਦੀ, ਇਹ ਬੇਗੁਨਾਹ ਹਨ। ਇਸਲਾਮੀ ਸ਼ਰ੍ਹਾ ਵਿਚ ਮਾਸੂਮ ਅਤੇ ਬੇਗੁਨਾਹ ਬੱਚਿਆਂ ਨੂੰ ਮਾਰਨਾ ਪਾਪ ਹੈ।" ਇਹ ਕਹਿ ਕੇ ਸ਼ੇਰ ਮੁਹੰਮਦ ਕਚਾਹਿਰੀ ਵਿਚੋਂ ਉੱਠ ਕੇ ਚਲਾ ਗਿਆ।

ਭੈਅ ਤੇ ਲਾਲਚ ਵਾਲੀ ਕੋਈ ਵੀ ਸਕੀਮ ਦਾ ਬੱਚਿਆਂ ਉੱਪਰ ਕੋਈ ਅਸਰ ਨਾ ਹੁੰਦਾ ਵੇਖ ਕੇ ਵਜ਼ੀਰ ਖਾਂ ਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਕੰਧ ਵਿਚ ਚਿਣ ਕੇ ਮਾਰ ਦਿੱਤਾ ਜਾਵੇ। ਇਹ ਵਜ਼ੀਰ ਖਾਂ ਆਖ਼ਰੀ ਦਾਅਪੇਚ ਸੀ ਬੱਚਿਆਂ ਨੂੰ ਡਰਾਉਣ ਦਾ। ਕੰਧ (ਮੌਤ) ਉਸਰਨ ਲੱਗੀ। ਪੈਰਾਂ ਤੋਂ ਸ਼ੁਰੂ ਹੋ ਕੇ ਮੌਤ ਗਿੱਟਿਆਂ ਗੋਡਿਆਂ ਤੱਕ ਹੁੰਦੀ ਹੋਈ ਛਾਤੀ ਤੱਕ ਪਹੁੰਚ ਗਈ, ਪਰ ਬੱਚੇ ਟੱਸ ਤੋਂ ਮੱਸ ਨਹੀਂ ਹੋਏ। ਅਚਾਨਕ ਕੰਧ ਡਿੱਗ ਪਈ ਕਿ ਬੱਚਿਆਂ ਦੇ ਕਾਫ਼ੀ ਸੱਟਾਂ ਲੱਗੀਆਂ। ਇਸੇ ਹਾਲਤ ਵਿਚ ਬੱਚਿਆਂ ਨੂੰ ਮਾਤਾ ਜੀ ਕੋਲ ਠੰਡੇ ਬੁਰਜ ਭੇਜ ਦਿੱਤਾ, ਤਾਂ ਕਿ ਉਨ੍ਹਾਂ ਦੀ ਹਾਲਤ ਵੇਖ ਕੇ ਮਾਤਾ ਜੀ ਪਸੀਜ ਜਾਣਗੇ ਤੇ ਵਜ਼ੀਰ ਖਾਂ ਦੀ ਈਨ ਮੰਨ ਜਾਣਗੇ ਤੇ ਇਸਲਾਮ ਕਬੂਲ ਕਰ ਲੈਣਗੇ, ਪਰ ਕਿੱਥੇ। ਸੂਬੇਦਾਰ ਵਜ਼ੀਰ ਖਾਂ ਦੀ ਜਿੱਤ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਵਿਚ ਨਹੀਂ, ਉਨ੍ਹਾਂ ਨੂੰ ਡਰਾ-ਧਮਕਾ ਕੇ ਦੀਨ ਮਨਾਉਣ ਸੀ।

ਵਜ਼ੀਰ ਖਾਂ ਦਾ ਕੋਈ ਵੀ ਹਥਿਆਰ ਨਾ ਕੰਮ ਆਉਂਦਾ ਵੇਖ ਕੇ ਲੋਹਾ ਲਾਖਾ ਹੋ ਗਿਆ ਤੇ ਜੱਲਾਦਾਂ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਖ਼ੰਜਰ ਨਾਲ ਜ਼ਿਬਾ ਕੀਤਾ ਜਾਵੇ। ਸਾਰੇ ਜੱਲਾਦਾਂ ਨੇ ਸਿਰ ਗੋਡਿਆਂ ਵਿਚ ਲੈ ਲਏ, ਕੋਈ ਵੀ ਇਨ੍ਹਾਂ ਰੱਬੀ ਰੂਹਾਂ ਦੇ ਖ਼ੂਨ ਨਾਲ ਹੱਥ ਰੰਗਣੇ ਨਹੀਂ ਸੀ ਚਾਹੁੰਦਾ। ਆਖਰ ਵਜ਼ੀਰ ਖਾਂ ਦੀ ਜੇਲ੍ਹ ਵਿਚ ਦੋ ਸਕੇ ਭਰ, ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਉਮਰ ਕੈਦ ਕੱਟ ਰਹੇ ਸੀ। ਉਨ੍ਹਾਂ ਆਖਿਆ ਕਿ ਅਸੀਂ ਕਰ ਸਕਦੇ ਹਾਂ ਇਹ ਕੰਮ, ਜੇ ਸਾਡੀ ਕੈਦ ਮਾਫ ਕੀਤੀ ਜਾਵੇ। ਸੋ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਬੱਚਿਆਂ ਨੂੰ ਭੁੰਜੇ ਪਾ ਕੇ, ਸ਼ਾਤੀਆਂ ਉੱਪਰ ਗੋਡੇ ਰੱਖ ਕੇ ਖ਼ੰਜਰ ਨਾਲ ਸੀਨਾ ਚੀਰ ਕੇ ਹਲਾਲ ਕਰ ਦਿੱਤੇ, ਜਿਸ ਨੇ ਵੀ ਕਹਿਰ ਵਰਤਦਾ ਵੇਖਿਆ ਤੌਬਾ, ਤੌਬਾ ਕਰਨ ਲੱਗੇ।

ਬੇਮਿਸਾਲ ਸ਼ਹਾਦਤ ਤੋਂ ਬਾਅਦ, ਇੱਕ ਸ਼ਾਹੀ ਹੁਕਮ ਜਾਰੀ ਕੀਤਾ ਗਿਆ ਸੀ ਕਿ ਮੁਗਲ ਧਰਤੀ 'ਤੇ ਕੋਈ ਅੰਤਿਮ ਸੰਸਕਾਰ ਨਹੀਂ ਕੀਤਾ ਜਾ ਸਕਦਾ ਹੈ। ਟੋਡਰ ਮੱਲ ਨੇ ਵਜ਼ੀਰ ਖਾਨ ਨੂੰ ਸਾਹਿਬਜ਼ਾਦਿਆਂ ਦੀਆਂ ਲਾਸ਼ਾਂ ਅਤੇ ਉਨ੍ਹਾਂ ਦੇ ਸਸਕਾਰ ਲਈ ਉਸ ਜ਼ਮੀਨ ਦੇਣ ਲਈ ਕਿਹਾ, ਜਿੱਥੇ ਉਹ ਸ਼ਹੀਦ ਹੋਏ ਸਨ। ਵਜ਼ੀਰ ਖਾਨ ਨੇ ਬੇਰਹਿਮੀ ਦਿਖਾਈ ਅਤੇ ਇਸ ਜ਼ਮੀਨ ਨੂੰ ਢੱਕਣ ਵਾਲੇ ਸੋਨੇ ਦੀਆਂ ਮੋਹਰਾਂ ਦੀ ਗੈਰ-ਵਾਜਬ ਮੰਗ ਕੀਤੀ। ਜਦੋਂ ਦੀਵਾਨ ਟੋਡਰ ਮੱਲ ਨੇ ਜ਼ਮੀਨ 'ਤੇ ਸੋਨੇ ਦੀਆਂ ਮੋਹਰਾਂ ਰੱਖ ਕੇ ਸੋਨੇ ਦੇ ਆਪਣੇ ਸਾਰੇ ਭੰਡਾਰ ਖਾਲੀ ਕਰ ਦਿੱਤੇ ਤਾਂ ਵਜ਼ੀਰ ਖਾਨ ਨੇ ਕਿਹਾ ਕਿ ਸੋਨੇ ਦੀਆਂ ਮੋਹਰਾਂ ਰੱਖਣ ਦੀ ਬਜਾਏ ਖੜ੍ਹੀਆਂ ਰੱਖਣੀਆਂ ਚਾਹੀਦੀਆਂ ਹਨ, ਤਾਂ ਜੋ ਵੱਧ ਤੋਂ ਵੱਧ ਮੋਹਰਾਂ ਬਰਾਮਦ ਕੀਤੀਆਂ ਜਾ ਸਕਣ।

ਖ਼ੈਰ, ਦੀਵਾਨ ਟੋਡਰ ਮੱਲ ਨੇ ਆਪਣਾ ਸਾਰਾ ਕੁੱਝ ਵੇਚ ਦਿੱਤਾ ਅਤੇ ਚਾਰ ਗਜ਼ ਜ਼ਮੀਨ ਖਰੀਦਣ ਲਈ 78,000 ਸੋਨੇ ਦੀਆਂ ਮੋਹਰਾਂ ਵਜੀਰ ਖਾਂ ਨੂੰ ਦਿੱਤੀਆਂ, ਤਾਂ ਜੋ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਬੜੇ ਸਤਿਕਾਰ ਨਾਲ ਕੀਤਾ ਜਾ ਸਕੇ। ਉਸ ਸਮੇਂ ਦੇ 25 ਕਰੋੜ ਰੁਪਏ ਬਣਦੇ ਸਨ, ਜੀਹਦੇ ਨਾਲ ਚਾਰ ਗੱਜ ਜ਼ਮੀਨ ਖ਼ਰੀਦ ਕੇ ਸਭ ਤੋਂ ਮਹਿੰਗੀ ਜ਼ਮੀਨ ਹੋਣ ਦਾ ਰਿਕਾਰਡ ਬਣਾਇਆ। 13 ਦਸੰਬਰ, 1705 ਨੂੰ ਧਨੀ ਹਿੰਦੂ ਵਪਾਰੀ ਟੋਡਰ ਮੱਲ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਅਤੇ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਦੀਆਂ ਤਿੰਨ ਸ਼ਹੀਦ ਦੇਹਾਂ ਦਾ ਸਸਕਾਰ ਕੀਤਾ।

---

# "ਫਰਕ"

## ਇੱਕ ਸਵਾਲ ਰੂਪੀ ਲੇਖ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਪਿਆਰੇ ਦੋਸਤੋ, ਇੱਥੇ ਫਰਕ ਤੋਂ ਮੇਰੀ ਮੁਰਾਦ ਮੋਟੇ-ਪਤਲੇ, ਲੰਬੇ-ਮਧਰੇ, ਅਮੀਰ-ਗਰੀਬ, ਸਿਆਣੇ ਜਾਂ ਸਿਧਰੇ ਦਾ ਮੁਲਾਂਕਣ ਕਰਨ ਤੋਂ ਨਹੀਂ ਹੈ। ਇਥੇ ਸਵਾਲ ਪੁਰਾਤਨ ਅਤੇ ਅਜੋਕੇ ਰਾਜ ਕਰਨ ਵਾਲਿਆਂ ਵਿਚਲਾ "ਫਰਕ" ਪੜਚੋਲ ਕਰਨਾ ਹੈ। ਪੰਜਾਬ ਦੇ ਇਤਿਹਾਸ ਨੂੰ ਪੜ੍ਹਿਆ ਜਾਵੇ, ਬਹੁਤ ਸਾਰੇ ਜਮ੍ਹਾਂ ਘਟਾਉ ਦੇ ਸਵਾਲ ਜ਼ਿਹਨ ਵਿਚ ਉਤਪੰਨ ਹੋ ਜਾਣਗੇ। ਬਹੁਤ ਸਦੀਆਂ ਪਿੱਛੇ ਨਹੀਂ ਜਾਂਦੇ ਪਿਛਲੇ ਦੋ ਕੁ ਸੌ ਸਾਲ ਦੇ ਹਿਸਾਬ-ਕਿਤਾਬ ਨੂੰ ਖੰਘਾਲਣ ਬੈਠੀਏ, ਤਾਂ ਸਿਰ ਚਕਰਾਉਣ ਲੱਗਦਾ ਹੈ, ਇਥੇ ਆਪਾਂ ਸਿੱਖ ਮਿਸਲਾਂ ਦੇ ਇਤਿਹਾਸ ਤੋਂ ਬਾਅਦ ਵੇਖੀਏ, ਤਾਂ ਤਿੰਨ ਰਾਜਿਆਂ ਦੇ ਇਤਿਹਾਸ ਉੱਪਰ ਨਜ਼ਰ ਮਾਰਨ ਉਪਰੰਤ ਬਹੁਤ ਕੁਝ ਪਤਾ ਲੱਗਦਾ ਹੈ ਕਿ ਮਹਾਰਾਜਾ ਪਟਿਆਲਾ ਬਹੁਤ ਅਮੀਰ, ਐਸ਼ਪ੍ਰਸਤ ਅਤੇ ਖੁੱਲ੍ਹਾ ਖਰਚਣ ਵਾਲਾ ਰਜਵਾੜਾ ਖਾਨਦਾਨ ਸੀ। ਅਮੀਰੀ ਏਨੀ ਕਿ ਭਾਰਤ ਸਰਕਾਰ ਦੇ ਹਵਾਈ ਜਹਾਜ਼ ਖਰੀਦਣ ਤੋਂ ਪਹਿਲਾਂ ਇਨ੍ਹਾਂ ਨੇ ਹਵਾਈ ਜਹਾਜ਼ ਖਰੀਦ ਲਿਆ ਸੀ। ਰਾਇਲਸ ਰਾਏ ਅਤੇ ਬੀ.ਐੱਮ.ਡਬਲਯੂ. ਵਰਗੀਆਂ ਗੱਡੀਆਂ ਲੈ ਆਉਣਾ ਹੈਰਾਨ ਵਾਲੀਆਂ ਗੱਲਾਂ ਸਨ, ਦਿੱਲੀ ਯੂਨੀਵਰਸਿਟੀ ਬਣਨ ਤੋਂ ਪਹਿਲਾਂ ਹੀ ਪਟਿਆਲਾ ਵਿਚ ਕਲਕੱਤਾ ਯੂਨੀਵਰਸਿਟੀ ਤੋਂ ਐਫੀਲੀਏਸ਼ਨ ਲੈ ਕੇ ਕਾਲਜ ਖੁੱਲ੍ਹਵਾਉਣਾ ਅਤੇ ਆਈਸ ਹਾਕੀ ਦਾ ਇਨਡੋਰ ਸਟੇਡੀਅਮ ਬਣਵਾਉਣਾ ਖਾਲਾ ਜੀ ਦਾ ਵਾੜਾ ਨਹੀਂ ਸੀ ਕਿਉਂਕਿ ਉਦੋਂ ਖੇਤੀ ਏਨੀ ਵਿਕਸਤ ਨਹੀਂ ਸੀ, ਫਸਲਾਂ ਦੇ ਭਾਅ ਅਤੇ ਝਾੜ ਬਹੁਤ ਘੱਟ ਸਨ ਇੰਡਸਟਰੀ ਨਾਂਹ ਦੇ ਬਰਾਬਰ ਸੀ, ਫਿਰ ਏਨਾ ਖੁੱਲ੍ਹਾ ਖਰਚਾ ਆਉਂਦਾ ਕਿਥੋਂ ਸੀ? ਮੈਂ ਜਾਣਦਾ ਹਾਂ ਕਿ ਪਾਠਕ ਸਾਹਿਬਾਨ ਇੱਕੋ ਜਵਾਬ ਦੇਣਗੇ ਕਿ ਇਸ ਘਰਾਣੇ ਨੂੰ ਫਿਰੰਗੀਆਂ ਦੀ ਮਦਦ ਸੀ, ਜਦਕਿ ਅਜਿਹਾ ਨਹੀਂ ਸੀ ਫਿਰ ਵੀ ਜੇ ਮੰਨ ਲਉ ਕਿ ਪਟਿਆਲਾ ਵਾਲਿਆਂ ਨੂੰ ਪੈਸਾ ਮਿਲਦਾ ਵੀ ਸੀ, ਤਾਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਜਿਨ੍ਹਾਂ ਨਾਲ ਅੰਗਰੇਜ਼ ਹਕੂਮਤ ਥਾਂ-ਥਾਂ 'ਤੇ ਅੱਡਾ ਲਾਉਂਦੀ ਸੀ, ਉਨ੍ਹਾਂ ਕੋਲ ਏਨਾ ਪੈਸਾ ਕਿੱਥੋਂ ਆਉਂਦਾ ਸੀ। ਉਨ੍ਹਾਂ ਦੀ ਫੌਜ 'ਚ ਫਰਾਂਸ ਦੇ ਜਰਨੈਲ ਵੀ ਸਨ, ਜੋ ਅੰਗਰੇਜ਼ੀ ਹਕੂਮਤ ਨਾਲ ਲੜਨ ਵਾਸਤੇ ਰੱਖੇ ਹੋਏ ਸਨ, ਉਹ ਤਨਖਾਹਾਂ ਆਨਿਆਂ ਦਵਾਨੀਆਂ ਵਿਚ ਨਹੀਂ ਸਨ ਲੈਂਦੇ, ਉਨ੍ਹਾਂ ਦੀਆਂ ਬਹੁਤ ਜ਼ਿਆਦਾ ਤਨਖਾਹਾਂ ਸਨ। ਉਪਰੋਂ ਅਫ਼ਗ਼ਾਨਿਸਤਾਨ ਦੇ ਦਰਾ ਖੈਬਰ ਅਤੇ ਤਿੱਬਤ ਆਦਿ ਤੱਕ ਲੜਾਈਆਂ ਲੜੀਆਂ ਅਤੇ ਜਿੱਤੀਆਂ। ਪਬਲਿਕ ਨੂੰ ਕਦੇ ਕੋਈ ਤੰਗੀ ਨਹੀਂ ਆਉਣ ਦਿੱਤੀ ਸੀ, ਲੋੜ ਪੈਣ 'ਤੇ ਅਨਾਜ ਦੇ ਭੰਡਾਰੇ ਮੁਫ਼ਤ ਖੋਲ੍ਹ ਦਿੱਤੇ ਜਾਂਦੇ ਸਨ। ਗੁਰਦੁਆਰਾ ਸਾਹਿਬਾਨ ਅਤੇ ਮੰਦਰਾਂ ਉੱਪਰ ਕਵਿੰਟਲਾਂ ਦੇ ਹਿਸਾਬ ਨਾਲ ਸੋਨਾ ਲਵਾਇਆ। ਇਸਲਾਮਿਕ ਮਸਜ਼ਿਦਾਂ ਨੂੰ ਬਣਾਉਣ ਅਤੇ ਚਲਾਉਣ ਵਾਸਤੇ ਖੁੱਲ੍ਹੇ ਗੱਫੇ ਦਿੱਤੇ। ਸਿਰਫ ਪੰਜਾਬ ਹੀ ਨਹੀਂ, ਕਾਂਸ਼ੀ ਤੱਕ ਦੇ ਮੰਦਰਾਂ ਵਿਚ ਸੋਨਾ ਚੜ੍ਹਾਇਆ। ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਚ ਗੁਰੂ ਘਰ ਬਣਵਾਉਣੇ, ਨਵਾਬ ਹੈਦਰਾਬਾਦ ਦੇ ਸੱਦੇ 'ਤੇ ਆਪਣੀਆਂ ਫੌਜਾਂ ਆਪਣੇ ਖਰਚੇ 'ਤੇ ਭੇਜੀਆਂ ਅਤੇ ਰੱਜੀ ਨੀਅਤ ਵਾਲੇ ਫੌਜੀ ਭੇਜੇ। ਉਨ੍ਹਾਂ ਬਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਏਨੇ ਰੱਜੇ-ਪੁੱਜੇ ਫੌਜੀ ਸਨ ਕਿ ਨਵਾਬ ਹੈਦਰਾਬਾਦ ਵੱਲੋਂ ਉਨ੍ਹਾਂ ਨੂੰ ਤਨਖਾਹ ਦੇ ਤੌਰ 'ਤੇ ਪੇਸ਼ ਕੀਤੀ ਚੰਗੀ ਖਾਸੀ ਰਕਮ ਉਨ੍ਹਾਂ ਵੱਲੋਂ ਠੁਕਰਾ ਦਿੱਤੀ ਗਈ ਕਿ ਅਸੀਂ ਜਿਸ ਦੇ ਫੌਜੀ ਹਾਂ, ਉਹ ਸਾਨੂੰ ਠੀਕ-ਠਾਕ ਖਰਚ ਦੇਂਦਾ ਹੈ। ਅਸੀਂ ਤੁਹਾਡੇ ਸੱਦੇ 'ਤੇ ਆਏ ਹਾਂ, ਤੁਹਾਡੇ ਕੋਲ ਨੌਕਰੀ ਕਰਨ ਨਹੀਂ ਆਏ। ਇਸ ਗੱਲ ਤੋਂ ਬਾਅਦ ਨਵਾਬ ਨੇ ਉਨ੍ਹਾਂ ਨੂੰ ਲਾਲਚ ਵਜੋਂ ਕਿ ਇਹ ਸੂਰਮੇ ਦੱਖਣ ਵਿਚ ਹੀ ਟਿਕ ਜਾਣ, ਉਨ੍ਹਾਂ ਨੂੰ ਜਗੀਰਾਂ ਆਫਰ ਕੀਤੀਆਂ, ਜਗੀਰਾਂ ਦੇ ਕਾਗਜ਼ ਦਿੱਤੇ ਪਰ ਬਹਾਦਰ, ਦਲੇਰ ਅਤੇ ਸਿਦਕੀ ਜਰਨੈਲਾਂ ਨੇ ਉਹ ਕਾਗਜ ਤੋਪ ਦੇ ਮੂੰਹ 'ਤੇ ਬੰਨ੍ਹ ਕੇ ਗੋਲੇ ਨਾਲ ਉਹ ਕਾਗਜ਼ ਉਡਾ ਦਿੱਤਾ ਅਤੇ ਸ਼ੇਰੇ-ਪੰਜਾਬ ਦੀ ਇੱਜ਼ਤ ਨੂੰ ਚਾਰ ਚੰਨ੍ਹ ਲਾ ਦਿੱਤੇ। ਤੀਜੇ ਨੰਬਰ 'ਤੇ ਗੱਲ ਕਰਦੇ ਹਾਂ ਮਹਾਰਾਜਾ ਕਪੂਰਥਲਾ ਦੀ, ਉਨ੍ਹਾਂ ਵੱਲੋਂ ਬਣਾਈਆਂ ਇਮਾਰਤਾਂ, ਸੜਕਾਂ, ਮਹਿਲ ਅਤੇ ਸੈਰਗਾਹਾਂ ਅੱਜ ਵੀ ਵਿਸ਼ਵ ਪੱਧਰੀ ਰੁਤਬਾ ਰੱਖਦੀਆਂ ਹਨ, ਉਹ ਕਿੰਨਾ ਖਰਚ ਖਾਹ ਰਾਜਾ ਸਨ ਕਿ ਉਨ੍ਹਾਂ ਦੇ ਖਰਚਿਆਂ ਦਾ ਹਿਸਾਬ ਦੀਵਾਨ ਜਰਮਨੀ ਦਾਸ ਜੀ ਦੀ ਕਿਤਾਬ 'ਮਹਾਰਾਜਾ' ਵਿਚ ਪੜ੍ਹ ਸਕਦੇ ਹੋ। ਸੋਚਣ ਵਾਲੀ ਗੱਲ ਹੈ ਕਿ ਉਦੋਂ ਬਹੁਤ ਘੱਟ ਆਮਦਨ ਹੋਣ ਕਾਰਨ ਵੀ ਏਨੇ ਕੰਮ ਕਿਵੇਂ ਹੋ ਜਾਂਦੇ ਸਨ। ਅੱਜ ਏਨੇ ਟੈਕਸ!! ਦੋਹਰੇ ਤੀਹਰੇ ਟੈਕਸ ਲਾਉਣ ਉਪਰੰਤ ਵੀ ਸਰਕਾਰਾਂ ਦਾ ਸਰਕਾਰੀ ਖਜ਼ਾਨੇ ਵਾਲਾ ਪੀਪਾ ਖਾਲੀ ਕਿਉਂ ਖੜਕਦਾ ਹੈ? ਕੋਈ ਸੜਕ ਨਵੀਂ ਬਣਨੀ ਨਹੀਂ, ਸਿਰਫ ਚੌੜੀ ਹੋਣੀ ਹੁੰਦੀ ਹੈ, ਤਾਂ ਸਭ ਤੋਂ ਪਹਿਲਾਂ ਕੁਦਰਤ ਵੱਲੋਂ ਬਖਸ਼ੀ ਛਾਂ ਦੇਣ ਵਾਲੇ ਅਤੇ ਆਕਸੀਜਨ ਦੇਣ ਵਾਲੇ ਦੇਵਤੇ ਸਰੂਪ (ਰੁੱਖਾਂ) ਨੂੰ ਕਤਲ ਕਰ ਦਿੱਤਾ ਜਾਂਦਾ ਹੈ। ਏਥੇ ਵੀ ਢਿੱਡ ਨਹੀਂ ਭਰਦਾ, ਤਾਂ ਸੜਕਾਂ ਉੱਪਰ ਟੋਲ ਪਲਾਜ਼ਾ ਬਣਾ ਕੇ ਲੋਕਾਂ ਦਾ ਲਹੂ ਪੀਤਾ ਜਾਂਦਾ ਹੈ, ਅਜਿਹਾ ਕਿਉਂ ਹੁੰਦਾ ਹੈ? ਇਹੋ "ਫਰਕ" ਦਿਨ-ਰਾਤ ਸੋਚਣ ਨੂੰ ਮਜਬੂਰ ਕਰਦਾ ਹੈ ਕਿ ਆਖਿਰ ਸਰਕਾਰਾਂ ਦਾ ਪੈਸਾ ਜਾਂਦਾ ਕਿੱਥੇ ਹੈ? ਮੈਂ ਕਿਸੇ ਪਾਰਟੀ ਵਿਸ਼ੇਸ਼ ਦੀ ਗੱਲ ਨਹੀਂ ਕਰਦਾ, ਫਿਰ ਵੀ ਸਵਾਲ ਉਠਦਾ ਹੈ ਕਿ ਗਿਆਨੀ ਜ਼ੈਲ ਸਿੰਘ ਹੋਰਾਂ ਦੇ ਕਾਂਗਰਸੀ ਮੁੱਖ ਮੰਤਰੀ ਹੁੰਦਿਆਂ 1972/73 ਵਿਚ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਪੰਜ ਸੌ ਅੱਸੀ ਕਿਲੋਮੀਟਰ ਨਮੂਨੇ ਦੀ ਸੜਕ ਕਿਵੇਂ ਬਣ ਗਈ ਸੀ? ਉਸ ਉਪਰ ਤਾਂ ਕੋਈ ਟੋਲ ਪਲਾਜ਼ਾ ਨਹੀਂ ਸੀ ਲਗਾਇਆ। ਇਹ 'ਫਰਕ' ਸਾਨੂੰ ਸਮਝਣੇ ਅਤਿ ਜ਼ਰੂਰੀ ਹਨ। ਵਰਨਾ ਉਹ ਦਿਨ ਦੂਰ ਨਹੀਂ, ਜਦ ਸਾਰਾ ਪੰਜਾਬ ਹਿਜ਼ਰਤ ਕਰ ਜਾਵੇਗਾ ਅਤੇ ਪੰਜਾਬ ਦਾ ਕੀ ਹੋਵੇਗਾ ਇਹ ਭਵਿੱਖ ਦੇ ਗਰਭ ਵਿਚ ਹੈ।

# "ਸਫਰ-ਏ-ਸ਼ਹਾਦਤ" ਸਿੱਖ ਕੌਮ ਦਾ ਲਾਸਾਨੀ ਸ਼ਹਾਦਤਾਂ ਭਰਿਆ ਹਫਤਾ

## ਕੀ ਮੌਜੂਦਾ ਸਿੱਖ ਪੰਥ ਇਸ ਤੋਂ ਕੋਈ ਸਬਕ ਸਿੱਖ ਕੇ ਆਪਣੀ ਸੁਚੱਜੀ ਲੀਡਰਸ਼ਿਪ ਦੀ ਸਥਾਪਨਾ ਕਰੇਗਾ?

ਜੰਗ ਸਿੰਘ ਮਰਸੱਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA





ਸਿੱਖ ਪੰਥ ਦੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਦਾ ਨਾਂ ਸੰਸਾਰ ਦੇ ਇਤਿਹਾਸ ਵਿਚ ਚਮਕਦੇ ਸੂਰਜ ਵਾਂਗ ਰੁਸ਼ਨਾਈਆਂ ਵੰਡਦਾ ਆ ਰਿਹਾ ਹੈ, ਜਿਨ੍ਹਾਂ ਦਾ ਨਾਂ ਤਾਂ ਹੁਣ ਤੱਕ ਸਾਨੀ ਹੋਇਆ ਹੈ ਤੇ ਨਾ ਹੀ ਸ਼ਾਇਦ ਭਵਿੱਖ ਵਿਚ ਕੋਈ ਹੋਵੇ! ਦਸਮ ਪਾਤਸ਼ਾਹ ਦੇ ਪਰਿਵਾਰ ਦੀਆਂ ਸ਼ਹਾਦਤਾਂ ਦਾ ਮੁੱਢ ਪੋਹ ਸੁਦੀ ਛੇਵੀਂ ਭਾਵ 21 ਦਸਬੰਰ ਤੋਂ ਸ਼ੁਰੂ ਹੋ ਕੇ ਪੋਹ ਸੁਦੀ ਚੌਦਵੀਂ ਭਾਵ 28 ਦਸੰਬਰ ਤੱਕ ਸਭ ਕੁਝ ਹੋ ਗੁਜਰਦਾ ਹੈ। ਇਹ ਰੌਂਗਟੇ ਖੜ੍ਹੇ ਕਰਨ ਵਾਲਾ ਇਤਿਹਾਸ ਪੋਹ ਸੁਦੀ ਛੇਵੀਂ 1704 ਅੱਜ ਦੀ ਤਾਰੀਖ 21 ਦਸੰਬਰ ਤੋਂ ਸ਼ੁਰੂ ਹੁੰਦਾ ਹੈ, ਜਿਸ ਦਿਨ ਦਸਵੇਂ ਪਾਤਸ਼ਾਹ ਨੇ ਹਿੰਦੂ ਪਹਾੜੀ ਰਾਜੇ ਜਿਹੜੇ ਉਸ ਵੇਲੇ ਦੇ ਮੁਗਲ ਤੇ ਜ਼ਾਲਮ ਬਾਦਸ਼ਾਹ ਔਰੰਗਜੇਬ ਵਲੋਂ ਦਿੱਤੇ ਹੁੱਕਮਾਂ 'ਤੇ ਗਊਆਂ ਦੀਆਂ ਝੂਠੀਆਂ ਕਸਮਾਂ ਖਾ ਕੇ ਬੇਨਤੀਆਂ ਕਰ ਰਹੇ ਸਨ ਕਿ ਉਹ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਜਾਣ, ਉਨ੍ਹਾਂ ਨੂੰ ਜਾਣ ਦਿੱਤਾ ਜਾਵੇਗਾ। ਜਦੋਂ ਕਿ ਗੁਰੂ ਸਾਹਿਬ ਸਿੱਖ ਸੰਗਤਾਂ ਨੂੰ ਪਿਛਲੇ ਛੇ ਮਹੀਨਿਆਂ ਤੋਂ ਮੁਕੰਮਲ ਤੌਰ 'ਤੇ ਘੇਰ ਕੇ ਕਿਲ੍ਹੇ ਅੰਦਰ ਰੱਖਿਆ ਹੋਇਆ ਸੀ। ਉਨ੍ਹਾਂ ਦਾ ਰਸਦ ਪਾਣੀ ਜਾਣਾ ਪੂਰੀ ਤਰ੍ਹਾਂ ਬੰਦ ਕੀਤਾ ਹੋਇਆ ਸੀ। ਇਸੇ ਸਥਾਨ 'ਤੇ ਘਿਰੀਆਂ ਸੰਗਤਾਂ ਨੂੰ ਅੰਨ ਪਾਣੀ ਮੁੱਕਣ ਤੋਂ ਬਾਅਦ ਦਰੱਖਤਾਂ ਦੇ ਪੱਤੇ ਖਾਣ ਦੇ ਨਾਲ ਮਜਬੂਰੀ ਵੱਸ ਖਾਣ ਲਈ ਕੋਈ ਹੋਰ ਚੀਜ਼ ਨਾ ਬਚਣ 'ਤੇ ਘੋੜਿਆਂ ਤੱਕ ਦੇ ਮਾਸ ਨੂੰ ਖਾਣ ਲਈ ਮਜਬੂਰ ਹੋਣਾ ਪਿਆ ਸੀ। ਇਸੇ ਸਥਾਨ 'ਤੇ ਤੰਗ ਆ ਕੇ ਭਾਈ ਮਹਾਂ ਸਿੰਘ ਦੇ ਨਾਲ 40 ਹੋਰ ਸਿੰਘ ਬੇਦਾਵਾ ਲਿਖ ਕੇ ਆਪਣੇ ਪਿੰਡਾਂ ਨੂੰ ਚਲੇ ਗਏ ਸਨ। ਗੁਰੂ ਸਾਹਿਬਾਨ ਪਹਾੜੀ ਰਾਜਿਆਂ ਦੀਆਂ ਨੀਤਾਂ ਨੂੰ ਸ਼ੱਕੀ ਜਾਣਦੇ ਹੋਏ ਕਿ ਕਸਮਾਂ ਚੁੱਕਣ ਦੇ ਬਾਵਜੂਦ ਉਹ ਉਨ੍ਹਾਂ 'ਤੇ ਹਮਲਾ ਜ਼ਰੂਰ ਕਰਨਗੇ। ਪੰਜ ਪਿਆਰਿਆਂ ਦੇ ਹੁਕਮਾਂ 'ਤੇ ਉਹ ਕਿਲ੍ਹਾ ਛੱਡਣ ਲਈ ਭਾਵੇਂ ਰਾਜ਼ੀ ਹੋ ਗਏ ਪਰ ਉਨ੍ਹਾਂ ਨੇ ਨਿਕਲਣ ਵਾਲੇ ਨਤੀਜਿਆਂ ਨੂੰ ਧਿਆਨ ਵਿਚ ਰੱਖਦਿਆਂ ਸਭ ਤੋਂ ਪਹਿਲਾਂ ਘੋੜਿਆਂ, ਖਚਰਾਂ, ਖੋਤਿਆਂ ਉਤੇ ਵਰਤੋਂ ਵਿਚ ਨਾ ਆਉਣ ਵਾਲੀਆਂ ਚੀਜ਼ਾਂ ਲੱਦ ਕੇ ਭੇਜਣੀਆਂ ਸ਼ੁਰੂ ਕੀਤੀਆਂ, ਉਸ ਦੇ ਮਗਰ ਹੋਰ ਸਮਾਨ ਨਾਲ ਕਿਲ੍ਹੇ ਵਿਚ ਘਿਰੇ ਸਿੰਘਾਂ, ਸਿੰਘਣੀਆਂ, ਭੁਝੰਗੀਆਂ ਨਾਲ ਜਾਣਾ ਸ਼ੁਰੂ ਕੀਤਾ, ਹਾਲੇ ਉਨ੍ਹਾਂ ਨੇ ਨਾ ਮਾਤਰ ਪੈਂਡਾ ਹੀ ਤਹਿ ਕੀਤਾ ਸੀ ਕਿ ਪਹਾੜੀ ਰਾਜੇ ਸਮੇਤ ਮੁਗਲ ਫੌਜਾਂ ਨੇ ਭੁੱਖੇ ਬਘਿਆੜਾਂ ਵਾਂਗੂੰ ਗੁਰੂ ਸਾਹਿਬ ਦਾ ਸਮਾਨ ਲੁੱਟਣ ਦੇ ਨਾਲ ਉਨ੍ਹਾਂ 'ਤੇ ਹਮਲਾ ਕਰਨ ਲਈ ਟੁੱਟ ਕੇ ਪੈ ਗਏ। ਸਰਸਾ ਨੱਦੀ ਤੱਕ ਪੁੱਜਣ ਤੋਂ ਪਹਿਲਾਂ ਉਨ੍ਹਾਂ ਨੂੰ ਕਈ ਲੜਾਈਆਂ ਦਾ ਸਾਹਮਣਾ ਕਰਨਾ ਪਿਆ, ਜਿਸ ਦੌਰਾਨ ਸਿੰਘਾਂ ਨੇ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਦੌਰਾਨ ਕਈ ਸਿੰਘ ਸ਼ਹੀਦ ਹੋਏ। ਇਸ ਦੇ ਨਾਲ ਹੀ ਪਹਾੜੀ ਰਾਜਿਆਂ ਤੇ ਮੁਗਲ ਫੌਜਾਂ ਦਾ ਵੀ ਭਾਰੀ ਨੁਕਸਾਨ ਹੋਇਆ। ਸਰਸਾ ਨਦੀ ਵਿਚ ਭਾਰੀ ਹੜ੍ਹ ਆਇਆ ਹੋਣ ਕਰਕੇ ਉਸ ਨੂੰ ਪਾਰ ਕਰਦੇ ਸਮੇਂ ਭਾਰੀ ਗਿਣਤੀ ਵਿਚ ਪਹਾੜੀ ਤੇ ਮੁਗਲੀ ਫੌਜ ਨੇ ਸਰਸਾ ਨਦੀ ਦੇ ਦੋਹੇਂ ਪਾਸਿਆਂ ਅੱਗੋਂ ਤੇ ਪਿੱਛੋਂ ਗੁਰੂ ਸਾਹਿਬ ਤੇ ਸਿੰਘਾਂ 'ਤੇ ਜ਼ੋਰਦਾਰ ਹਮਲਾ ਕਰ ਦਿੱਤਾ। ਇਥੋਂ ਦਸਮ ਪਾਤਸ਼ਾਹ ਦਾ ਸਾਰਾ ਪਰਿਵਾਰ ਪੋਹ ਸੁਦੀ ਸਤਵੀਂ ਭਾਵ 22 ਦਸੰਬਰ ਨੂੰ ਖੇਰੂੰ-ਖੇਰੂੰ ਹੋ ਗਿਆ। 8 ਪੋਹ 23 ਦਸੰਬਰ ਨੂੰ ਗੁਰੂ ਸਾਹਿਬ, ਪੰਜ ਪਿਆਰੇ ਤੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਗਿਣਤੀ ਦੇ ਸਿੰਘਾਂ ਨੂੰ ਨਾਲ ਲੈ ਕੇ ਚਮਕੌਰ ਦੀ ਗੜ੍ਹੀ ਵਿਚ ਆ ਟਿਕਾਣਾ ਕੀਤਾ, ਜਿਥੇ ਇਸੇ ਗੜ੍ਹੀ ਤੋਂ 40 ਸਿੰਘਾਂ ਨੇ ਦਸ ਲੱਖ ਦੀ ਫੌਜ ਨਾਲ ਡੱਟਵਾਂ ਮੁਕਾਬਲਾ ਕਰਕੇ ਗੁਰੂ ਸਾਹਿਬ ਦੇ ਮੁਖਾਰਬਿਨ ਤੋਂ ਕਹੇ ਸ਼ਬਦਾਂ "ਸਵਾ ਲਾਖ ਸੇ ਏਕ ਲੜਾਊਂ, ਤਬੇ ਗੋਬਿੰਦ ਸਿੰਘ ਨਾਮ ਕਹਾਊਂ" ਨੂੰ ਸਾਕਾਰਾਤਮਕ ਰੂਪ ਦਿੱਤਾ ਸੀ। ਇਸੇ ਅਸਥਾਨ 'ਤੇ ਪੰਜ ਪਿਆਰਿਆਂ ਵਿਚੋਂ ਤਿੰਨ ਪੰਜ ਪਿਆਰੇ, 34 ਸਿੰਘਾਂ ਦੇ ਸ਼ਹੀਦ ਹੋਣ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਮੁਗਲੀਆਂ ਫੌਜਾਂ ਦਾ ਸਖਤ ਮੁਕਾਬਲਾ ਕਰਦੇ 8 ਤੇ 9 ਪੋਹ 23, 24 ਦਸੰਬਰ ਨੂੰ ਸ਼ਹੀਦੀਆਂ ਪਾ ਜਾਂਦੇ ਹਨ। ਇਹ ਵੀ ਦੱਸਿਆ ਜਾਂਦਾ ਹੈ ਕਿ ਬਾਬਾ ਅਜੀਤ ਸਿੰਘ ਇੰਨੀ ਬਹਾਦਰੀ ਨਾਲ ਲੜ੍ਹੇ ਕਿ ਉਨ੍ਹਾਂ ਦੇ ਸਰੀਰ ਨੂੰ ਸੈਂਕੜੇ ਤੋਂ ਵਧੇਰੇ ਤੀਰਾਂ ਨੇ ਬੁਰੀ ਤਰ੍ਹਾਂ ਵਿੰਨਿਆ ਹੋਇਆ ਸੀ। ਜ਼ਾਲਮ ਫੌਜਾਂ ਵਲੋਂ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਨ 'ਤੇ ਭਾਰੀ ਪਾਬੰਦੀ ਲਗਾਉਣ ਦੇ ਨਾਲ ਖੌਫਜਦਾ ਕੀਤਾ ਹੋਇਆ ਸੀ। ਪਰ ਇਸ ਸਭ ਕੁਝ ਦੀ ਪ੍ਰਵਾਹ ਕੀਤੇ ਬਿਨਾ ਬੀਬੀ ਹਰਸ਼ਰਨ ਕੌਰ ਨੇ 10 ਪੋਹ 25 ਦਸੰਬਰ ਨੂੰ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕੀਤਾ। ਇਸੇ ਦੋਸ਼ ਤਹਿਤ ਮੁਗਲੀਆ ਹਾਕਮਾਂ ਨੇ ਉਸੇ ਦਿਨ ਬੀਬੀ ਹਰਸ਼ਰਨ ਕੌਰ ਨੂੰ ਵੀ ਸ਼ਹੀਦ ਕਰ ਦਿੱਤਾ।

ਦੂਸਰੇ ਪਾਸੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਅਤੇ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਜੀ ਨੂੰ ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਆਪਣੇ ਨਾਲ ਲੈ ਜਾਂਦਾ ਹੈ, 7 ਪੋਹ ਨੂੰ ਉਹ ਸਾਰੇ ਕੁੰਮੇ ਮਾਸ਼ਕੀ ਦੀ ਝੌਂਪੜੀ ਵਿਚ ਰਾਤ ਕੱਟਦੇ ਹਨ, 8 ਪੋਹ ਨੂੰ ਉਹ ਗੰਗੂ ਬ੍ਰਾਹਮਣ ਦੇ ਘਰ ਰਾਤ ਕੱਟਦੇ ਹਨ। ਲਾਲਚਵੱਸ ਹੋ ਕੇ ਗੰਗੂ ਬ੍ਰਾਹਮਣ ਉਨ੍ਹਾਂ ਦੇ ਠਹਿਰੇ ਹੋਏ ਹੋਣ ਦੀ ਸੂਚਨਾ ਮੋਰਿੰਡੇ ਦੇ ਹਾਕਮ ਨੂੰ ਦੇ ਕੇ ਫੜਾ ਦੇਂਦਾ ਹੈ, ਜਿਥੇ ਉਹ 9 ਪੋਹ ਦੀ ਰਾਤ ਕੱਟਦੇ ਹਨ। ਮੋਰਿੰਡੇ ਦੇ ਹਾਕਮ ਫਿਰ ਉਨ੍ਹਾਂ ਨੂੰ ਸਰਹਿੰਦ ਦੇ ਸੂਬੇਦਾਰ ਦੇ ਹਵਾਲੇ ਕਰ ਦਿੰਦੇ ਹਨ, ਜਿਥੇ ਉਨ੍ਹਾਂ ਨੂੰ 10, 11 ਤੇ 12 ਪੋਹ ਨੂੰ ਠੰਡੇ ਬੁਰਜ ਵਿਚ ਰੱਖਿਆ ਜਾਂਦਾ। ਸੂਬੇ ਸਰਹਿੰਦ ਦੇ ਵਜ਼ੀਰ ਖਾਂ ਨੇ ਕਿਵੇਂ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਡਰਾਵੇ ਤੇ ਲਾਲਚ ਦਿੱਤੇ। ਇਥੇ ਹੀ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਨੀਹਾਂ ਵਿਚ ਚਿਣਾਏ ਜਾਣ ਦੇ ਦਿੱਤੇ ਫਤਵੇ ਦੀ ਸਖਤ ਨਿੰਦਾ ਕੀਤੀ ਸੀ। 13 ਪੋਹ ਨੂੰ ਵਜ਼ੀਰ ਖਾਂ ਨੇ ਮਾਸੂਮ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਜਿਊਂਦਿਆ ਨੀਹਾਂ ਵਿਚ ਚਿਣਵਾ ਦਿੱਤਾ। ਇਸੇ ਦਿਨ ਹੀ ਮਾਤਾ ਗੁਜਰੀ ਜੀ ਵੀ ਸ਼ਹਾਦਤ ਪਾ ਜਾਂਦੇ ਹਨ, ਜਿਥੇ ਅੱਜਕੱਲ੍ਹ ਗੁਰਦੁਆਰਾ ਫਤਿਹਗੜ੍ਹ ਸਾਹਿਬ ਬਣਿਆ ਹੋਇਆ ਹੈ। ਇਹ ਹੈ ਦਸਮ ਪਾਤਸ਼ਾਹ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਦਾ ਸਤ ਦਿਨਾਂ ਦਾ ਇਤਿਹਾਸ। ਦਸਮ ਪਾਤਸ਼ਾਹ ਵਲੋਂ ਸਿੱਖ ਕੌਮ ਵਿਚ ਫੂਕੀ ਅਜਿਹੀ ਭਾਵਨਾ ਨੇ ਥੋਹੜੇ ਜਿਹੇ ਸਮੇਂ ਵਿਚ ਔਰੰਗਜ਼ੇਬ ਦੇ ਜ਼ਾਲਮ ਰਾਜ ਦਾ ਜਿਥੇ ਖਾਤਮਾ ਕੀਤਾ, ਉਥੇ ਥੋੜ੍ਹੇ ਜਿਹੇ ਸਮੇਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਿਥੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ, ਉਥੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਉਣ ਵਾਲੇ ਸੂਬੇਦਾਰ ਵਜ਼ੀਰ ਖਾਂ ਨੂੰ ਘੋੜੇ ਦੇ ਨਾਲ ਬੰਨ੍ਹ ਕੇ ਸਰਹਿੰਦ ਦੀਆਂ ਗਲੀਆਂ ਵਿਚ ਘੁੰਮਾ ਕੇ ਜ਼ਾਲਮ ਨੂੰ ਬਣਦੀ ਸਜ਼ਾ ਦਿੱਤੀ। ਇਸੇ ਕੌਮ ਦੇ ਬਹਾਦਰ ਯੋਧਿਆਂ ਨੇ ਥੋੜ੍ਹੇ ਜਿਹੇ ਸਮੇਂ ਬਾਅਦ 12 ਮਿਸਲਾਂ ਦੀ ਸਥਾਪਨਾ ਕੀਤੀ, ਜਿਸ ਦਾ ਆਗਮਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਜੋਂ ਹੋਇਆ। ਮੌਜੂਦਾ ਇਕੀਵੀਂ ਸਦੀ 'ਚ ਸੰਸਾਰ ਭਰ ਦੇ ਉੱਤਮ 150 ਰਾਜਿਆਂ ਦੇ ਕਰਾਏ ਸਰਵੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਸਭ ਤੋਂ ਉੱਤਮ ਰਾਜ ਵਜੋਂ ਐਲਾਨਿਆ ਗਿਆ ਹੈ, ਜਿਸ ਨਾਲ ਸਿੱਖ ਕੌਮ ਦਾ ਸਿਰ ਮਾਣ ਨਾਲ ਹੋਰ ਵੀ ਉੱਚਾ ਹੁੰਦਾ ਹੈ। ਅੱਜਕੱਲ੍ਹ ਜੇਕਰ ਇਸ ਕੌਮ ਦੀ ਹਾਲਤ ਵੱਲ ਝਾਤ ਮਾਰੀਏ, ਤਾਂ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਸਿੱਖ ਕੌਮ ਦੀ ਵਾਗਡੋਰ ਜਦੋਂ ਤੋਂ ਸ. ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਆਈ ਤੇ ਇਸ ਨੇ ਪੰਜਾਬ ਤੇ ਸਿੱਖ ਵਿਰੋਧੀ ਪਾਰਟੀ ਭਾਰਤੀ ਜਨਤਾ ਪਾਰਟੀ ਨਾਲ ਰਲ ਕੇ ਪੰਜਾਬ ਵਿਚ ਰਾਜ ਕਰਨਾ ਸ਼ੁਰੂ ਕੀਤਾ, ਇਸ ਨੇ ਆਪਣੇ ਪੁੱਤਰ ਤੋਂ ਬਿਨਾ ਹੋਰ ਕੋਈ ਆਗੂ ਉਭਰਣ ਹੀ ਨਹੀਂ ਦਿੱਤਾ। ਇਨ੍ਹਾਂ ਨੇ ਭਾਜਪਾ ਦੇ ਇਸ਼ਾਰਿਆ 'ਤੇ ਮਨਮਾਨੀਆਂ ਕਰਕੇ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨਾ ਤਾਂ ਕੀ ਸੀ, ਇਨ੍ਹਾਂ ਨੇ ਕਈ ਗੁਨਾਹਾਂ ਦੇ ਦੋਸ਼ੀ ਸੌਦੇ ਵਾਲੇ ਸਾਧ ਨੂੰ ਬਿਨ ਮੰਗੇ ਸਿੱਖ ਕੌਮ ਦੇ ਜਥੇਦਾਰਾਂ ਨੂੰ ਆਪਣੀ ਕੋਠੀ ਬੁਲਾ ਕੇ ਜਬਰੀ ਮੁਆਫੀ ਦੁਆ ਕੇ ਵੱਡਾ ਧਰੋਹ ਕਮਾਇਆ। ਇਨਾਂ ਦੇ ਰਾਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਵਾਰੀ ਬੇਅਦਬੀਆਂ ਹੋਣੀਆਂ। ਦੋਸ਼ੀਆਂ ਨੂੰ ਫੜਣ ਦੀ ਮੰਗ ਕਰਦੇ ਦੋ ਨੌਜੁਆਨਾਂ ਨੂੰ ਪੁਲਿਸ ਗੋਲੀ ਨਾਲ ਮਰਵਾਉਣਾ, ਹਜ਼ਾਰਾਂ ਸਿੱਖ ਨੌਜੁਆਨਾਂ ਦੇ ਕਾਤਲ ਸੁਮੇਧ ਸੈਣੀ ਤੇ ਇਜ਼ਹਾਰ ਆਲਮ ਨੂੰ ਪੁਲਿਸ ਦੇ ਉੱਚ ਅਹੁਦਿਆਂ 'ਤੇ ਬਿਠਾਉਣਾ, ਇਜ਼ਹਾਰ ਆਲਮ ਦੀ ਪਤਨੀ ਨੂੰ ਅਕਾਲੀ ਪਾਰਟੀ ਵਿਚ ਸ਼ਾਮਲ ਕਰਕੇ ਮੰਤਰੀ ਬਣਾਉਣਾ, ਕਈ ਦਹਾਕੇ ਲੜਾਈ ਲੜ ਕੇ ਅਤੇ ਅਣਗਿਣਤ ਕੁਰਬਾਨੀਆਂ ਦੇ ਕੇ ਬਣਾਏ "ਪੰਜਾਬੀ ਸੂਬੇ" ਵਿਚੋਂ ਪੰਜਾਬੀ ਬੋਲੀ ਨੂੰ ਖਤਮ ਕਰਾਉਣ ਦੇ ਨਾਲ ਬਹੁਤ ਸਾਰੀਆਂ ਅਜਿਹੀਆਂ ਨਾ ਬਖਸ਼ਣਯੋਗ ਗਲਤੀਆਂ ਕੀਤੀਆਂ ਹਨ ਕਿ ਸਿੱਖ ਪੰਥ ਨੇ ਇਸ ਬਾਦਲ ਲੀਡਰਸ਼ਿਪ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ। ਪੰਜਾਬ ਵਿਚ ਰਾਜ ਕਰਨ ਵਾਲੀ ਇਸ ਪਾਰਟੀ ਕੋਲ ਸਿੱਖ ਪੰਥ ਨੇ 2022 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ 117 ਵਿਧਾਨ ਸਭਾ ਸੀਟਾਂ ਵਿਚੋਂ ਸਿਰਫ 3 ਸੀਟਾਂ ਦੇ ਕੇ ਬਾਦਲਾਂ ਤੇ ਉਸ ਦੀ ਜੁੰਡਲੀ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਹਾਲ ਹੀ 2 ਦਸੰਬਰ 2024 ਨੂੰ ਸ. ਸੁਖਬੀਰ ਸਿੰਘ ਬਾਦਲ ਤੇ ਉਸ ਦੀ ਸਾਰੀ ਲੀਡਰਸ਼ਿਪ ਨੂੰ ਸ੍ਰੀ ਅਕਾਲ ਤਖਤ ਵਿਖੇ ਤਲਬ ਕੀਤਾ ਸੀ, ਜਿਸ ਵਿਚ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਾਰੀ ਲੀਡਰਸ਼ਿਪ ਬਾਰੇ ਕਿਹਾ ਕਿ ਇਹ ਸਾਰੇ ਆਗੂ ਨੈਤਿਕ ਤੌਰ 'ਤੇ ਸਿੱਖ ਪੰਥ ਵਿਚੋਂ ਆਪਣਾ ਆਧਾਰ ਗਵਾ ਚੁੱਕੇ ਹਨ। ਇਸ ਕਰਕੇ ਇਨ੍ਹਾਂ ਦੇ ਅਸਤੀਫੇ ਪ੍ਰਵਾਨ ਕਰਕੇ ਛੇ ਮਹੀਨੇ ਵਿਚ ਨਵੀਂ ਪਾਰਟੀ ਦੀ ਸਥਾਪਨਾ ਕੀਤੀ ਜਾਵੇ। ਅੱਜ ਸਿੱਖ ਕੌਮ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਾਰੇ ਗਿੱਲੇ ਸ਼ਿਕਵੇ ਭੁਲਾ ਕੇ ਉਸ ਲੀਡਰਸ਼ਿਪ ਦੀ ਚੋਣ ਕਰੇ, ਜੋ ਨਿਰਸੁਆਰਥ ਹੋਣ ਦੇ ਨਾਲ ਕੁਰਬਾਨੀ ਦਾ ਜਜ਼ਬਾ ਰੱਖਦੀ ਹੋਵੇ। ਪੰਜਾਬ ਦੇ ਮਸਲੇ ਹੱਲ ਕਰਾਉਣ, ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਦਿਵਾਉਣ ਦੇ ਨਾਲ ਪੰਜਾਬ ਦੇ ਭਵਿੱਖ ਨੂੰ ਉਜਲਾ ਬਣਾਉਣ ਵਾਲਾ ਤੇ ਸਿੱਖ ਕੌਮ ਦੀ ਰਾਖੀ ਕਰਨ ਵਾਲੀ ਹੋਵੇ। ਇਸ ਸਮੇਂ ਪੰਜਾਬ ਨੂੰ ਕੁਰਬਾਨੀ ਵਾਲਾ ਪ੍ਰਧਾਨ ਤੇ ਲੀਡਰਸ਼ਿਪ ਦੀ ਜ਼ਰੂਰਤ ਹੈ, ਨਾ ਕਿ "ਕਦੇ ਦਾਹੜੀ ਖੋਲ੍ਹ ਲਏ, ਕਦੇ ਦਾਹੜੀ ਬੰਨ ਲਵੇ, ਕਦੇ ਗਾਤਰਾ ਪਾ ਲਵੇ, ਕਦੇ ਗਾਤਰਾ ਲਾਹ ਦੇਵੇ, ਕੇਸ ਦਾਹੜੀ ਖੋਲ ਕੇ ਉਸ ਵਿਚ ਬੁਰੀ ਤਰ੍ਹਾਂ ਰੰਗ ਗੁਲਾਲ ਨਾਲ ਲਿਬੜਿਆ ਹੋਇਆ, ਸਿੱਖ ਤੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਤੋਂ ਵਿਹੂਣਾ, ਪੰਜਾਬ ਦੀਆਂ ਸਰਬਪੱਖੀ ਬਰਬਾਦੀਆਂ ਕਰਨ ਵਾਲਾ ਪ੍ਰਧਾਨ ਚਾਹੀਦਾ ਹੈ। ਇਸ ਦਾ ਫੈਸਲਾ ਹੁਣ ਸਿੱਖ ਕੌਮ ਨੇ ਕਰਨਾ ਹੈ!

# ਜ਼ੁਲਮ ਦੀ ਇੰਤਹਾ : ਸਾਕਾ ਸਰਹਿੰਦ

-ਪ੍ਰੋ. ਨਵ ਸੰਗੀਤ ਸਿੰਘ
1-ਲਤਾ ਗਰੀਨ ਐਨਕਲੇਵ, ਪਟਿਆਲਾ
94176-92015
ਪੰਜਾਬ ਮੇਲ USA





ਦੁਨੀਆਂ ਦਾ ਇਤਿਹਾਸ ਪੜ੍ਹੀਏ, ਤਾਂ ਪਤਾ ਲੱਗਦਾ ਹੈ ਕਿ ਜਿੰਨੇ ਸ਼ਹੀਦ ਸਿੱਖ ਧਰਮ ਵਿਚ ਹੋਏ ਹਨ, ਓਨੇ ਕਿਸੇ ਹੋਰ ਧਰਮ ਵਿਚ ਨਹੀਂ ਹੋਏ। ਸਿੱਖ ਧਰਮ ਦੀ ਬੁਨਿਆਦ ਹੀ ਸ਼ਹੀਦੀਆਂ 'ਤੇ ਰੱਖੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰਾਂ ਨੇ ਸੱਚੀ ਸੁੱਚੀ ਪ੍ਰੀਤ ਦਾ ਆਧਾਰ ਸ਼ਹੀਦੀ ਨੂੰ ਮੰਨਿਆ ਹੈ (ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ) ਇਸ ਧਰਮ ਦੇ ਅਨੁਆਈਆਂ ਵਿਚ ਜੇਕਰ ਵੱਡੀ ਉਮਰ ਵਾਲੇ ਅਤੇ ਬਜ਼ੁਰਗਾਂ ਦੀਆਂ ਅਣਗਿਣਤ ਕੁਰਬਾਨੀਆਂ ਹਨ, ਉੱਥੇ ਛੋਟੇ ਅਤੇ ਮਾਸੂਮ ਬੱਚਿਆਂ ਨੇ ਵੀ ਹੱਕ-ਸੱਚ ਦੀ ਖ਼ਾਤਰ ਜੂਝ ਮਰਨ ਨੂੰ ਤਰਜੀਹ ਦਿੱਤੀ।

'ਸਾਕਾ ਸਰਹਿੰਦ' ਇਕ ਇਹੋ ਜਿਹੀ ਹੀ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਦਾਸਤਾਨ ਹੈ, ਜਿਸ ਵਿਚ ਨਿੱਕੀਆਂ ਅਤੇ ਮਾਸੂਮ ਜਿੰਦਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਸਿੱਖ ਧਰਮ ਦੀ ਨੀਂਹ ਪੱਕੀ ਕੀਤੀ।

ਦਸਮੇਸ਼ ਪਿਤਾ (1666-1708) ਆਨੰਦਪੁਰ ਦਾ ਕਿਲ੍ਹਾ ਖਾਲੀ ਕਰਨ ਪਿੱਛੋਂ ਜਦੋਂ ਸਰਸਾ ਨਦੀ ਤੋਂ ਪਾਰ ਹੋਏ, ਤਾਂ ਉਨ੍ਹਾਂ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ: ਵੱਡੇ ਸਾਹਿਬਜ਼ਾਦੇ ਆਪਣੇ ਗੁਰੂ-ਪਿਤਾ ਸਮੇਤ ਚਮਕੌਰ ਵੱਲ ਚਲੇ ਗਏ; ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਦੇ ਨਾਲ ਦਿੱਲੀ ਚਲੇ ਗਏ; ਜਦਕਿ ਦੁੱਧ-ਸ਼ੀਰ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ, ਜਿਨ੍ਹਾਂ ਦੀ ਉਮਰ ਸਿਰਫ਼ ਸੱਤ ਅਤੇ ਨੌਂ ਸਾਲ ਦੀ ਸੀ, ਆਪਣੀ ਬਜ਼ੁਰਗ ਦਾਦੀ ਮਾਤਾ ਗੁਜਰੀ ਜੀ ਨਾਲ ਸਰਹਿੰਦ ਵੱਲ ਚਲੇ ਗਏ।

ਪੋਹ ਦਾ ਸਾਰਾ ਹੀ ਮਹੀਨਾ ਸਿੱਖ ਸ਼ਹੀਦੀਆਂ ਦੀ ਦਿਲ-ਕੰਬਾਊ ਘਟਨਾ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਚਮਕੌਰ ਦੀ ਕਰਬਲਾ ਅੰਦਰ ਸ਼ਹਾਦਤ ਦਾ ਜਾਮ ਪੀ ਗਏ। ਇੱਥੇ ਇੱਕ ਪਾਸੇ ਭੁੱਖੇ ਪਿਆਸੇ ਤੇ ਥਕਾਵਟ ਨਾਲ ਚੂਰ ਗਿਣਤੀ ਦੇ ਚਾਲੀ ਕੁ ਸਿੰਘ ਸਨ, ਜਦਕਿ ਦੂਜੇ ਪਾਸੇ ਦਸ ਲੱਖ ਦੀ ਮੁਗ਼ਲ ਫ਼ੌਜ ਸੀ। ਦੁਨੀਆਂ ਦੇ ਇਤਿਹਾਸ ਵਿਚ ਇਹੋ ਜਿਹੀ ਅਸਾਵੀਂ ਜੰਗ ਦਾ ਕਿਧਰੇ ਕੋਈ ਜ਼ਿਕਰ ਨਹੀਂ ਮਿਲਦਾ। ਇਹ ਵਾਕਿਆ 22 ਦਸੰਬਰ 1704 ਈ. ਦਾ ਹੈ। 'ਗੰਜਿ ਸ਼ਹੀਦਾਂ' ਦੇ ਕਰਤਾ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਸ ਪ੍ਰਸੰਗ ਨੂੰ ਇਉਂ ਚਿਤਰਿਆ ਹੈ:

ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।

ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।

ਇਸ ਘਟਨਾ ਤੋਂ ਪੰਜ ਦਿਨ ਪਿੱਛੋਂ, 27 ਦਸੰਬਰ ਨੂੰ ਛੋਟੇ ਸਾਹਿਬਜ਼ਾਦੇ ਵਜ਼ੀਰ ਖਾਂ ਸੂਬਾ ਸਰਹਿੰਦ ਦੇ ਹੁਕਮ ਨਾਲ ਨੀਂਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤੇ ਗਏ। ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਨੂੰ ਇਤਿਹਾਸ ਵਿਚ 'ਸਾਕਾ ਸਰਹਿੰਦ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਾਕੇ ਨੂੰ ਪੜ੍ਹਨ-ਸੁਣਨ ਵਾਲਾ ਕੋਈ ਵੀ ਇਨਸਾਨ ਅੱਖਾਂ 'ਚੋਂ ਹੰਝੂ ਵਹਾਏ ਬਿਨਾਂ ਨਹੀਂ ਰਹਿ ਸਕਦਾ।

ਪਰਿਵਾਰ ਨਾਲੋਂ ਅੱਡ ਹੋਣ ਪਿੱਛੋਂ ਦਾਦੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਉਨ੍ਹਾਂ ਦਾ ਪੁਰਾਣਾ ਰਸੋਈਆ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ। ਪਹਿਲੀ ਰਾਤ ਤਿੰਨਾਂ ਨੇ ਕੁੰਮੇ ਮਾਸ਼ਕੀ ਦੇ ਘਰ ਬਿਤਾਈ। ਗੰਗੂ ਦੇ ਦਿਲ ਵਿਚ ਬੇਈਮਾਨੀ ਆ ਗਈ ਤੇ ਉਹਨੇ ਮਾਤਾ ਗੁਜਰੀ ਜੀ ਦੀ ਹੀਰੇ-ਜਵਾਹਰਾਂ ਦੀ ਥੈਲੀ ਚੁਰਾ ਲਈ। ਪਿੱਛੋਂ ਲੋਭ-ਲਾਲਚ ਵਿਚ ਅੰਨ੍ਹਾ ਹੋ ਕੇ ਉਹਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਪਹਿਲਾਂ ਇਨ੍ਹਾਂ ਨੂੰ ਮੋਰਿੰਡਾ ਵਿਖੇ ਹਿਰਾਸਤ ਵਿਚ ਰੱਖਿਆ ਗਿਆ, ਪਿੱਛੋਂ ਜਲੂਸ ਦੀ ਸ਼ਕਲ ਵਿਚ ਸਰਹਿੰਦ ਪਹੁੰਚਾ ਦਿੱਤਾ ਗਿਆ।

ਸਰਹਿੰਦ ਦਾ ਸੂਬੇਦਾਰ ਵਜ਼ੀਰ ਖ਼ਾਂ, ਜੋ ਚਮਕੌਰ ਦੀ ਜੰਗ 'ਚੋਂ ਨਿਰਾਸ਼ ਪਰਤਿਆ ਸੀ, ਨੇ ਤਿੰਨਾਂ ਜਣਿਆਂ ਨੂੰ ਠੰਢੇ ਬੁਰਜ ਵਿਚ ਕੈਦ ਕਰਵਾ ਦਿੱਤਾ ਤੇ ਆਸਪਾਸ ਸਖ਼ਤ ਪਹਿਰਾ ਲਾ ਦਿੱਤਾ। ਸਰਦੀਆਂ ਦੀਆਂ ਭਿਆਨਕ ਠੰਢੀਆਂ-ਯਖ਼ ਰਾਤਾਂ ਵਿਚ ਬਜ਼ੁਰਗ ਦਾਦੀ ਅਤੇ ਪੋਤਿਆਂ ਨੂੰ ਠੰਢ ਤੋਂ ਬਚਣ ਲਈ ਕੋਈ ਗਰਮ ਕੱਪੜੇ ਨਹੀਂ ਦਿੱਤੇ ਗਏ ਅਤੇ ਨਾ ਹੀ ਉਨ੍ਹਾਂ ਨੂੰ ਖਾਣ-ਪੀਣ ਨੂੰ ਕੁਝ ਦਿੱਤਾ ਗਿਆ। ਵਜ਼ੀਰ ਖਾਂ ਦਾ ਖਿਆਲ ਸੀ ਕਿ ਠੰਢ ਅਤੇ ਭੁੱਖ ਦੇ ਪ੍ਰਕੋਪ ਤੋਂ ਆਤੁਰ ਹੋ ਕੇ ਬੱਚੇ ਇਸਲਾਮ ਧਰਮ ਕਬੂਲ ਕਰਨ ਲਈ ਹਾਂ ਕਰ ਦੇਣਗੇ। ਪਰ ਉਹ ਨਹੀਂ ਸੀ ਜਾਣਦਾ ਕਿ ਇਨ੍ਹਾਂ ਮਾਸੂਮਾਂ ਦੀਆਂ ਰਗਾਂ ਵਿਚ ਗੁਰੂ ਗੋਬਿੰਦ ਸਿੰਘ ਜਿਹੇ ਮਹਾਨ ਸੂਰਬੀਰ ਦਾ ਖ਼ੂਨ ਹੈ ਤੇ ਇਨ੍ਹਾਂ ਦਾ ਦਾਦਾ (ਗੁਰੂ ਤੇਗ ਬਹਾਦਰ) ਅਤੇ ਪੜਦਾਦਾ (ਗੁਰੂ ਅਰਜਨ ਦੇਵ) ਪਹਿਲਾਂ ਹੀ ਸ਼ਹੀਦੀ ਦੀ ਮਿਸਾਲ ਪ੍ਰਜਵੱਲਿਤ ਕਰ ਚੁੱਕੇ ਹਨ। ਗੁਰੂ ਗੋਬਿੰਦ ਸਿੰਘ ਦੇ ਇਕ ਸ਼ਰਧਾਲੂ ਮੋਤੀ ਰਾਮ ਮਹਿਰਾ ਨੇ ਪਹਿਰੇਦਾਰਾਂ ਨੂੰ ਧਨ ਅਤੇ ਗਹਿਣਿਆਂ ਦੀ ਰਿਸ਼ਵਤ ਦੇ ਕੇ ਬੱਚਿਆਂ ਅਤੇ ਮਾਤਾ ਜੀ ਲਈ ਦੁੱਧ ਦੀ ਸੇਵਾ ਕੀਤੀ।

ਵਜ਼ੀਰ ਖਾਂ ਦੇ ਦਰਬਾਰ ਵਿਚ ਤਿੰਨ ਦਿਨ ਬੱਚਿਆਂ ਨੂੰ ਪੇਸ਼ ਕੀਤਾ ਗਿਆ। ਪਹਿਲੇ ਦਿਨ ਵਜ਼ੀਰ ਖਾਂ ਦੇ ਇੱਕ ਟੋਡੀ ਸੁੱਚਾ ਨੰਦ ਨੇ ਮੁੱਖ ਦਰਵਾਜ਼ਾ ਬੰਦ ਕਰਕੇ ਛੋਟੀ ਖਿੜਕੀ ਖੋਲ੍ਹ ਦਿੱਤੀ, ਤਾਂ ਕਿ ਬੱਚੇ ਜਦੋਂ ਖਿੜਕੀ ਰਾਹੀਂ ਪ੍ਰਵੇਸ਼ ਕਰਨ, ਤਾਂ ਸਿਰ ਝੁਕਾ ਕੇ ਅੰਦਰ ਆਉਣ। ਪਰ ਸਾਹਿਬਜ਼ਾਦੇ ਮੁਗਲਾਂ ਦੀ ਚਾਲ ਨੂੰ ਭਾਂਪ ਗਏ ਤੇ ਉਨ੍ਹਾਂ ਨੇ ਪਹਿਲਾਂ ਸਿਰ ਅੰਦਰ ਕਰਨ ਦੀ ਥਾਂ ਆਪਣੇ ਪੈਰ ਦੀ ਜੁੱਤੀ ਵਜ਼ੀਰ ਖਾਂ ਨੂੰ ਵਿਖਾਈ ਤੇ ਅੰਦਰ ਜਾਂਦਿਆਂ ਹੀ ਬੁਲੰਦ ਆਵਾਜ਼ ਵਿਚ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਦਾ ਨਾਅਰਾ ਲਗਾਇਆ, ਜਿਸ ਨੂੰ ਸੁਣਦਿਆਂ ਹੀ ਵਜ਼ੀਰ ਖਾਂ ਤੇ ਉਹਦੇ ਅਹਿਲਕਾਰਾਂ ਨੂੰ ਸੱਤੀਂ-ਕੱਪੜੀਂ ਅੱਗ ਲੱਗ ਗਈ। ਸੂਬੇਦਾਰ ਨੇ ਮਾਸੂਮਾਂ ਨੂੰ ਲਾਲਚ ਅਤੇ ਡਰਾਵੇ ਦੇ ਕੇ ਈਨ ਮੰਨਣ ਨੂੰ ਕਿਹਾ, ਪਰ ਇਹ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ ਸਨ, ਜੋ ਸਿਰ ਕਟਾਉਣਾ ਤਾਂ ਜਾਣਦੇ ਸਨ, ਸਿਰ ਝੁਕਾਉਣਾ ਨਹੀਂ।

ਸੂਬੇ ਦੀ ਕਚਹਿਰੀ ਵਿਚ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਂ, ਦੀਵਾਨ ਸੁੱਚਾ ਨੰਦ ਅਤੇ ਕਾਜ਼ੀ ਮੌਜੂਦ ਸਨ। ਸੂਬੇ ਨੇ ਨਵਾਬ ਨੂੰ ਕਿਹਾ ਕਿ ਉਹ ਬੱਚਿਆਂ ਨੂੰ ਮਾਰ ਕੇ ਇਨ੍ਹਾਂ ਦੇ ਪਿਤਾ ਤੋਂ ਆਪਣੇ ਭਰਾ ਨਾਹਰ ਖਾਨ ਦੀ ਚਮਕੌਰ-ਜੰਗ ਵਿਚ ਹੋਈ ਮੌਤ ਦਾ ਬਦਲਾ ਲੈ ਲਵੇ। ਪਰ ਨਵਾਬ ਨੇ ਇਤਰਾਜ਼ ਕੀਤਾ "ਕਸੂਰ ਬਾਪ ਦਾ, ਸਜ਼ਾ ਮਾਸੂਮ ਬੱਚਿਆਂ ਨੂੰ- ਇਹ ਕਿੱਥੋਂ ਦਾ ਇਨਸਾਫ਼ ਹੈ?" ਨਵਾਬ ਨੇ ਮਾਸੂਮਾਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ। ਦੀਵਾਨ ਸੁੱਚਾ ਨੰਦ ਦੇ ਉਕਸਾਉਣ ਤੇ ਕਾਜ਼ੀ ਨੇ ਫਤਵਾ ਦੇ ਕੇ ਬੱਚਿਆਂ ਨੂੰ ਜਿਊਂਦੇ ਜੀਅ ਕੰਧਾਂ 'ਚ ਚਿਣਨ ਦੀ ਗੱਲ ਕੀਤੀ ਤੇ ਵਜ਼ੀਰ ਖਾਨ ਨੇ ਇਸ ਦੀ ਪ੍ਰਵਾਨਗੀ ਦੇ ਦਿੱਤੀ।

ਜਦੋਂ ਤੀਜੇ ਦਿਨ ਵੀ ਬੱਚੇ ਆਪਣੇ ਧਰਮ 'ਤੇ ਅਡਿੱਗ ਰਹੇ, ਤਾਂ ਸੂਬੇ ਨੇ ਉਪਰੋਕਤ ਹੁਕਮ ਦੀ ਤਾਮੀਲ ਕਰਨ ਨੂੰ ਕਿਹਾ। ਖ਼ੂਨੀ ਦੀਵਾਰ ਜਦੋਂ ਸਾਹਿਬਜ਼ਾਦਿਆਂ ਦੀ ਗਰਦਨ ਤੱਕ ਪਹੁੰਚ ਗਈ, ਤਾਂ ਸ਼ਾਸ਼ਲ ਬੇਗ- ਬਾਸ਼ਲ ਬੇਗ ਨਾਮੀਂ ਦੋ ਜੱਲਾਦਾਂ ਨੇ ਮਾਸੂਮਾਂ ਦੇ ਸੀਸ ਧੜ ਨਾਲੋਂ ਵੱਖ ਕਰ ਦਿੱਤੇ। ਠੰਢੇ ਬੁਰਜ ਵਿਚ ਕੈਦ ਬਜ਼ੁਰਗ ਮਾਤਾ ਗੁਜਰੀ ਜੀ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਪ੍ਰਮਾਤਮਾ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਵੀ ਤਿਆਗ ਦਿੱਤੇ।

ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਅੰਤਿਮ ਸਸਕਾਰ ਲਈ ਗੁਰੂ-ਘਰ ਦੇ ਅਨਿਨ ਸੇਵਕ ਦੀਵਾਨ ਟੋਡਰ ਮੱਲ ਨੇ ਖੜ੍ਹੇ ਦਾਅ ਸੋਨੇ ਦੀਆਂ ਮੋਹਰਾਂ ਅਦਾ ਕਰਕੇ ਜ਼ਮੀਨ ਖ਼ਰੀਦੀ। ਜ਼ਿਕਰਯੋਗ ਹੈ ਕਿ ਸੰਸਾਰ ਦੇ ਇਤਿਹਾਸ ਵਿਚ ਇਹ ਸਭ ਤੋਂ ਮਹਿੰਗੀ ਜ਼ਮੀਨ ਹੈ। ਜਿਸ ਥਾਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਅੰਤਮ ਸਸਕਾਰ ਹੋਇਆ, ਉੱਥੇ ਅੱਜਕੱਲ੍ਹ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ।

ਇਹ ਖ਼ਬਰ ਜਦੋਂ ਨੂਰਾ ਮਾਹੀ ਦੇ ਰਾਹੀਂ ਗੁਰੂ ਗੋਬਿੰਦ ਸਿੰਘ ਕੋਲ ਪਹੁੰਚੀ, ਤਾਂ ਉਨ੍ਹਾਂ ਨੇ ਕਾਹੀ ਦੇ ਬੂਟੇ ਨੂੰ ਜੜ੍ਹੋਂ ਪੁੱਟਦਿਆਂ ਫੁਰਮਾਇਆ, "ਹੁਣ ਮੁਗਲ ਸਾਮਰਾਜ ਦੀ ਜੜ੍ਹ ਪੁੱਟੀ ਜਾ ਚੁੱਕੀ ਹੈ।" ਇਸ ਵਾਕਿਆ ਤੋਂ ਛੇ ਸਾਲ ਬਾਅਦ ਦਸ਼ਮੇਸ਼ ਪਿਤਾ ਤੋਂ ਥਾਪੜਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲੀਆ ਸਲਤਨਤ ਦੇ ਬਖ਼ੀਏ ਉਧੇੜ ਦਿੱਤੇ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਚੱਪੜਚਿੜੀ ਦੇ ਅਸਥਾਨ 'ਤੇ ਹੋਈ ਗਹਿਗੱਚ ਲੜਾਈ ਵਿਚ ਵਜ਼ੀਰ ਖਾਂ ਨੂੰ ਮਾਰ ਕੇ ਬਾਬਾ ਬੰਦਾ ਸਿੰਘ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈ ਲਿਆ।

ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਹਰ ਸਾਲ ਫਤਹਿਗੜ੍ਹ ਸਾਹਿਬ ਵਿਖੇ ਤਿੰਨ ਦਿਨ (11 ਤੋਂ 13 ਪੋਹ ਤੱਕ) ਸ਼ਹੀਦੀ ਜੋੜ-ਮੇਲ ਲੱਗਦਾ ਹੈ। ਇੱਥੇ ਨਿੱਕੀਆਂ ਮਾਸੂਮ ਜਿੰਦਾਂ ਦੀ ਲਾਸਾਨੀ ਤੇ ਬੇਨਜ਼ੀਰ ਕੁਰਬਾਨੀ ਨੂੰ ਨਤਮਸਤਕ ਹੋਣ ਲਈ ਸਿੱਖ ਸੰਗਤਾਂ ਦੂਰ ਦੁਰਾਡਿਓਂ ਵਹੀਰਾਂ ਘੱਤ ਕੇ ਆਉਂਦੀਆਂ ਹਨ। ਇੱਕ ਮੁਸਲਮਾਨ ਸ਼ਾਇਰ ਅੱਲ੍ਹਾ ਯਾਰ ਖ਼ਾਂ ਜੋਗੀ ਨੇ 1915 ਈ. ਵਿਚ ਲਿਖੀ ਆਪਣੀ ਇੱਕ ਲੰਮੀ ਕਵਿਤਾ 'ਸ਼ਹੀਦਾਨਿ ਵਫ਼ਾ' ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੰਦਿਆਂ ਲਿਖਿਆ ਹੈ:

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।

ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪੇ ਉਠਾ ਚਲੇ।

ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ।

ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।

ਗੱਦੀ ਤੋ ਤਖ਼ਤ ਬਸ ਅਬ ਕੌਮ ਪਾਏਗੀ।

ਦੁਨੀਆਂ ਮੇਂ ਜ਼ਾਲਮੋ ਕਾ ਨਿਸ਼ਾਂ ਤੱਕ ਮਿਟਾਏਗੀ।

# ਵੈਰਾਗਮਈ ਦਿਨ ਪੋਹ ਦੇ

-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA





20 ਦਸੰਬਰ ਤੱਕ ਸਭ ਠੀਕ-ਠਾਕ ਸੀ, ਸਿਰਫ 7 ਕੁ ਦਿਨਾਂ ਦੇ ਅੰਦਰ-ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਪਰਿਵਾਰ ਸਿੱਖ ਧਰਮ ਤੋਂ ਕੁਰਬਾਨ ਹੋ ਗਿਆ। ਸਰਸਾ ਨਦੀ 'ਤੇ ਪਏ ਵਿਛੋੜੇ ਉਪਰੰਤ ਉਨ੍ਹਾਂ ਦੇ ਪ੍ਰਵਾਰ ਦੇ 3 ਹਿੱਸਿਆਂ 'ਚ ਵੰਡੇ ਜਾਣ ਬਾਅਦ ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਨੂੰ ਉਨ੍ਹਾਂ ਦੇ ਰਸੋਈਏ ਗੰਗੂ ਬ੍ਰਾਹਮਣ ਨੇ ਪੁਲਿਸ ਕੋਲ ਗ੍ਰਿਫਤਾਰ ਕਰਵਾ ਦਿੱਤਾ ਸੀ। ਇਸ ਤੋਂ ਬਾਅਦ ਸੂਬਾ ਸਰਹਿੰਦ ਵੱਲੋਂ ਦਿੱਤੇ ਲਾਲਚਾਂ ਨੂੰ ਦਰਕਿਨਾਰ ਕਰਦਿਆਂ, ਜਿਸ ਤਰ੍ਹਾਂ ਦੋਵੇਂ ਸਾਹਿਬਜ਼ਾਦਿਆਂ ਨੇ ਆਪਣਾ ਸਿਰੜ ਕਾਇਮ ਰੱਖਦਿਆਂ ਦੁਨੀਆਂ ਵਿਚ ਸ਼ਹਾਦਤ ਦੀ ਅਨੋਖੀ ਮਿਸਾਲ ਕਾਇਮ ਕੀਤੀ ਤੇ ਉਨ੍ਹਾਂ ਨੂੰ ਜਿਊਂਦੇ ਕੰਧਾਂ ਵਿਚ ਚਿਣਵਾ ਕੇ ਸਹੀਦ ਕਰ ਦਿੱਤਾ ਗਿਆ, ਆਪਾਂ ਸਾਰੇ ਜਾਣਦੇ ਹਾਂ।

ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਜਾਂ ਆਪ ਗੁਰੂ ਗੋਬਿੰਦ ਸਿੰਘ ਜੀ ਦਾ ਕਸੂਰ ਕੀ ਸੀ? ਬੱਸ ਇਹੀ ਕਿ ਉਹ ਸਦਾ ਮਜ਼ਲੂਮਾਂ ਦੇ ਨਾਲ ਖੜਦੇ ਤੇ ਮੁਗਲ ਹਕੂਮਤਾਂ ਦੇ ਜ਼ੁਲਮਾਂ ਖਿਲਾਫ ਆਵਾਜ਼ ਉਠਾਉਂਦੇ ਸਨ। ਅੱਜ ਦੁਨੀਆਂ ਭਰ 'ਚ ਲੱਖਾਂ ਦੀ ਗਿਣਤੀ 'ਚ ਸੱਚਾਈ ਤੇ ਇਨਸਾਫ ਪਸੰਦ ਲੋਕ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਉਨ੍ਹਾਂ ਦੀਆਂ ਯਾਦਗਾਰਾਂ ਵਿਖੇ ਉੱਚੇ-ਉੱਚੇ ਨਿਸਾਨ ਸਾਹਿਬ ਝੂਲ ਰਹੇ ਹਨ ਤੇ ਰਹਿੰਦੀ ਦੁਨੀਆਂ ਤੀਕਰ ਝੂਲਦੇ ਰਹਿਣਗੇ, ਜਦਕਿ ਦੂਜੇ ਪਾਸੇ ਜ਼ਾਲਮ ਹਕੂਮਤਾਂ ਦੇ ਬੇਦਰਦੀ ਹਾਕਮਾਂ ਦੀਆਂ ਮੜ੍ਹੀਆਂ 'ਤੇ ਕੋਈ ਦੀਵਾ ਜਗਾਉਣ ਵਾਲਾ ਵੀ ਨਹੀਂ ਬਚਿਆ। ਇਹੀ ਜ਼ੁਲਮ ਉਤੇ ਸਿਰੜ ਦੀ ਬੇਮਿਸਾਲ ਜਿੱਤ ਹੈ।

ਇਹ ਸਭ ਕੁਝ ਕਹਿਣਾ, ਲਿਖਣਾ, ਬੋਲਣਾ ਤਾਂ ਬਹੁਤ ਸੁਖਾਲਾ ਲੱਗਦਾ ਹੈ, ਪਰ ਜੇਕਰ ਸਮੇਂ ਦੇ ਉਸ ਭਿਆਨਕ ਮੰਜਰ, ਓਸ ਘੜੀ, ਪੋਹ ਮਹੀਨੇ ਦੀ ਕੜਾਕੇਦਾਰ ਠੰਢ, ਸਿਰਸਾ ਨਦੀ ਦੇ ਹੜ੍ਹ 'ਚ ਰੁੜ੍ਹਦੇ ਸਿੰਘਾਂ ਤੇ ਬੇਸ਼ਕੀਮਤੀ ਧਾਰਮਿਕ ਸਾਹਿਤ ਬਾਰੇ ਗਹਿਰਾਈ ਨਾਲ ਸੋਚੀਏ, ਤਾਂ ਪੱਥਰ ਦਿਲ ਇਨਸਾਨ ਵੀ ਮੋਮ ਹੋ ਜਾਂਦਾ ਹੈ।ਇੱਕ ਪਾਸੇ ਮਾਤਾ ਗੁਜਰੀ ਜੀ ਅਤੇ 7 ਤੇ 9 ਸਾਲਾਂ ਦੇ ਛੋਟੇ ਸਾਹਿਬਜ਼ਾਦੇ ਤੇ ਦੂਜੇ ਪਾਸੇ ਜ਼ਾਲਮ ਮੁਗਲ ਹਕੂਮਤ ਦੀ ਕੈਦ। ਸੋਨੇ ਦੀਆਂ ਚੰਦ ਮੋਹਰਾਂ ਪਿੱਛੇ ਜੇਕਰ ਗੰਗੂ ਬ੍ਰਾਹਮਣ ਆਪਣੇ ਇਮਾਨੋਂ ਨਾ ਡੋਲਦਾ, ਤਾਂ ਇਤਿਹਾਸ ਕੁਝ ਹੋਰ ਹੁੰਦਾ। ਇਤਿਹਾਸਕਾਰ ਦੱਸਦੇ ਹਨ ਕਿ ਸੂਬਾ ਸਰਹਿੰਦ ਵੱਲੋਂ ਦਿੱਤੇ ਮੌਤ ਦੇ ਡਰਾਵਿਆਂ ਤੇ ਲਾਲਚਾਂ ਦਾ ਸਾਹਿਬਜ਼ਾਦਿਆਂ ਉੱਤੇ ਰੱਤੀ ਭਰ ਵੀ ਅਸਰ ਨਾ ਹੋਇਆ। ਇਸ ਤੋਂ ਬਾਅਦ ਸੂਬਾ ਸਰਹਿੰਦ ਨੇ ਮਾਸੂਮਾਂ 'ਤੇ ਆਪਣੇ ਕਹਿਰ ਦਾ ਸਿਖਰ ਢਾਹ ਦਿੱਤਾ। ਸਾਹਿਬਜ਼ਾਦਿਆਂ ਨੇ ਇਸਲਾਮ ਕਬੂਲਣ ਦੀ ਥਾਂ ਮੌਤ ਨੂੰ ਚੁਣਿਆ। ਦੋ ਦਿਨਾਂ ਦੀ ਕਚਿਹਰੀ ਤੋਂ ਬਾਅਦ ਤੀਜੇ ਦਿਨ ਕਾਜੀ ਨੇ ਸਾਹਿਬਜ਼ਾਦਿਆਂ ਨੂੰ ਜਿਊਂਦੇ-ਜੀਅ ਕੰਧਾਂ ਵਿਚ ਚਿਣ ਕੇ ਸ਼ਹੀਦ ਕਰਨ ਦਾ ਫ਼ਤਵਾ ਸੁਣਾ ਦਿੱਤਾ। ਕਹਿੰਦੇ ਹਨ ਜਦੋਂ ਕੰਧ ਸਾਹਿਬਜ਼ਾਦਿਆਂ ਦੇ ਗੋਡਿਆਂ ਤੱਕ ਅੱਪੜੀ, ਤਾਂ ਜੱਲਾਦ ਨੇ ਸੂਬੇ ਨੂੰ ਪੁੱਛਿਆ ਕਿ ਇੱਟ ਗੋਡਿਆਂ ਵਿਚ ਅੜਕਦੀ ਹੈ, ਇਸ ਲਈ ਤੋੜਨੀ ਪੈਣੀ ਹੈ, ਤਾਂ ਜ਼ਾਲਮ ਸੂਬੇ ਨੇ ਕਿਹਾ ਕਿ ਇੱਟ ਨਹੀਂ ਤੋੜਨੀ, ਕਾਂਡੀ ਜਾਂ ਤੇਸੀ ਨਾਲ ਇਨ੍ਹਾਂ ਦੇ ਗੋਡੇ ਛਿੱਲ ਦੇਵੋ। ਕਿੰਨਾ ਦਰਦ ਹੋਇਆ ਹੋਵੇਗਾ ਉਨ੍ਹਾਂ ਦੇ, ਪਰ ਉਹ ਸਾਡੇ ਲਈ, ਸਾਡੀ ਸਿੱਖੀ ਤੇ ਧਰਮ ਲਈ ਸਭ ਕੁਝ ਆਪਣੇ ਆਪ 'ਤੇ ਸਹਿ ਗਏ। ਕਿੰਨੀ ਮਹਾਨ ਸਿੱਖਿਆ ਤੇ ਸੰਸਕਾਰ ਦਿੱਤੇ ਹੋਣਗੇ ਗੁਰੂ ਗੋਬਿੰਦ ਸਿੰਘ ਜੀ, ਉਨ੍ਹਾਂ ਦੀਆਂ ਮਾਤਾਵਾਂ ਤੇ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ? ਜਦੋਂ ਦੀਵਾਰ ਉਨ੍ਹਾਂ ਦੇ ਮੂੰਹ ਤੱਕ ਆਈ ਹੋਵੇਗੀ, ਕਿੰਨੀਆ ਦਰਦਨਾਕ ਹੋਣਗੀਆਂ ਉਹ ਘੜੀਆਂ, ਜਦੋਂ ਉਨ੍ਹਾਂ ਦਾ ਦਮ ਘੁਟਿਆ ਹੋਵੇਗਾ। ਅਣਗਿਣਤ ਤਸੀਹੇ, ਜ਼ੁਲਮ, ਪਤਾ ਨਹੀਂ ਕਿੰਨੇ ਕੁ ਫ਼ੱਟ ਝੱਲੇ ਹੋਣਗੇ ਸਾਹਿਬਜ਼ਾਦਿਆਂ ਨੇ ਆਪਣੇ ਸਰੀਰ ਉਤੇ, ਪਰ ਉਹ ਡੋਲੇ ਨਹੀਂ। ਜੇਕਰ ਗੁਰੂ ਗੋਬਿੰਦ ਸਿੰਘ ਜੀ ਦੇ ਲਾਲ ਕੁਰਬਾਨੀ ਨਾ ਕਰਦੇ, ਤਾਂ ਅੱਜ ਕਿਸੇ ਦੇ ਨਾਂ ਦੇ ਨਾਲ ਸਿੰਘ ਸ਼ਬਦ ਨਹੀਂ ਸੀ ਲੱਗਾ ਹੋਣਾ।

ਸੂਬੇ ਨੇ ਤਾਂ ਇਹੀ ਸੋਚਿਆ ਸੀ ਕਿ ਜੇਕਰ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਖਤਮ ਕਰ ਦੇਵੇਗਾ ਤੇ ਉਨ੍ਹਾਂ ਦੀ ਮੌਤ ਦੇ ਦੁੱਖ ਵਿਚ ਗੁਰੂ ਵੀ ਆਪੇ ਮਰ ਜਾਵੇਗਾ ਤੇ ਜਦੋਂ ਸਿੱਖਾਂ ਦਾ ਗੁਰੂ ਹੀ ਮਰ ਜਾਵੇਗਾ, ਤਾਂ ਸਾਰੇ ਸਿੱਖ ਵੀ ਆਪੇ ਹੀ ਖਤਮ ਹੋ ਜਾਣਗੇ। ਪਰ ਕਲਗੀਆਂ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਆਪ ਜਾਣੀ-ਜਾਣ ਸਨ। ਹਫ਼ਤੇ ਦੇ ਸਮੇਂ ਦੌਰਾਨ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਦੀ ਚਮਕੌਰ ਦੀ ਗੜ੍ਹੀ 'ਚ ਲੜਦਿਆਂ ਸ਼ਹਾਦਤ ਹੋਈ ਅਤੇ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਨੂੰ ਸਰਹਿੰਦ ਵਿਖੇ ਕੰਧਾਂ ਵਿਚ ਚਿਣਵਾ ਕੇ ਸ਼ਹੀਦ ਕੀਤਾ ਗਿਆ। ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ, ਜਗਤ ਮਾਤਾ, ਮਾਤਾ ਗੁਜਰੀ ਜੀ ਨੇ ਵੀ ਸੁਆਸ ਤਿਆਗ ਦਿੱਤੇ। ਇਨ੍ਹਾਂ ਸ਼ਹਾਦਤਾਂ ਨੇ ਗੁਰੂ ਦੇ ਸਿੱਖਾਂ ਦੇ ਹਿਰਦੇ ਵਲੂੰਦਰ ਸੁੱਟੇ ਤੇ ਉਨ੍ਹਾਂ ਵਿਚ ਰੋਹ ਦੀ ਚਿੰਗਾਰੀ ਭਰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੰਦੇੜ ਦੀ ਧਰਤੀ ਤੋਂ ਮਾਧੋ ਦਾਸ ਬੈਰਾਗੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਬਣਾ ਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਦਾ ਹੁਕਮ ਦਿੱਤਾ ਤੇ ਬੰਦਾ ਸਿੰਘ ਬਹਾਦਰ ਨੇ ਜ਼ਾਲਮ ਸੂਬੇ ਸਰਹਿੰਦ ਤੋਂ ਬਦਲਾ ਲੈ ਕੇ ਸਰਹਿੰਦ ਫਤਹਿ ਕੀਤੀ ਅਤੇ ਖਾਲਸੇ ਦਾ ਰਾਜ ਸਥਾਪਤ ਕੀਤਾ।

# ਚਮਕੌਰ ਸਾਹਿਬ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ

ਮਾਸਟਰ ਜਸਵਿੰਦਰ ਸਿੰਘ ਜਿਉਣਪੁਰਾ
ਤਹਿ ਪਾਤੜਾ ਜ਼ਿਲ੍ਹਾ ਪਟਿਆਲਾ
ਮੋਬਾਇਲ : 98768-55004
ਪੰਜਾਬ ਮੇਲ USA

ਜਦੋਂ 19-20 ਦਸੰਬਰ 1704 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ। ਸਰਸਾ ਦੇ ਕੰਢੇ ਭਾਰੀ ਲੜਾਈ ਹੋਈ, ਜਿਸ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਅਗਵਾਈ ਕੀਤੀ। ਜਦੋਂ ਗੁਰੂ ਜੀ ਤੇ ਕੁਝ ਕੁ ਸਿੰਘ ਸਰਸਾ ਪਾਰ ਕਰ ਗਏ, ਪਿੱਛੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਦੁਸ਼ਮਣਾਂ ਨਾਲ ਟੱਕਰ ਲੈਂਦੇ ਹੋਏ ਸਰਸਾ ਪਾਰ ਕੀਤੀ। ਰੋਪੜ ਦੇ ਸਥਾਨ ਵੀ ਪਠਾਣਾਂ ਨਾਲ ਭਾਰੀ ਲੜਾਈ ਹੋਈ। ਇਸ ਉਪਰੰਤ ਗੁਰੂ ਜੀ ਅਤੇ 40 ਸਿੰਘ ਚਮਕੌਰ ਸਾਹਿਬ ਪਹੁੰਚੇ। ਇਥੇ ਚੌਧਰੀ ਬੁਧੀ ਚੰਦ ਦੀ ਇੱਕ ਗੜ੍ਹੀ ਸੀ, ਜਿਸ ਵਿਚ ਗੁਰੂ ਜੀ ਨੇ ਮੁਗਲਾਂ ਦਾ ਡੱਟ ਕੇ ਟਾਕਰਾ ਕਰਨ ਦੀ ਵਿਉਂਤਬੰਦੀ ਬਣਾਈ ਤੇ ਸਾਰੇ ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਰਹਿਣ ਦਾ ਹੁਕਮ ਦਿੱਤਾ। ਦੋ ਵੱਡੇ ਸਾਹਿਬਜ਼ਾਦਿਆਂ ਅਤੇ 40 ਸਿੰਘਾਂ ਨੇ 10 ਲੱਖ ਦੀ ਫੌਜ ਦਾ ਡੱਟ ਕੇ ਸਾਹਮਣਾ ਕੀਤਾ ਵੀ। ਇੱਥੇ ਹੀ ਪੰਜ ਪਿਆਰਿਆਂ ਵਿਚੋਂ ਤਿੰਨ ਪਿਆਰੇ ਭਾਈ ਸਾਹਿਬ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਅੰਤ ਸਾਹਿਬਜ਼ਾਦਾ ਅਜੀਤ ਸਿੰਘ ਦੁਸ਼ਮਣਾਂ ਨਾਲ ਲੜਦੇ-ਲੜਦੇ ਸ਼ਹੀਦ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਸ਼ਹੀਦ ਹੁੰਦਾ ਦੇਖ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਉੱਚੀ-ਉੱਚੀ ਜੈਕਾਰੇ ਲਾਉਣੇ ਸ਼ੁਰੂ ਕੀਤੇ, ਜਿਸ ਨਾਲ ਸਿੰਘਾਂ ਵਿਚ ਹੋਰ ਵੀ ਉਤਸ਼ਾਹ



ਭਰਿਆ ਗਿਆ, ਜਿਸ ਨੂੰ ਦੇਖ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਵੀ ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜੰਗ ਵਿਚ ਜੂਝਣ ਲਈ ਬੇਨਤੀ ਕਰਨ ਲੱਗੇ। ਸੱਚੇ ਪਾਤਸ਼ਾਹ ਬਾਬਾ ਜੁਝਾਰ ਸਿੰਘ ਨੂੰ ਦੇਖ ਕੇ ਅਤਿਅੰਤ ਪ੍ਰਸੰਨ ਹੋਏ ਤੇ ਬਾਬਾ ਜੁਝਾਰ ਸਿੰਘ ਜੀ ਨੂੰ ਜੰਗ ਵਿਚ ਜਾਣ ਲਈ ਆਪ ਤਿਆਰ ਕੀਤਾ। ਹੁਕਮ ਕੀਤਾ ਅੱਜ ਤੋਂ ਬਾਅਦ ਸਿੱਖ ਧਰਮ 'ਤੇ ਕੋਈ ਵੀ ਭੀੜ ਪਏਗੀ, ਲੱਖਾਂ ਯੋਧੇ ਜੁਝਾਰ ਸਿੰਘ ਬਣ ਕੇ ਧਰਮ ਲਈ ਲੜ ਮਰਨ ਲਈ ਤਿਆਰ ਹੋ ਕੇ ਆਇਆ ਕਰਨਗੇ। ਬਾਬਾ ਜੁਝਾਰ ਸਿੰਘ ਨੇ ਦੁਸ਼ਮਣਾਂ ਦੇ ਜਾ ਕੇ ਸੱਥਰ ਵਿਛਾ ਦਿੱਤੇ। ਵੱਡੀ ਬੀਰਤਾ ਨਾਲ ਜੰਗ ਲੜਿਆ। ਚੜ੍ਹਦੀ ਕਲਾ ਵਿਚ ਸ਼ਹਾਦਤ ਦਾ ਜਾਮ ਪੀਤਾ। ਇਸੇ ਜੰਗ ਵਿਚ ਅਨੇਕਾਂ ਹੋਰ ਸਿੰਘ ਸ਼ਹੀਦ ਹੋਏ ਪਰ ਫਿਰ ਵੀ ਮੁਗਲ ਗੁਰੂ ਜੀ ਨੂੰ ਫਤਿਹ ਨਾ ਕਰ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਭਾਈ ਸੰਗਤ ਸਿੰਘ ਨੂੰ ਕਲਗੀ ਤੋੜਾ ਬਖਸ਼ਿਸ਼ ਕਰਕੇ ਆਪ ਮਾਛੀਵਾੜੇ ਦੇ ਜੰਗਲਾਂ ਨੂੰ ਚਲੇ ਗਏ। ਇਹ ਹੈ ਸਾਹਿਬਜ਼ਾਦਿਆਂ ਦਾ ਸੰਖੇਪ ਇਤਿਹਾਸਕ ਜੀਵਨ।

# "ਕੀ ਇੱਕ ਪੱਲੇਦਾਰ ਦੇ ਪੁੱਤਰ ਦਾ ਪ੍ਰੋਫੈਸਰ ਬਣਨਾ ਸਰਕਾਰ ਨੂੰ ਮਨਜ਼ੂਰ ਨਹੀਂ ?"

**ਪ੍ਰੋਫੈਸਰ ਗੁਰਭਜਨ ਸਿੰਘ ਦੀ ਕਲਮ ਤੋਂ**

ਗੁਰਭਜਨ ਸਿੰਘ (ਲਾਡੀ)
ਮੋ : 98784-13261
ਪੰਜਾਬ ਮੇਲ USA

ਮੈਂ ਕੀ ਲਿਖਾਂ ਆਪਣੇ ਬਾਰੇ ਮਨ ਬਹੁਤ ਉਦਾਸ ਹੈ, ਬਹੁਤ ਦੁਖੀ ਹੈ। ਕਿੱਥੋਂ ਲਿਖਣਾ ਸ਼ੁਰੂ ਕਰਾਂ ਕਿੱਥੇ ਜਾ ਕੇ ਖ਼ਤਮ ਕਰਾਂ, ਆਪਣੀ ਇਸ ਕਹਾਣੀ ਨੂੰ। ਅਸੀਂ 31 ਪ੍ਰੋਫੈਸਰ ਆਪਣੀ ਜੇਲ੍ਹ ਡਾਇਰੀ ਲਿਖ ਰਹੇ ਹਾਂ। ਜੋ ਜੇਲ੍ਹ ਵਿਚ ਸਮਾਂ ਬਿਤਾ ਕੇ ਆਏ ਹਾਂ ਉਸ ਬਾਰੇ ਅਤੇ ਆਪਣੇ ਜੀਵਨ ਸੰਘਰਸ਼ ਬਾਰੇ।

1158 ਭਰਤੀ ਨੂੰ ਤਿੰਨ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ। ਮੈਂ ਪਿਛਲੇ ਤਿੰਨ ਸਾਲਾਂ ਤੋਂ ਹੀ ਇਸ ਦੇ ਲਈ ਸੰਘਰਸ਼ ਕਰ ਰਿਹਾ ਹਾਂ। 18 ਅਕਤੂਬਰ, 2021 ਨੂੰ ਸ਼ਾਮ ਸੱਤ ਵਜੇ ਇਸ ਭਰਤੀ ਦੇ ਬਾਰੇ ਡੀ.ਡੀ. ਪੰਜਾਬੀ 'ਤੇ ਖ਼ਬਰ ਆਉਂਦੀ ਹੈ ਕਿ ਪੰਜਾਬ ਸਰਕਾਰ 1158 ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਕੱਢ ਰਹੀ ਹੈ, ਜਿਸ ਨੂੰ ਕਿ 45 ਦਿਨਾਂ ਦੇ ਵਿਚ ਪੰਜਾਬ ਸਰਕਾਰ ਨੇ ਮੁਕੰਮਲ ਕਰਨਾ ਹੈ, ਜਿਸ ਦਾ ਨੋਟੀਫਿਕੇਸ਼ਨ ਕੱਲ੍ਹ ਯਾਨੀ ਕਿ 19 ਅਕਤੂਬਰ, 2021 ਨੂੰ ਜਾਰੀ ਕੀਤਾ ਜਾਵੇਗਾ। ਮਨ ਵਿਚ ਕਈ ਤਰ੍ਹਾਂ ਦੇ ਵਿਚਾਰ ਆ ਰਹੇ ਸਨ ਕਿ ਇਹੋ ਜਿਹੀ ਕਿਹੜੀ ਭਰਤੀ ਹੈ, ਜਿਹੜੀ 45 ਦਿਨਾਂ ਦੇ ਵਿਚ ਮੁਕੰਮਲ ਹੋਣ ਜਾ ਰਹੀ ਹੈ। ਏ ਤੋਂ ਲੈ ਕੇ ਜ਼ੈਡ ਤੱਕ ਸਾਰਾ ਮੁਕੰਮਲ ਪ੍ਰੋਸੈਸ 45 ਦਿਨਾਂ ਦੇ ਵਿਚ ਹੋਣਾ ਸੀ। ਅੱਜ ਤੱਕ ਪੰਜਾਬ ਦੇ ਇਤਿਹਾਸ ਵਿਚ ਮੈਨੂੰ ਨਹੀਂ ਲੱਗਦਾ ਕੋਈ ਭਰਤੀ ਐਨੇ ਕੁ ਦਿਨਾਂ ਦੇ ਵਿਚ ਪੂਰੀ ਹੋਈ ਹੋਵੇਗੀ। ਖੈਰ, ਮੈਂ ਮਨ ਵਿਚੋਂ ਇਹ ਵਿਚਾਰ ਕੱਢ ਕੇ ਆਪਣੇ ਘਰ ਹੀ ਪੰਦਰਾਂ-ਪੰਦਰਾਂ, ਸੋਲਾਂ-ਸੋਲਾਂ ਘੰਟੇ ਪੜ੍ਹਨਾ ਸ਼ੁਰੂ ਕੀਤਾ ਅਤੇ ਆਪਣੀ ਦਿਨ-ਰਾਤ ਦੀ ਮਿਹਨਤ ਨਾਲ ਇਸ ਭਰਤੀ ਵਿਚ ਪੰਜਾਬੀ ਵਿਸ਼ੇ ਵਿਚ ਚੁਣਿਆ ਗਿਆ।

ਨਤੀਜਾ ਕੀ ਨਿਕਲਿਆ, ਚੁਣੇ ਜਾਣ ਤੋਂ ਬਾਅਦ ਤਿੰਨ ਸਾਲ ਹੋ ਗਏ, ਤਿੰਨ ਸਾਲ ਤੋਂ ਹੀ ਰੁਲ ਰਿਹਾ ਹਾਂ। ਮੈਂ ਇਨ੍ਹਾਂ ਤਿੰਨ ਸਾਲਾਂ ਦੇ ਵਿਚ ਇਸ ਭਰਤੀ ਨੂੰ ਲੈ ਕੇ 6 ਵਾਰ ਹੀ ਖੁਸ਼ ਹੋਇਆ ਹਾਂ। 28 ਨਵੰਬਰ, 2021 ਜਿਸ ਦਿਨ ਰਿਜ਼ਲਟ ਆਇਆ, 29 ਨਵੰਬਰ, 30 ਨਵੰਬਰ ਇਨ੍ਹਾਂ ਦੋ ਦਿਨਾਂ ਵਿਚ ਸਾਡੀ ਸਕਰੂਟਨੀ ਹੋਈ। 01 ਦਸੰਬਰ ਅਤੇ 02 ਦਸੰਬਰ ਨੂੰ ਇਨ੍ਹਾਂ ਪੰਜ ਦਿਨਾਂ ਦੇ ਵਿਚ ਮੈਂ ਅਤੇ ਮੇਰਾ ਪਰਿਵਾਰ ਹੱਦ ਤੋਂ ਵੀ ਜ਼ਿਆਦਾ ਖੁਸ਼ ਸੀ। ਮੈਨੂੰ ਇਹ ਲੱਗਦਾ ਸੀ ਕਿ ਮੈਨੂੰ ਪੂਰੀ ਦੁਨੀਆਂ ਦੀ ਅਤੇ ਪੂਰੀ ਜ਼ਿੰਦਗੀ ਦੀ ਖੁਸ਼ੀ ਮਿਲ ਗਈ। 03 ਦਸੰਬਰ, 2021 ਨੂੰ ਮਾਣਯੋਗ ਹਾਈਕੋਰਟ ਵਲੋਂ 1158 ਭਰਤੀ 'ਤੇ ਰੋਕ ਲੱਗ ਜਾਂਦੀ ਹੈ, ਸਾਡੇ ਸਾਰੇ ਸੁਪਨੇ ਇੱਕ ਹੀ ਝਟਕੇ ਵਿਚ ਟੁੱਟ ਜਾਂਦੇ ਹਨ। ਮੈਂ ਪਿਛਲੇ ਤਿੰਨ ਸਾਲਾਂ ਤੋਂ ਇਸ ਭਰਤੀ ਨੂੰ ਲੈ ਕੇ ਪੀੜਾ ਹੰਢਾ ਰਿਹਾ ਹਾਂ। ਮੈਂ ਪੱਕੇ ਧਰਨੇ 'ਤੇ ਲਗਾਤਾਰ ਛੇ ਮਹੀਨੇ ਰਿਹਾ ਹਾਂ। 31 ਅਗਸਤ, 2023 ਤੋਂ ਲੈ ਕੇ 29 ਫਰਵਰੀ, 2024 ਤੱਕ। ਮੈਂ ਇਨ੍ਹਾਂ 6 ਮਹੀਨਿਆਂ ਵਿਚ ਉੱਥੇ ਹਰ ਤਰ੍ਹਾਂ ਦਾ ਦੁੱਖ ਹੰਢਾਇਆ। ਗਰਮੀ, ਸਰਦੀ, ਮੀਂਹ, ਝੱਖੜ, ਤੂਫ਼ਾਨ ਸਭ ਮੇਰੇ ਉੱਪਰ ਦੀ ਲੰਘੇ। ਧੁੰਦ ਵਾਲੇ ਦਿਨਾਂ ਦੇ ਵਿਚ ਇਹ ਹੁੰਦਾ ਸੀ ਕਿ ਕਿਤੇ ਕੋਈ ਗੱਡੀ ਹੀ ਨਾ ਸਾਡੇ ਉੱਪਰ ਚੜ੍ਹ ਜਾਵੇ। ਸਮਾਂ ਲੰਘਦਾ ਗਿਆ ਅਤੇ ਸਾਡਾ ਸੰਘਰਸ਼ ਚੱਲਦਾ ਰਿਹਾ।

ਮੈਨੂੰ ਚੇਤਾ ਹੈ, ਜਦ ਮੈਂ ਸੱਤ-ਅੱਠ ਸਾਲ ਦਾ ਸੀ, ਤਾਂ ਮੈਂ ਇੱਕ ਵਾਰ ਆਪਣੇ ਪਿਤਾ ਜੀ ਨਾਲ ਨਾਭੇ ਜਾ ਰਿਹਾ ਸੀ, ਸਾਈਕਲ ਦੇ ਪਿੱਛੇ ਬੈਠਾ। ਮੇਰੇ ਪਿੰਡ ਤੋਂ ਰਿਪੁਦਮਨ ਕਾਲਜ ਦੀ ਦੂਰੀ ਚਾਰ-ਪੰਜ ਕਿਲੋਮੀਟਰ ਹੈ। ਜਦ ਅਸੀਂ ਸਾਈਕਲ 'ਤੇ ਰਿਪੁਦਮਨ ਕਾਲਜ ਦੇ ਮੂਹਰੇ ਦੀ ਲੰਘ ਰਹੇ ਸੀ, ਤਾਂ ਮੈਂ ਬੱਚਿਆਂ ਵਾਂਗੂੰ ਆਪਣੇ ਪਾਪੇ ਨੂੰ ਪੁੱਛਣਾ ਸ਼ੁਰੂ ਕੀਤਾ ਕਿ ਪਾਪੇ ਇਹ ਕੌਣ ਨੇ, ਜਿਨ੍ਹਾਂ ਦੇ ਹੱਥਾਂ ਵਿਚ ਕਿਤਾਬਾਂ ਹਨ। ਮੇਰੇ ਪਾਪੇ ਨੇ ਮੈਨੂੰ ਦੱਸਿਆ ਕਿ ਇਹ ਕਾਲਜ ਦੇ ਵਿਚ ਪੜ੍ਹਨ ਵਾਲੇ ਮੁੰਡੇ ਕੁੜੀਆਂ ਹਨ। ਮੈਂ ਪਾਪੇ ਨੂੰ ਕਿਹਾ ਕਿ ਇਹ ਤਾਂ ਕਿੰਨੇ ਵੱਡੇ-ਵੱਡੇ ਹਨ, ਇਨ੍ਹਾਂ ਦੇ ਤਾਂ ਕਿੰਨੀਆਂ ਵੱਡੀਆਂ-ਵੱਡੀਆਂ ਦਾੜ੍ਹੀਆਂ ਵੀ ਹਨ। ਮੇਰੇ ਪਾਪੇ ਨੇ ਮੈਨੂੰ ਦੱਸਿਆ ਕਿ ਇਹ ਬੀ.ਏ., ਐੱਮ.ਏ. ਦੀ ਪੜ੍ਹਾਈ ਕਰਦੇ ਹਨ। ਇਹ ਪੜ੍ਹਾਈ ਕਰਦੇ-ਕਰਦੇ ਬੱਚੇ ਐਨੇ ਵੱਡੇ ਹੋ ਜਾਂਦੇ ਹਨ। ਫਿਰ ਮੈਂ ਆਪਣੇ ਪਾਪੇ ਨੂੰ ਪੁੱਛਿਆ ਕਿ ਇਨ੍ਹਾਂ ਨੂੰ ਵਰਦੀ ਪਾਉਣ ਦੀ ਵੀ ਲੋੜ ਨਹੀਂ। ਮੇਰੇ ਪਾਪਾ ਜੀ ਨੇ ਮੈਨੂੰ ਦੱਸਿਆ ਕਿ ਇਹ ਕੋਈ ਵੀ ਕੱਪੜੇ ਪਾ ਸਕਦੇ ਹਨ। ਮੇਰਾ ਅਗਲਾ ਸਵਾਲ ਇਹ ਸੀ ਕੀ ਕਿ ਮੈਂ ਵੀ ਕਾਲਜ ਦੇ ਵਿਚ ਪੜ੍ਹ ਸਕਦਾ ਹਾਂ ਕਿ ਮੈਂ ਵੀ ਬੀ.ਏ., ਐੱਮ. ਏ. ਕਰ ਸਕਦਾ ਹਾਂ। ਮੇਰੇ ਪਾਪਾ ਜੀ ਨੇ ਮੈਨੂੰ ਕਿਹਾ, ਬਿਲਕੁਲ ਕਰ ਸਕਦਾ, ਜੇ ਤੂੰ ਵਧੀਆ ਪੜ੍ਹੇ, ਤਾਂ ਮੈਂ ਅੱਗੋਂ ਜਵਾਬ ਦਿੱਤਾ ਕਿ ਮੈਂ ਵਧੀਆ ਪੜ੍ਹੂਗਾ। ਫਿਰ ਅਸੀਂ ਬਜ਼ਾਰ ਵਿਚ ਚਲੇ ਗਏ। ਸ਼ਾਇਦ ਮੇਰੇ ਸਕੂਲ ਵਾਲੀ ਵਰਦੀ ਖਰੀਦਣੀ ਸੀ। ਵਾਪਸੀ 'ਤੇ ਅਸੀਂ ਫਿਰ ਰਿਪੁਦਮਨ ਕਾਲਜ ਦੇ ਮੂਹਰੇ ਦੀ ਲੰਘੇ ਵਾਪਸੀ ਤੇ ਮੈਂ ਕੁਝ ਨਹੀਂ ਬੋਲਦਾ ਸਿਰਫ਼ ਮਹਿਸੂਸ ਕਰਦਾ ਜਾ ਰਿਹਾ ਕਿ ਇੱਕ ਦਿਨ ਮੈਂ ਵੀ ਇਸ ਕਾਲਜ ਦੇ ਵਿਚ ਪੜ੍ਹੂਗਾ। ਮੇਰੇ ਪਿਤਾ ਜੀ ਨੇ ਪਿੰਡ ਵਾਲੀ ਸੜਕ 'ਤੇ ਚੜ੍ਹਨ ਤੱਕ ਮੈਨੂੰ ਦੋ-ਤਿੰਨ ਵਾਰ ਕਿਹਾ ਕਿ ਗਜ਼ਾ ਵਿਚ ਪੈਰ ਨਾ ਫਸਾ ਲਈ। ਮੈਂ ਬੱਚਿਆਂ ਵਾਲੀਆਂ ਸੋਚਾਂ ਵਿਚ ਗਵਾਚਾ ਕਹਿ ਦਿੰਦਾ ਕਿ ਠੀਕ ਆ।

ਮੇਰੇ ਮਜ਼ਦੂਰ ਪਿਤਾ ਨੇ ਪੱਲੇਦਾਰ ਪਿਤਾ ਨੇ ਕਿਵੇਂ ਨਾ ਕਿਵੇਂ ਤੰਗੀਆਂ ਤੁਰਸ਼ੀਆਂ ਕੱਟ ਕੇ ਮੈਨੂੰ ਰਿਪੁਦਮਨ ਕਾਲਜ ਵਿਚ ਪੜ੍ਹਾ ਦਿੱਤਾ, ਮੈਨੂੰ ਬੀ.ਏ., ਐੱਮ.ਏ. ਕਰਵਾ ਦਿੱਤੀ। ਮੈਂ ਵੀ ਆਪਣੀ ਲਗਨ ਨਾਲ ਆਪਣੀ ਮਿਹਨਤ ਨਾਲ ਉਹ ਸਾਰੀ ਪੜ੍ਹਾਈ ਪੂਰੀ ਕਰ ਲਈ, ਜਿਹੜੀ ਪ੍ਰੋਫੈਸਰ ਬਣਨ ਲਈ ਚਾਹੀਦੀ ਸੀ ਅਤੇ ਮੈਂ 1158 ਭਰਤੀ ਵਿਚ ਸਲੈਕਟ ਹੋ ਗਿਆ।

ਛੇਵੀਂ ਵਾਰ ਮੈਂ ਇਸ ਭਰਤੀ ਦੇ ਸੰਬੰਧ ਵਿਚ ਉਦੋਂ ਖੁਸ਼ ਸੀ, ਜਦੋਂ ਮਾਣਯੋਗ ਹਾਈਕੋਰਟ ਵਲੋਂ ਡਬਲ ਬੈਂਚ 'ਤੇ 23 ਸਤੰਬਰ, 2024 ਨੂੰ ਅਸੀਂ ਕੇਸ ਜਿੱਤ ਗਏ ਸੀ। ਫਿਰ ਸਵਾ ਦੋ ਮਹੀਨੇ ਬੀਤ ਜਾਣ ਬਾਅਦ ਜਦ 24 ਨਵੰਬਰ ਨੂੰ ਅਸੀਂ ਮੁੱਖ ਮੰਤਰੀ ਦੀ ਕੋਠੀ ਅੱਗੇ ਸੰਗਰੂਰ ਆਪਣੇ ਨਿਯੁਕਤੀ ਪੱਤਰ ਮੰਗਣ ਜਾਂਦੇ ਹਾਂ, ਤਾਂ ਪੁਲਿਸ ਨਾਲ ਸਾਡੀ ਧੱਕਾਮੁੱਕੀ ਹੁੰਦੀ ਹੈ, ਜਿਸ ਵਿਚ ਮੇਰੀ ਛਾਤੀ ਦਾ ਮਾਸ ਪਾਟ ਜਾਂਦਾ ਹੈ। ਜਿਸ ਦੀ ਦਵਾਈ ਮੈਂ ਅਜੇ ਤੱਕ ਖਾ ਰਿਹਾ ਹਾਂ। ਭੀੜ ਵਿਚ ਮੇਰੀ ਛਾਤੀ 'ਤੇ ਦੋ-ਤਿੰਨ ਕਹੂਨੀਆਂ ਚੰਗੀ ਤਰ੍ਹਾਂ ਟਿਕ ਜਾਂਦੀਆਂ ਹਨ, ਜਿਨ੍ਹਾਂ ਨੇ ਮੇਰੀ ਛਾਤੀ ਦਾ ਮਾਸ ਪਾੜ ਦਿੱਤਾ। ਮੈਨੂੰ ਪੰਜ ਮਿੰਟ ਐਨੀ ਤਕਲੀਫ਼ ਹੋਈ ਕਿ ਮੈਂ ਸੜਕ ਸਾਡੇ 'ਤੇ ਗਿਰ ਜਾਵਾਂਗਾ। ਪਰ ਸਰਕਾਰ ਸਾਡੇ 'ਤੇ ਐਨਾ ਤਸ਼ੱਦਦ ਕਰਨ ਤੋਂ ਬਾਅਦ ਵੀ ਟੱਸ ਤੋਂ ਮੱਸ ਨਹੀਂ ਹੋਈ।

ਹੱਦ ਤਾਂ ਸਰਕਾਰ ਨੇ ਉਸ ਦਿਨ ਕਰ ਦਿੱਤੀ, ਜਦੋਂ 03 ਦਸੰਬਰ, 2024 ਨੂੰ ਸਾਨੂੰ ਸ਼ਾਂਤ ਮਈ ਪ੍ਰਦਰਸ਼ਨ ਕਰਦਿਆਂ ਨੂੰ ਮਰਨ ਵਰਤ ਰੱਖਣ ਵਾਲੇ ਸਾਥੀਆਂ ਸਮੇਤ ਸਾਨੂੰ ਪੁਲਿਸ ਜਬਰੀ ਚੁੱਕ ਕੇ ਵੱਖੋ-ਵੱਖ ਥਾਣਿਆਂ ਵਿਚ ਲੈ ਗਈ। ਸਾਨੂੰ ਰਾਤ ਭਰ ਥਾਣਿਆਂ ਵਿਚ ਰੱਖਿਆ ਗਿਆ। ਥਾਣਿਆਂ ਵਿਚ ਰਹਿਣ ਵਾਲੇ ਸਾਥੀਆਂ ਵਿਚ 09 ਕੁੜੀਆਂ ਸ਼ਾਮਲ ਸਨ, ਜਿਨ੍ਹਾਂ ਨੂੰ ਪਹਿਲਾਂ ਬਾਲੀਆਂ ਥਾਣੇ ਵਿਚ ਅਤੇ ਫਿਰ ਰਾਤ ਭਰ ਸ਼ੇਰਪੁਰ ਥਾਣੇ ਵਿਚ ਰੱਖਿਆ ਗਿਆ। ਸਾਡੇ 10 ਸਾਥੀਆਂ ਨੂੰ ਧਰਮਗੜ੍ਹ ਥਾਣੇ ਵਿਚ ਰੱਖਿਆ ਗਿਆ ਅਤੇ ਸਾਨੂੰ 21 ਸਾਥੀਆਂ ਨੂੰ ਲਹਿਰੇ ਥਾਣੇ ਵਿਚ ਰੱਖਿਆ ਗਿਆ। ਕੁੜੀਆਂ ਨੂੰ ਸਵੇਰੇ 04 ਦਸੰਬਰ ਨੂੰ ਛੱਡ ਦਿੱਤਾ ਗਿਆ। ਸਾਨੂੰ 04 ਦਸੰਬਰ ਨੂੰ 21 ਸਾਥੀਆਂ ਨੂੰ ਪਹਿਲਾਂ ਲਹਿਰੇ ਐੱਸ.ਡੀ.ਐੱਮ. ਕੋਲ ਪੇਸ਼ ਕਰਨ ਲਈ ਲੈ ਗਏ। ਫਿਰ ਬਿਨਾਂ ਪੇਸ਼ ਕੀਤੇ ਸਾਨੂੰ ਸੁਨਾਮ ਸਰਕਾਰੀ ਹਸਪਤਾਲ ਵਿਚ ਲੈ ਗਏ, ਸਾਡਾ ਮੈਡੀਕਲ ਕਰਵਾਉਣ ਦੇ ਲਈ। ਸਾਨੂੰ ਘੰਟਾ ਡੇਢ ਘੰਟਾ ਵੈਨ ਦੇ ਵਿਚ ਬਿਠਾ ਕੇ ਰੱਖਿਆ। ਜਦ ਅਸੀਂ ਬਾਥਰੂਮ ਕਰਨ ਜਾਣਾ ਹੁੰਦਾ ਸੀ, ਤਾਂ ਦੋ ਪੁਲਿਸ ਵਾਲੇ ਸਾਨੂੰ ਬਾਹਵਾਂ ਤੋਂ ਫੜ੍ਹ ਕੇ ਬਾਥਰੂਮ ਕਰਵਾਉਣ ਲਈ ਲੈ ਕੇ ਜਾਂਦੇ ਸਨ, ਤਾਂ ਉਸ ਸਮੇਂ ਮਨ ਵਿਚ ਇੱਕੋ ਸਵਾਲ ਵਾਰ-ਵਾਰ ਚੱਲ ਰਿਹਾ ਸੀ ਕਿ ਮੈਂ ਕਿਹੜਾ ਗੁਨਾਹ ਕੀਤਾ, ਜਿਹੜਾ ਮੇਰੇ ਨਾਲ ਇਹ ਸਲੂਕ ਕੀਤਾ ਜਾ ਰਿਹਾ ਹੈ। ਮੇਰਾ ਕਸੂਰ ਕੀ ਹੈ? ਮੈਨੂੰ ਇਸ ਸਵਾਲ ਦਾ ਜਵਾਬ ਦੇਣ ਵਾਲਾ ਕੋਈ ਨਹੀਂ ਸੀ। ਮੈਂ ਵਾਰ-ਵਾਰ ਆਪਣੇ ਆਪ ਨਾਲ ਇਹ ਸਵਾਲ ਕਰ ਰਿਹਾ ਸੀ ਕਿ ਮੇਰਾ ਕਸੂਰ ਕੀ ਹੈ? ਕੀ ਮੇਰਾ ਕਸੂਰ ਸਿਰਫ਼ ਇਹ ਹੈ ਕਿ ਮੈਂ ਆਪਣੇ ਨਿਯੁਕਤੀ ਪੱਤਰ ਨੂੰ ਮੰਗ ਰਿਹਾ ਹਾਂ, ਮੈਂ ਆਪਣੀ ਨੌਕਰੀ ਨੂੰ ਮੰਗ ਰਿਹਾ ਹਾਂ? ਮੈਂ ਮਾਨ ਸਾਹਿਬ ਤੁਹਾਨੂੰ ਇਹ ਸਵਾਲ ਕਰ ਰਿਹਾ ਹਾਂ ਕਿ ਜਦ ਤੁਹਾਨੂੰ ਕੁਲਫ਼ੀ ਗਰਮਾ ਗਰਮ ਵਰਗੀ ਪਹਿਲੀ ਕੈਸੇਟ ਅਤੇ ਸੁੱਖਾ ਫਿਲਮ ਤੋਂ ਲੈ ਕੇ ਮੁੱਖ ਮੰਤਰੀ ਬਣਨ ਤੱਕ ਕਿਸੇ ਨੇ ਨਹੀਂ ਰੋਕਿਆ, ਤਾਂ ਤੁਸੀਂ ਇੱਕ ਪੱਲੇਦਾਰ ਦੇ ਪੁੱਤਰ ਨੂੰ ਪ੍ਰੋਫੈਸਰ ਬਣਨ ਤੋਂ ਕਿਉਂ ਰੋਕ ਰਹੇ ਹੋ?

ਮੈਡੀਕਲ ਕਰਵਾਉਣ ਤੋਂ ਬਾਅਦ ਸਾਨੂੰ ਪੁਲਿਸ ਵੈਨ ਸੰਗਰੂਰ ਜੇਲ੍ਹ ਵਿਚ ਲੈ ਕੇ ਜਾਂਦੀ ਹੈ। ਪੁਲਿਸ ਵੈਨ ਦੇ ਅੱਗੇ ਦੋ ਪੁਲਿਸ ਦੀਆਂ ਗੱਡੀਆਂ ਅਤੇ ਇੱਕ ਗੱਡੀ ਪਿੱਛੇ ਹੁੰਦੀ ਹੈ। ਸਾਨੂੰ ਪੂਰੇ ਫ਼ਿਲਮੀ ਸਟਾਇਲ ਦੇ ਵਿਚ ਖ਼ਤਰਨਾਕ ਮੁਜਰਮਾਂ ਵਾਂਗ ਜੇਲ੍ਹ ਦੇ ਵਿਚ ਲਿਜਾਇਆ ਜਾਂਦਾ ਹੈ। ਸਾਨੂੰ ਮੁਜਰਮਾਂ ਵਾਂਗ ਹੀ ਗੱਡੀ ਦੇ ਵਿਚੋਂ ਉਤਾਰਿਆ ਜਾਂਦਾ ਹੈ, ਸਾਡਾ ਸਾਰਾ ਹੀ ਸਾਮਾਨ ਜੇਲ੍ਹ ਤੋਂ ਬਾਹਰ ਰਖਵਾਇਆ ਜਾਂਦਾ ਹੈ, ਫਿਰ ਵੱਡੇ-ਵੱਡੇ ਗੇਟਾਂ ਦੇ ਰਾਹੀਂ ਸਾਨੂੰ ਜੇਲ੍ਹ ਦੇ ਅੰਦਰ ਵਾੜਿਆ ਜਾਂਦਾ ਹੈ। ਜਿੱਥੇ ਸਾਡੀ ਵਾਰ-ਵਾਰ ਤਲਾਸ਼ੀ ਹੁੰਦੀ ਹੈ। ਵਾਰ-ਵਾਰ ਗਿਣਤੀ ਹੁੰਦੀ ਹੈ। ਸਾਡੇ ਨਾਲ ਸਾਰਾ ਸਲੂਕ ਕੈਦੀਆਂ ਵਾਲਾ ਕੀਤਾ ਜਾਂਦਾ ਹੈ। ਉਸ ਤਰੀਕੇ ਨਾਲ ਸਾਨੂੰ ਰੋਟੀ ਮਿਲਦੀ ਹੈ, ਉਸੇ ਤਰੀਕੇ ਨਾਲ ਸਾਨੂੰ ਜੇਲ੍ਹ ਵਿਚ ਰੱਖਿਆ ਜਾਂਦਾ ਹੈ।

ਦੋ ਦਿਨ ਅਤੇ ਇੱਕ ਰਾਤ ਜੇਲ੍ਹ ਵਿਚ ਬਿਤਾਉਣ ਤੋਂ ਬਾਅਦ 05 ਦਸੰਬਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸਾਨੂੰ ਜੇਲ੍ਹ ਵਿਚੋਂ ਸ਼ਾਮ ਨੂੰ ਸਾਢੇ ਸੱਤ ਵਜੇ ਰਿਹਾਅ ਕਰ ਦਿੱਤਾ ਜਾਂਦਾ ਹੈ।

ਸਾਨੂੰ ਜੇਲ੍ਹ ਵਿਚੋਂ ਤਾਂ ਰਿਹਾਅ ਕਰ ਦਿੱਤਾ ਪਰ ਪੰਜਾਬ ਸਰਕਾਰ ਦੇ ਇਸ ਸ਼ਰਮਨਾਕ ਕੀਤੇ ਕਾਰੇ ਵਿਚੋਂ ਅਸੀਂ ਅਜੇ ਤੱਕ ਰਿਹਾਅ ਨਹੀਂ ਹੋਏ। ਪੰਜਾਬ ਸਰਕਾਰ ਦੇ ਮੂੰਹ 'ਤੇ ਇੱਕ ਕਾਲਖ ਵੱਜ ਚੁੱਕੀ ਹੈ ਅਤੇ ਸਾਨੂੰ ਆਪਣੇ ਆਪ ਉੱਪਰ ਮਾਣ ਹੈ ਕਿ ਅਸੀਂ ਆਪਣੇ ਹੱਕ ਲਈ ਅੰਦਰ ਗਏ ਹਾਂ। ਕੋਈ ਮਾੜਾ ਕੰਮ ਕਰਕੇ ਨਹੀਂ।

ਪਰ ਸਰਕਾਰ ਨੂੰ ਮੇਰਾ ਇੱਕੋ ਸਵਾਲ ਵਾਰ-ਵਾਰ ਹੈ ਕਿ ਮੇਰਾ ਕੀ ਕਸੂਰ ਸੀ, ਮੇਰੇ 31 ਸਾਥੀਆਂ ਦਾ ਕੀ ਕਸੂਰ ਸੀ, ਜਿਹੜਾ ਸਾਨੂੰ ਜੇਲ੍ਹ ਵਿਚ ਭੇਜਿਆ? ਕੀ ਪੰਜਾਬ ਸਰਕਾਰ ਨੂੰ ਇਹ ਗੱਲ ਮਨਜ਼ੂਰ ਨਹੀਂ ਕੀ ਇੱਕ ਪੱਲੇਦਾਰ ਦਾ ਪੁੱਤਰ ਪ੍ਰੋਫੈਸਰ ਬਣ ਜਾਵੇ?

# ਗੁਰੂ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

## ਸ਼ਹੀਦੀ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲUSA





ਜੇਕਰ ਵੱਖ-ਵੱਖ ਕੌਮਾਂ 'ਚ ਸ਼ਹੀਦਾਂ ਦੀ ਗੱਲ ਕਰੀਏ, ਤਾਂ ਸਿੱਖ ਕੌਮ ਦਾ ਨਾਮ ਸਭ ਤੋਂ ਉੱਪਰ ਆਉਂਦਾ ਹੈ। ਇਹ ਕੌਮ ਸ਼ਹੀਦੀਆਂ ਨਾਲ ਭਰੀ ਪਈ ਹੈ। ਇਸ ਕੌਮ ਵਿਚ ਬਾਲ ਅਵਸਥਾਂ ਤੋਂ ਲੈ ਕੇ ਬਿਰਧ ਅਵਸਥਾ ਤੱਕ ਸ਼ਹੀਦ ਹਨ। ਧੰਨ ਸਨ ਸ੍ਰੀ ਗੁਰੂ ਗੋਬਿਦ ਸਿੰਘ ਜੀ ਦੇ ਚਾਰੇ ਲਾਲ ਜੋ ਮੁਗਲ ਹਕੂਮਤ ਮੂਹਰੇ ਹਾਰ ਨਾ ਮੰਨਦੇ ਹੋਏ ਸ਼ਹੀਦ ਹੋ ਗਏ। ਇਸ ਲੇਖ ਵਿਚ ਆਪਾਂ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਗੱਲ ਕਰਦੇ ਹਾਂ। ਇਨ੍ਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਛੋਟੀਆਂ ਜਿੰਦਾਂ ਵੱਡਾ ਸਾਕਾ ਹਨ! ਇਹ ਬਾਲ ਉਮਰ ਦੀਆਂ ਜਿੰਦਾਂ ਸਾਕਾ ਬਹੁਤ ਵੱਡਾ ਕਰ ਗਈਆਂ।

ਸਾਕਾ ਹੋਣ ਵੇਲੇ ਸਭ ਨਾਲੋਂ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਦੀ ਉਮਰ 7 ਵਰ੍ਹੇ ਤੋਂ ਵੀ ਘੱਟ ਸੀ। ਬਾਬਾ ਫ਼ਤਿਹ ਸਿੰਘ ਜੀ ਤੋਂ ਵੱਡੇ ਬਾਬਾ ਜ਼ੋਰਾਵਰ ਸਿੰਘ ਜੀ ਲਗਭਗ 9 ਵਰ੍ਹਿਆਂ ਦੇ ਸਨ। ਇਨ੍ਹਾਂ ਸਾਹਿਬਜ਼ਾਦਿਆਂ ਨੂੰ ਜ਼ਾਲਮਾਨਾਂ ਢੰਗ ਨਾਲ ਮੌਤ ਦੇ ਘਾਟ ਉਤਾਰਿਆ ਗਿਆ। ਇਹ ਸਾਕਾ ਸਿੱਖ ਇਤਿਹਾਸ ਵਿਚ ਕੁਰਬਾਨੀਆਂ ਦੀਆਂ ਸਭ ਤੋਂ ਦਰਦਨਾਕ ਯਾਦਾਂ ਵਿਚੋਂ ਇੱਕ ਅਭੁੱਲ ਯਾਦ ਹੈ।

ਅਨੰਦਪੁਰ ਛੱਡ ਦੇਣ ਤੋਂ ਬਾਅਦ ਜਦੋਂ ਗੁਰੂ ਜੀ ਦੇ ਪਰਿਵਾਰ ਦਾ ਵਿਛੋੜਾ ਪੈਂਦਾ ਹੈ। ਉਸ ਵੇਲੇ ਸਭ ਤੋਂ ਪਹਿਲੀ ਮੁਸ਼ਕਲ ਸਰਸਾ ਨਦੀ ਪਾਰ ਕਰਨ ਵੇਲੇ ਦੀ ਹੈ। ਸਰਸਾ ਨਦੀ ਪਾਰ ਕਰਦਿਆਂ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਹੜ੍ਹ ਦੇ ਕਾਰਨ ਗੁਰੂ ਜੀ ਦੇ ਪਰਿਵਾਰ ਵਿਚੋਂ ਦੋ ਛੋਟੇ ਸਾਹਿਬਜ਼ਾਦੇ ਤੇ ਬੱਚਿਆਂ ਦੀ ਮਾਂ ਦਾਦੀ ਗੁਜ਼ਰ ਕੌਰ ਜੀ ਗੁਰੂ ਜੀ ਅਤੇ ਸਿੰਘਾਂ ਨਾਲੋ ਵਿਛੜ ਗਏ ਅਤੇ ਗੰਗੂ ਬ੍ਰਾਹਮਣ (ਗੁਰੂ ਘਰ ਦਾ ਰਸੋਈਆ) ਇਨ੍ਹਾਂ ਤਿੰਨਾਂ ਨਾਲ ਰਹਿ ਗਿਆ। ਸਰਸਾ ਵਿਚ ਹੜ੍ਹ ਕਾਰਨ ਗੁਰੂ ਜੀ ਦੇ ਕਈ ਸਿੰਘ ਕਈ ਘੋੜੇ, ਭਾਰੀ ਖ਼ਜ਼ਾਨਾ ਅਤੇ ਕਾਫ਼ੀ ਕੀਮਤੀ ਇਤਿਹਾਸ ਹੜ੍ਹ ਦੀ ਭੇਂਟ ਚੜ੍ਹ ਗਿਆ।

ਗੁਰੂ ਜੀ ਤੋਂ ਵਿਛੜ ਕੇ ਦਾਦੀ ਅਤੇ ਪੋਤਿਆਂ ਦੀ ਪਹਿਲੀ ਰਾਤ ਕੁੰਮੇ ਮਸ਼ਕੀ ਦੀ ਝੁਗੀ ਵਿਚ ਬੀਤੀ। ਇੱਥੇ ਹੀ ਛਮੀ ਨਾਮ ਦੀ ਮਾਈ ਨੇ ਉਨ੍ਹਾਂ ਨੂੰ ਰੋਟੀ ਪਹੁੰਚਾਈ। ਇੱਥੇ ਹੀ ਗੰਗੂ ਬ੍ਰਾਹਮਣ ਰਸੋਇਆ ਬੇਈਮਾਨ ਹੋਇਆ ਸੀ। ਇੱਥੋਂ ਦਾਦੀ ਅਤੇ ਪੋਤਿਆਂ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਸਹੇੜੀ (ਮੋਰਿੰਡੇ ਪਾਸ) ਲੈ ਗਿਆ। ਅੱਜਕੱਲ੍ਹ ਇਸ ਪਿੰਡ ਦਾ ਨਾਮ ਬਦਲ ਕੇ ਗੁਰੂ ਮਾਰੀ ਖੇੜੀ ਰੱਖ ਲਿਆ ਗਿਆ ਹੈ।

ਬੇਈਮਾਨ ਗੰਗੂ ਬ੍ਰਾਹਮਣ ਨੇ ਇਹ ਖ਼ਬਰ ਮੋਰਿੰਡਾ ਥਾਣੇ ਨੂੰ ਦਿੱਤੀ ਕੇ ਜਿਨ੍ਹਾਂ ਨੂੰ ਮੁਗਲ ਸਰਕਾਰ ਭਾਲ ਰਹੀ ਹੈ, ਉਹ ਮੇਰੇ ਕਬਜ਼ੇ ਵਿਚ ਹਨ। ਗੰਗੂ ਬ੍ਰਾਹਮਣ ਦੀ ਮੁਖ਼ਬਰੀ ਕੀਤੀ ਤੋਂ ਮੋਰਿੰਡਾ ਥਾਣੇ ਵਾਲੇ ਗੁਰੂ ਜੀ ਦੇ ਪਰਿਵਾਰ ਨੂੰ ਗ੍ਰਿਫ਼ਤਾਰ ਕਰਕੇ ਇੱਕ ਰਾਤ ਮੋਰਿੰਡੇ ਥਾਣੇ ਵਿਚ ਰੱਖ ਕੇ ਫਿਰ ਬਸੀ ਪਠਾਣਾ ਪਹੁੰਚ ਦਿੱਤਾ, ਉੱਥੋਂ ਬੱਚਿਆਂ ਨੂੰ ਹੱਥਕੜੀਆਂ ਲਾ ਕੇ ਤੇ ਜੰਜ਼ੀਰਾਂ ਪਹਿਨਾ ਕੇ ਸਰਹੰਦ ਥਾਣੇ ਲਿਆਂਦਾ ਗਿਆ।

24 ਦਸੰਬਰ 1704 ਈ. ਨੂੰ ਦੋਹਾਂ ਸਾਹਿਬਜ਼ਾਦਿਆਂ ਨੂੰ ਮਾਤਾ ਜੀ ਨਾਲੋਂ ਵੱਖ ਕਰਕੇ ਸੂਬੇ ਦੀ ਕਚਿਹਰੀ ਵਿਚ ਪੇਸ਼ ਕੀਤਾ ਗਿਆ। ਪੇਸ਼ ਕਰਨ ਵੇਲੇ ਸਰਕਾਰੀ ਨੌਕਰਾਂ ਨੂੰ ਯਕੀਨ ਸੀ ਸਾਹਿਬਜ਼ਾਦੇ ਆਪਣੀ ਦਾਦੀ ਦੀ ਗੈਰਹਾਜ਼ਰੀ ਵਿਚ ਡੋਲ ਜਾਣਗੇ ਪਰ ਅਡੋਲ ਰਹੇ ਪਹਿਲੇ ਦਿਨ ਕਾਜ਼ੀ ਨੇ ਫਤਵਾ ਨਹੀਂ ਸੁਣਾਇਆ। ਕਾਜ਼ੀ ਦੇ ਕਹਿਣ 'ਤੇ ਬੱਚੇ ਵਾਪਸ ਉਨ੍ਹਾਂ ਦੀ ਦਾਦੀ ਕੋਲ ਠੰਡੇ ਬੁਰਜ਼ ਵਿਚ ਭੇਜ ਦਿੱਤੇ ਗਏ। ਇੱਥੇ ਹੀ ਰਾਜ ਦੇ ਸਹਿਮ ਅਤੇ ਸਖਤੀ ਦੇ ਬਾਵਜੂਦ ਭਾਈ ਮੋਤੀ ਰਾਮ ਮਹਿਰਾ ਨੇ ਭਾਰੀ ਜ਼ੋਖ਼ਮ ਉਠਾਕੇ ਇਨ੍ਹਾਂ ਨਿਰਭੈ ਨਿਰਵੈਰ ਸੂਰਬੀਰਾਂ ਦੀ ਦੁੱਧ ਪਾਣੀ ਨਾਲ ਸੇਵਾ ਕੀਤੀ। ਮਾਤਾ ਗੁਜਰ ਕੌਰ ਜੀ ਨੇ ਮੋਤੀ ਰਾਮ ਮਹਿਰਾ ਦਾ ਬੱਚਿਆ ਨੂੰ ਦੁੱਧ ਪਿਆਉਣ ਦੀ ਸੇਵਾ ਕੀਤੀ ਕਰਕੇ ਧੰਨਵਾਦ ਕੀਤਾ।

ਪਿਖ ਕੇ ਪ੍ਰੇਮ ਸੂ ਮੋਤੀ ਕੇਰਾ॥
ਮਾਤਾ ਕਹਯੋ ਭਲਾ ਹੋਵੇ ਤੇਰਾ॥

ਜਿਸ ਦੇ ਨਤੀਜੇ ਵਜੋਂ ਬਾਅਦ ਵਿਚ ਭਾਈ ਮੋਤੀ ਰਾਮ ਮਹਿਰਾ ਨੂੰ ਸਮੇਤ ਪਰਿਵਾਰ ਸ਼ਾਹੀ ਹੁਕਮ ਅਨੁਸਾਰ ਕੋਹਲੂ ਵਿਚ ਪੀੜ ਕੇ ਸ਼ਹੀਦ ਕੀਤਾ ਗਿਆ।

ਦੂਜੇ ਦਿਨ 25 ਦਸੰਬਰ ਨੂੰ ਫਿਰ ਬੱਚਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਪੇਸ਼ ਕੀਤਾ। ਬੱਚਿਆਂ ਨੂੰ ਕਚਹਿਰੀ ਵਿਚ ਦੀਨ ਕਬੂਲ ਕਰਨ ਲਈ ਲਾਲਚ ਦੇਣ ਅਤੇ ਡਰਾਉਣ ਧਮਕਾਉਣ ਦੇ ਯਤਨ ਕੀਤੇ ਗਏ। ਉਨ੍ਹਾਂ ਅੱਗੇ ਬਹੁਤ ਸਾਰੇ ਝੂਠ ਵੀ ਬੋਲੇ ਗਏ। ਬੱਚਿਆਂ ਨੇ ਸੂਬਾ ਸਰਹਿੰਦ ਨੂੰ ਆਪਣਾ ਧਰਮ ਛੱਡਣ ਤੋਂ ਦਲੇਰੀ ਨਾਲ ਇਨਕਾਰ ਕਰ ਦਿੱਤਾ। ਸੂਬਾ ਸਰਹਿੰਦ ਵਜ਼ੀਰ ਖਾਨ ਨੇ ਕਾਜ਼ੀ ਦੀ ਰਾਏ ਲਈ ਕਿ ਇਨ੍ਹਾਂ ਬੱਚਿਆਂ ਨੂੰ ਕੀ ਸਜ਼ਾ ਦਿੱਤੀ ਜਾ ਸਕਦੀ ਹੈ। ਕਾਜ਼ੀ ਨੇ ਕਿਹਾ, ਇਸਲਾਮ ਵਿਚ ਬੱਚਿਆਂ ਨੂੰ ਸਜ਼ਾ ਦੇਣ ਦੀ ਇਜ਼ਾਜਤ ਨਹੀਂ ਹੈ। ਵਜ਼ੀਰ ਖ਼ਾਨ ਬੱਚਿਆਂ ਦੀ ਸਜ਼ਾ ਦਾ ਹੁਕਮ ਦੂਸਰੇ ਸਿਰ ਪਾਉਣਾ ਚਾਹੁੰਦਾ ਸੀ।

ਵਜ਼ੀਰ ਖ਼ਾਨ ਨੇ ਮਲੇਰਕੋਟਲਾ ਦੇ ਨਵਾਬ ਸ਼ੇਰ ਖ਼ਾਨ ਨੂੰ ਕਿਹਾ, ਤੂੰ ਗੁਰੂ ਸਾਹਿਬ ਜੀ ਦੇ ਜੰਗ ਵਿਚ ਮਾਰੇ ਗਏ ਆਪਣੇ ਭਰਾ ਦਾ ਬਦਲਾ ਬੱਚਿਆਂ ਨੂੰ ਸਖਤ ਤੋਂ ਸਖਤ ਸਜ਼ਾ ਦੇ ਕੇ ਲੈ ਸਕਦਾ ਏ! ਸ਼ੇਰ ਖ਼ਾਨ ਨੇ ਵੀ ਨਵਾਬ ਵਜ਼ੀਰ ਖ਼ਾਨ ਨੂੰ ਇਹ ਕਹਿਕੇ ਜਵਾਬ ਦੇ ਦਿੱਤਾ, ਜੇਕਰ ਮੈਂ ਆਪਣੇ ਭਰਾ ਦਾ ਬਦਲਾ ਲੈਣਾ ਹੋਇਆ ਗੁਰੂ ਸਾਹਿਬ ਜੀ ਨਾਲ ਜੰਗ ਕਰਕੇ ਲਵਾਂਗਾ। ਇਹ ਮਾਸੂਮ ਬੱਚਿਆਂ ਰਾਹੀਂ ਬਦਲਾ ਲੈ ਕੇ ਮੈਂ ਪਾਪ ਮੁੱਲ ਨਹੀਂ ਲੈਣੇ। ਅੱਲ੍ਹਾ ਯਾਰ ਖਾਂ ਜੋਗੀ ਦੇ ਸ਼ਬਦਾਂ ਵਿਚ:

"ਬਦਲਾ ਹੀ ਲੇਨਾ ਹੋਗਾ ਤੋਂ ਲੇਂਗੇ ਬਾਪ ਸੇ।
ਮਹਿਫ਼ੂਜ਼ ਰਖੇ ਹਮ ਕੋ ਖ਼ੁਦਾ ਐਸੇ ਪਾਪ ਸੇ।"

ਵਜ਼ੀਰ ਖ਼ਾਨ ਦਾ ਮਨ ਕੁਝ ਨਰਮ ਪੈ ਗਿਆ ਅਤੇ ਮਨ ਦੇ ਵਿਚਾਰ ਬਦਲੀ ਹੋਣ ਲੱਗੇ। ਦੀਵਾਨ ਸੁੱਚਾ ਨੰਦ ਖੱਤਰੀ ਇਹ ਨਹੀਂ ਚਾਹੁੰਦਾ ਸੀ ਕਿ ਬੱਚਿਆਂ ਨੂੰ ਜਿਊਂਦੇ ਛੱਡਿਆ ਜਾਵੇ। ਦੀਵਾਨ ਸੁੱਚਾ ਨੰਦ ਖੱਤਰੀ ਨੇ ਕਿਹਾ ਤੂੰ ਬੱਚਿਆਂ ਨੂੰ ਮੁਆਫ਼ ਕਰਕੇ ਸੁਖ ਦੀ ਨੀਂਦ ਨਹੀਂ ਸੌਂ ਸਕਦਾ ਦੁਸ਼ਮਣ ਅਤੇ ਸੱਪ ਨੂੰ ਭੁੱਲ ਜਾਣਾ ਬਹੁਤ ਵੱਡੀ ਗਲਤੀ ਹੈ। ਇਹ ਬੱਚੇ ਵੱਡੇ ਹੋ ਕੇ ਬਹੁਤ ਖਤਰਨਾਕ ਬਣ ਜਾਣਗੇ। ਇਨ੍ਹਾਂ ਨੂੰ ਇਸ ਦੁਨੀਆਂ ਤੋਂ ਖਤਮ ਕਰ ਦੇਣਾ ਹੀ ਠੀਕ ਹੈ।

ਵਜ਼ੀਰ ਖ਼ਾਨ ਨੇ ਆਪਣੀ ਹਾਰ ਨੂੰ ਛਪਾਉਣ ਲਈ ਕਾਜ਼ੀ ਤੋਂ ਫਤਵਾ ਲਵਾਇਆ। ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਖੋਲ੍ਹਦਿਆਂ ਕਿਹਾ, ਇਹ ਬਾਗ਼ੀ ਦੇ ਪੁੱਤਰਾਂ ਨੂੰ ਨੀਹਾਂ ਵਿਚ ਚਿਣ ਦਿੱਤਾ ਜਾਵੇ।

27 ਦਸੰਬਰ 1704 (13 ਪੋਹ) ਨੂੰ ਜਦ ਗੁਰੂ ਜੀ ਦੇ ਪੁੱਤਰਾਂ ਨੂੰ ਨੀਹਾਂ ਵਿਚ ਚਿਣ ਦਿੱਤਾ, ਫਿਰ ਉਨ੍ਹਾਂ ਦੇ ਜੈਕਾਰੇ ਦੀ ਗੂੰਜ ਨਾਲ ਕੰਧ ਇਕਦਮ ਡਿੱਗ ਪਈ, ਨੀਹਾਂ ਦੀ ਸਰੀਰਾਂ ਨੂੰ ਪਈ ਮਾਰ ਕਰਕੇ ਮਾਸੂਮ ਬੱਚੇ ਸਹਿਕਣ ਲੱਗੇ। ਕੁੱਝ ਮਿੰਟਾਂ ਬਾਅਦ ਵਜ਼ੀਰ ਖ਼ਾਨ ਨੇ ਜੱਲਾਦਾਂ ਨੂੰ ਹੁਕਮ ਦਿੱਤਾ, ਬੱਚਿਆਂ ਦਾ ਖੰਜਰ ਨਾਲ ਜ਼ਿਬਹ (ਕਤਲ) ਕਰ ਦਿੱਤਾ ਜਾਵੇ। ਸਾਹ-ਰਗਾਂ ਕੱਟ ਦਿੱਤੀਆਂ ਜਾਣ। ਜੱਲਾਦ ਸ਼ਾਸ਼ਲਬੇਗ ਤੇ ਬਾਸ਼ਲਬੇਗ ਨੇ ਗਲਾਂ 'ਤੇ ਖੰਜਰ ਫੇਰ ਕੇ ਸਾਹ-ਰਗਾਂ ਕੱਟ ਦਿੱਤੀਆਂ। ਮਾਤਾ ਜੀ ਵੀ ਠੰਡੇ ਬੁਰਜ਼ ਵਿਚ ਸਰੀਰ ਛੱਡ ਗਏ।

ਜ਼ਾਲਮਾਂ ਨੇ ਕਤਲ ਕਰਕੇ ਇਨ੍ਹਾਂ ਸਰੀਰਾਂ ਨੂੰ ਠੰਡੇ ਬੁਰਜ਼ ਨਾਲ ਲੱਗਦੀ ਹੰਸਲਾ ਨਦੀ ਵਿਚ ਸੁੱਟ ਦਿੱਤਾ (ਜਿੱਥੇ ਅੱਜਕੱਲ੍ਹ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਬਣਿਆ ਹੋਇਆ ਹੈ) ਤਾਂਕਿ ਕਾਂ, ਕੁੱਤੇ ਤੇ ਇੱਲਾਂ ਸਰੀਰਾਂ ਨੂੰ ਖਾ ਜਾਣ ਸਰੀਰਾਂ ਦੀ ਬੇਅਦਬੀ ਹੋ ਜਾਵੇ। ਜਦ ਇਸ ਖ਼ਬਰ ਦਾ ਦੀਵਾਨ ਟੋਡਰ ਮੱਲ ਨੂੰ ਪਤਾ ਲੱਗਿਆ, ਉਸ ਨੂੰ ਬੜਾ ਦੁੱਖ ਹੋਇਆ। ਉਸ ਨੇ ਨਵਾਬ ਵਜ਼ੀਰ ਖਾਨ ਤੱਕ ਪਹੁੰਚ ਕੀਤੀ। ਵਜ਼ੀਰ ਖਾਨ ਦੀ ਮੰਗ ਅਨੁਸਾਰ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਸਰੀਰਾਂ ਦੇ ਸਸਕਾਰ ਲਈ ਜਗ੍ਹਾ ਮੁੱਲ ਖਰੀਦ ਕੇ ਮਾਤਾ ਜੀ ਅਤੇ ਬੱਚਿਆਂ ਦਾ ਸਸਕਾਰ ਕੀਤਾ। ਸਸਕਾਰ ਵਾਲੀ ਜਗ੍ਹਾ ਸੂਬਾ ਵਜ਼ੀਰ ਖ਼ਾਨ ਦੇ ਮਹਿਲ ਲਾਗੇ ਜ਼ਮੀਦਾਰ ਚੌਧਰੀ ਅੱਤੇ ਦੀ ਜ਼ਮੀਨ ਸੀ। ਦੀਵਾਨ ਟੋਡਰ ਮੱਲ ਨੇ ਉਸ ਨਾਲ ਗੱਲ ਕਰਕੇ ਇਹ ਜ਼ਮੀਨ ਮਹਿੰਗੇ ਭਾਅ ਖਰੀਦੀ।

ਅੱਜ ਇਸ ਜਗ੍ਹਾ ਨੂੰ ਜੋਤੀ ਸਰੂਪ (ਫ਼ਤਿਹਗੜ੍ਹ ਸਾਹਿਬ) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਹਰ ਸਾਲ ਛੋਟੇ ਸਾਹਿਬਜ਼ਾਦਿਆਂ ਦੀ ਧਰਤੀ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਪੋਹ ਮਹੀਨੇ ਸ਼ਹੀਦੀ ਸਮਾਗਮ ਹੁੰਦੇ ਹਨ। ਬੱਚਿਆਂ ਦੀ ਯਾਦ ਵਿਚ ਬਣੇ ਅਸਥਾਨਾਂ 'ਤੇ ਹਰ ਰੋਜ਼ ਲੱਖਾਂ ਸੀਸ ਝੁਕਦੇ ਹਨ। ਇਨ੍ਹਾਂ ਮਾਸੂਮ ਬੱਚਿਆਂ ਦੀ ਸ਼ਹੀਦੀ ਨੂੰ ਯਾਦ ਕਰਕੇ ਹਰ ਇੱਕ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। ਵਿਦੇਸ਼ਾਂ ਵਿਚ ਵਸਦੇ ਪਰਿਵਾਰਾਂ ਨੂੰ ਬੇਨਤੀ ਹੈ, ਜਦ ਵੀ ਇੰਡੀਆ ਆਉਂਦੇ ਹੋ, ਤਾਂ ਆਪਣੇ ਬੱਚਿਆਂ ਨੂੰ ਸ੍ਰੀ ਫ਼ਤਿਹਗੜ੍ਹ ਸਾਹਿਬ ਸ਼ਹੀਦ ਬੱਚਿਆਂ ਦੇ ਅਸਥਾਨਾਂ ਦੇ ਦਰਸ਼ਨ ਜ਼ਰੂਰ ਕਰਵਾ ਕੇ ਲਿਜਾਇਆ ਕਰੋ।

# ਬਰਾਦਰੀ

## ਹਿੰਦੀ ਮਿੰਨੀ ਕਹਾਣੀ

ਮੂਲ : ਡਾ. ਜਵਾਹਰ ਧੀਰ
ਮੂਲ : ਡਾ. ਜਵਾਹਰ ਧੀਰ,
ਪ੍ਰੋਫ਼ੈਸਰ ਕਾਲੋਨੀ, ਬੰਗਾ ਰੋਡ,
ਫਗਵਾੜਾ- 144401
ਪੰਜਾਬ ਮੇਲUSA



ਅਨੁ : ਪ੍ਰੋ. ਨਵ ਸੰਗੀਤ ਸਿੰਘ
1-ਲਤਾ ਗਰੀਨ ਐਨਕਲੇਵ,
ਪਟਿਆਲਾ- 147002
ਪੰਜਾਬ ਮੇਲUSA



ਨਿਧੀ ਨੇ ਆਪਣੇ ਜੀਵਨ ਸਾਥੀ ਦੇ ਰੂਪ ਵਿਚ ਆਪਣੇ ਹੀ ਆਫ਼ਿਸ ਵਿਚ ਕੰਮ ਕਰਦੇ ਕਿਸ਼ੋਰ ਨੂੰ ਚੁਣ ਲਿਆ, ਤਾਂ ਆਪਣੇ ਮਾਤਾ-ਪਿਤਾ ਨੂੰ ਦੱਸ ਦੇਣਾ ਠੀਕ ਸਮਝਿਆ। ਇੱਕ ਦਿਨ ਉਹਨੇ ਆਪਣੀ ਮਾਂ ਨੂੰ ਸਾਰੀ ਗੱਲ ਸਾਫ਼-ਸਾਫ਼ ਦੱਸ ਦਿੱਤੀ। ਮਾਂ ਨੇ ਸੁਣ ਕੇ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ। ਉਹਨੇ ਮਨ ਹੀ ਮਨ ਸੋਚਿਆ ਕਿ ਨਿਧੀ ਨੂੰ ਕੁਝ ਵੀ ਕਹਿਣ ਤੋਂ ਪਹਿਲਾਂ ਉਹ ਉਹਦੇ ਪਾਪਾ ਨੂੰ ਸਾਰੀ ਗੱਲ ਦੱਸੇਗੀ। ਰਾਤੀਂ ਸੌਣ ਤੋਂ ਪਹਿਲਾਂ ਉਹਨੇ ਨਿਧੀ ਵੱਲੋਂ ਮੁੰਡਾ ਪਸੰਦ ਕਰਨ ਦੀ ਗੱਲ ਉਹਦੇ ਪਾਪਾ ਨੂੰ ਦੱਸੀ, ਤਾਂ ਉਨ੍ਹਾਂ ਨੇ ਸਿਰਫ ਇੰਨਾਂ ਹੀ ਪੁੱਛਿਆ, "ਮੁੰਡਾ ਕਿਹੜੀ ਬਰਾਦਰੀ ਦਾ ਹੈ?"

"ਆਪਣੀ ਜਾਤ ਦਾ ਨਹੀਂ ਹੈ", ਜਦੋਂ ਨਿਧੀ ਦੀ ਮਾਂ ਨੇ ਦੱਸਿਆ, ਤਾਂ ਉਹਦੇ ਪਾਪਾ ਕੁਝ ਨਹੀਂ ਬੋਲੇ।

ਅਗਲੇ ਦਿਨ ਛੁੱਟੀ ਹੋਣ ਕਰਕੇ ਨਿਧੀ ਘਰੇ ਹੀ ਸੀ। ਪਾਪਾ ਨੇ ਉਹਨੂੰ ਕੋਲ ਸੱਦਿਆ ਅਤੇ ਸਾਰੀ ਗੱਲ ਪੁੱਛੀ। ਨਿਧੀ ਨੇ ਕਿਸ਼ੋਰ ਦੀ ਪੜ੍ਹਾਈ, ਉਹਦੇ ਮਾਤਾ-ਪਿਤਾ ਅਤੇ ਨੌਕਰੀ ਬਾਰੇ ਦੱਸਿਆ ਤਾਂ ਪਾਪਾ ਬੋਲੇ, "ਬੇਟਾ, ਬਾਕੀ ਸਭ ਤਾਂ ਠੀਕ ਹੈ ਪਰ ਆਪਣੀ ਜਾਤ ਬਰਾਦਰੀ ਨਾ ਹੋਣ ਕਰਕੇ ਵੱਡੀਆਂ ਕੁੜੀਆਂ ਦੇ ਸਹੁਰੇ ਗੱਲਾਂ ਬਣਾਉਣਗੇ।"

ਨਿਧੀ ਨੇ ਪਾਪਾ ਦੀ ਗੱਲ ਸੁਣਦਿਆਂ ਹੀ ਕਹਿ ਦਿੱਤਾ, "ਪਾਪਾ ਜੀ, ਤੁਹਾਡੇ ਦੋਵੇਂ ਜਵਾਈਆਂ ਵਿਚ ਅਜਿਹਾ ਕਿਹੜਾ ਗੁਣ ਹੈ, ਜੀਹਦੇ ਕਰਕੇ ਸਾਡਾ ਨੱਕ ਨਾ ਕੱਟਿਆ ਹੋਵੇ! ਇੱਕ ਘੱਟ ਪੜ੍ਹਿਆ ਛੋਟਾ ਦੁਕਾਨਦਾਰ ਹੈ ਤੇ ਦੂਜਾ ਪੜ੍ਹਿਆ-ਲਿਖਿਆ ਨਿਕੰਮਾ ਸ਼ਰਾਬੀ। ਇਨ੍ਹਾਂ ਦੋਹਾਂ ਦੀ ਪ੍ਰੇਸ਼ਾਨੀ ਕਾਰਨ ਹੀ ਤਾਂ ਤੁਸੀਂ ਘੁੱਟ-ਘੁੱਟ ਕੇ ਬੁਢਾਪਾ ਕੱਟ ਰਹੇ ਹੋ! ਤੁਸੀਂ ਮੇਰੇ ਲਈ ਜਾਤ ਬਰਾਦਰੀ ਦੀ ਚਿੰਤਾ ਨਾ ਕਰੋ। ਕਿਸ਼ੋਰ ਪੜ੍ਹਿਆ-ਲਿਖਿਆ ਹੈ, ਮੇਰੇ ਬਰਾਬਰ ਦਾ ਅਫ਼ਸਰ ਹੈ। ਨੌਕਰੀ ਵਾਲਿਆਂ ਦੀ ਇਹੋ ਬਰਾਦਰੀ ਹੁੰਦੀ ਹੈ, ਪਾਪਾ!"

ਬੇਟੀ ਦੀ ਗੱਲ ਸੁਣਦੇ ਹੀ ਉਹ ਬੋਲੇ, "ਠੀਕ ਹੈ ਬੇਟਾ, ਤੂੰ ਕਿਸ਼ੋਰ ਨਾਲ ਮੈਨੂੰ ਮਿਲਵਾ, ਮੈਨੂੰ ਪਰਵਾਨ ਹੈ।"

## 22 ਦਸੰਬਰ ਨੂੰ ਬਰਸੀ 'ਤੇ ਵਿਸ਼ੇਸ਼

# ਮੁਹੱਬਤ ਦਾ ਭਰ ਵਗਦਾ ਦਰਿਆ ਸੀ ਬਾਪੂ ਜੱਸੋਵਾਲ



ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ ਅਤੇ ਕਲਾਕਾਰਾਂ ਦੇ ਬਾਪੂ ਸ. ਜਗਦੇਵ ਸਿੰਘ ਜੱਸੋਵਾਲ 22 ਦਸੰਬਰ 2014 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਜਿਸ ਇਨਸਾਨ ਨੇ ਉਨ੍ਹਾਂ ਦੀ ਸੰਗਤ ਕੀਤੀ, ਉਹ ਉਨ੍ਹਾਂ ਦੀ ਚੁੰਬਕੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹਿ ਸਕਿਆ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਕਾਨੂੰਨੀ ਡਿਗਰੀ ਹਾਸਲ ਕਰਕੇ ਅਧਿਆਪਨ ਦੀਆਂ ਮਾਸਟਰ ਡਿਗਰੀਆ ਤੋਂ ਇਲਾਵਾ ਆਪ ਨੇ ਹਰ ਖੇਤਰ ਵਿਚ ਬਰਾਬਰ ਮਾਣ-ਸਨਮਾਨ ਹਾਸਲ ਕੀਤਾ। ਉਹ ਬਜ਼ੁਰਗਾਂ ਵਿਚ ਬਜ਼ੁਰਗ, ਬੱਚਿਆਂ ਨਾਲ ਬੱਚੇ, ਜੁਆਨਾਂ ਨਾਲ ਜੁਆਨ ਬਣ ਜਾਂਦੇ। ਜਦੋਂ ਕਦੀ ਵਿਦਵਾਨਾਂ ਵਿਚ ਬੈਠਦੇ, ਤਾਂ ਉਨ੍ਹਾਂ ਦੀ ਵਿਦਵਤਾ ਦੇ ਦੀਵਾਨਾਂ ਹੋਏ ਬਗੈਰ ਕੋਈ ਨਾ ਰਹਿ ਸਕਦਾ। ਮੇਰੀ ਉਨ੍ਹਾਂ ਨਾਲ ਪਹਿਲੀ ਮੁਲਾਕਾਤ ਐੱਸ. ਅਸ਼ੋਕ ਭੌਰਾ ਰਾਹੀਂ ਮਾਹਿਲਪੁਰ ਦੇ ਢਾਡੀ ਅਮਰ ਸਿੰਘ ਸ਼ੌਕੀ ਮੇਲੇ 'ਚ 29 ਜਨਵਰੀ 1989 ਨੂੰ ਹੋਈ ਸੀ। ਬਸ ਬਾਅਦ ਵਿਚ ਅਸੀਂ ਨਿਰੰਤਰ ਸਾਹਿਤਕ ਸੱਭਿਆਚਾਰਕ, ਵਿੱਦਿਅਕ ਅਤੇ ਹੋਰ ਕਈ ਤਰ੍ਹਾਂ ਦੇ ਸਮਾਜਿਕ ਇਕੱਠਾਂ ਵਿਚ ਵਿਚਰਦੇ ਰਹੇ। ਮੈਨੂੰ 1990 ਦਾ ਉਹ ਵੇਲਾ ਅੱਜ ਵੀ ਯਾਦ ਹੈ, ਜਦੋਂ ਪ੍ਰੋ. ਮੋਹਨ ਸਿੰਘ ਮੇਲੇ ਦੇ ਪ੍ਰਬੰਧਾਂ ਲਈ ਉਹ ਮੈਨੂੰ ਲੈਣ ਵਾਸਤੇ ਪਿੰਡ ਮਹਿਮਦੂਵਾਲ ਕਲਾਂ ਸਾਡੇ ਘਰ ਪੁੱਜੇ ਸਨ। ਜਦੋਂ ਮੇਰੇ ਮਾਤਾ ਜੀ ਉਨ੍ਹਾਂ ਨੂੰ ਬੁਲਾਉਣ ਕਮਰੇ ਵਿਚ ਆਏ, ਤਾਂ ਉਨ੍ਹਾਂ ਖੜ੍ਹੇ ਹੋ ਕੇ ਫਤਿਹ ਬੁਲਾਈ ਅਤੇ ਮੇਰੇ ਵਰਗੇ ਪੱਤਰ ਦੀ ਵਧਾਈ ਦਿੱਤੀ। ਅਜਿਹਾ ਦਰਿਆਦਿਲ ਸੀ ਉਹ ਇਨਸਾਨ। ਫਿਰ ਮੈਂ ਪੂਰੇ ਦੋ ਮਹੀਨੇ ਉਨ੍ਹਾਂ ਨਾਲ ਕਾਰਜ ਕੀਤਾ। ਅਸੀਂ ਸਾਰਾ ਦਿਨ ਦਫਤਰਾਂ ਵਿਚ ਵੰਨ-ਸੁਵੰਨੇ ਲੋਕਾਂ ਨੂੰ ਮਿਲਦੇ। ਉਹ ਕਦੀ ਨਾ ਥੱਕਦੇ। ਇਸ ਅਣਥੱਕ ਯੋਧੇ ਦੁਆਰਾ ਪੰਜਾਬੀ ਸੱਭਿਆਚਾਰ ਦੀ ਸਾਂਭ-ਸੰਭਾਲ ਲਈ ਕੀਤੇ ਉਪਰਾਲੇ ਸਦਾ ਯਾਦ ਰਹਿਣਗੇ।

ਸ. ਜਗਦੇਵ ਸਿੰਘ ਜੱਸੋਵਾਲ ਦਾ ਜਨਮ 30 ਅਪ੍ਰੈਲ, 1935 ਨੂੰ ਸ. ਕਰਤਾਰ ਸਿੰਘ ਗਰੇਵਾਲ ਦੇ ਘਰ, ਮਾਤਾ ਅਮਰ ਕੌਰ ਦੀ ਕੁੱਖੋਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਜੱਸੋਵਾਲ ਸੂਦਾਂ ਵਿਖੇ ਹੋਇਆ। ਆਪ ਦੇ ਦੋ ਲੜਕੇ ਸੁਖਜਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਹਨ। 1967 ਵਿਚ ਜਸਟਿਸ ਗੁਰਨਾਮ ਸਿੰਘ ਮੁੱਖ ਮੰਤਰੀ ਪੰਜਾਬ ਦੇ ਉਹ ਰਾਜਸੀ ਸਲਾਹਕਾਰ ਬਣੇ। ਪਰ ਆਪ ਨੂੰ ਸਿਆਸਤ ਰਾਸ ਨਾ ਆਈ ਕਿਉਂਕਿ ਉਹ ਸਿਆਸੀ ਚਾਲਾਂ ਨਹੀਂ ਸਨ ਜਾਣਦੇ। ਇਕ ਇਨਸਾਨ ਵਾਂਗ ਇਨਸਾਨੀਅਤ ਦੇ ਅਲੰਬਰਦਾਰ ਬਣਕੇ ਕਾਰਜ ਕਰਨਾ ਚਾਹੁੰਦੇ ਸਨ। 1978 ਵਿਚ ਲੁਧਿਆਣਾ ਦੇ ਪੰਜਾਬੀ ਭਵਨ ਵਿਚ 19, 20 ਤੇ 21 ਅਕਤੂਬਰ ਨੂੰ ਪ੍ਰੋ. ਮੋਹਨ ਸਿੰਘ ਮੇਲੇ ਦਾ ਆਰੰਭ ਕਰਕੇ ਪੂਰੇ ਵਿਸ਼ਵ ਨੂੰ ਪੰਜਾਬੀ ਵਿਰਾਸਤ ਨਾਲ ਜੋੜਨਾ ਆਰੰਭਿਆ। ਉਨ੍ਹਾਂ ਕਦੀ ਵੀ ਸ਼ਾਨੋ-ਸ਼ੌਕਤ ਦੇ ਜੀਵਨ ਨੂੰ ਤਰਜੀਹ ਨਹੀਂ ਦਿੱਤੀ। ਇਕ ਸਾਧਾਰਣ ਤਖਤਪੋਸ਼ 'ਤੇ ਲੱਗਾ ਆਸਣ ਕਿਸੇ ਵੱਡੇ ਸਾਧ ਦਾ ਝਲਕਾਰਾ ਪਾਉਂਦਾ। ਉਨ੍ਹਾਂ ਪਾਸ ਜੋ ਵੀ ਹੁੰਦਾ, ਉਹ ਝੱਟ ਅਗਲੇ ਨੂੰ ਦੇ ਦਿੰਦੇ। ਕਦੀ ਲਾਲਚ ਨਹੀਂ ਕੀਤਾ, ਸਗੋਂ ਹਰ ਪਿੰਡ ਵਿਚੋਂ ਕਲਾਕਾਰਾਂ ਨੂੰ ਲੱਭਦੇ ਰਹਿੰਦੇ। ਅਨੇਕਾਂ ਕਲਾਕਾਰ ਉਨ੍ਹਾਂ ਦੀ ਸਰਪ੍ਰਸਤੀ ਨਾਲ ਸਫ਼ਲਤਾ ਦੀਆਂ ਪੌੜੀਆਂ ਚੜ੍ਹੇ। ਉਹ ਤਾਂ ਰੂੜੀਆਂ ਦੇ ਲਾਲ ਲੱਭਣ ਵਾਲੇ ਸਨ। ਹਰ ਕਿਸੇ ਦਾ ਸਹਾਇਤਾ ਕਰਕੇ ਉਨ੍ਹਾਂ ਨੂੰ ਭਰਪੂਰ ਅਨੰਦ ਮਿਲਦਾ।

ਜਦੋਂ ਪ੍ਰੋ. ਮੋਹਨ ਸਿੰਘ ਮੇਲੇ ਦਾ ਕਾਰਜ ਮੁੱਕਿਆ, ਤਾਂ ਉਹ ਮੈਨੂੰ ਪੰਜਾਬ ਦੇ ਰਾਜਪਾਲ ਸ਼੍ਰੀ ਸੁਰਿੰਦਰ ਨਾਥ ਦੇ ਘਰ ਰਾਜ ਭਵਨ ਚੰਡੀਗੜ੍ਹ ਲੈ ਗਏ। ਜਦੋਂ ਉਨ੍ਹਾਂ ਗਵਰਨਰ ਨੂੰ ਮੇਰੀ ਨੌਕਰੀ ਦੀ ਸਿਫਾਰਸ਼ ਕੀਤੀ, ਤਾਂ ਮੈਂ ਗੱਦ-ਗੱਦ ਹੋ ਗਿਆ। ਪਤਾ ਨਹੀਂ ਮੇਰੇ ਵਰਗੇ ਕਿੰਨੇ ਕੁ ਨੌਜਵਾਨਾਂ ਨੂੰ ਉਨ੍ਹਾਂ ਮੰਜ਼ਿਲਾਂ 'ਤੇ ਪਹੁੰਚਾਇਆ। ਇਕ ਵਾਰ ਕਹਿੰਦੇ, 'ਮਾਨ ਦੇਖ ਮੇਰੀ ਕਮਾਈ। ਆਹ ਬੈਂਕ ਦੀ ਕਾਪੀ ਹੈ, ਜਿਸ ਵਿਚ ਕੁੱਝ ਨਹੀਂ ਤੇ ਉੱਪਰ ਛੱਤ ਹੈ ਬਾਲਿਆਂ ਦੀ, ਪਰ ਮੈਂ ਫਿਰ ਵੀ ਪ੍ਰਸੰਨ ਹਾਂ, ਲੋਕ ਪਤਾ ਨਹੀਂ ਕਿਉਂ ਲੁੱਟ ਮਚਾਈ ਜਾ ਰਹੇ ਨੇ'। ਬਾਪੂ ਦੀਆਂ ਗੱਲਾਂ ਦੀਆਂ ਸਿਖਰਾਂ ਅਤੇ ਡੂੰਘਾਈਆਂ ਨੂੰ ਮਾਪਣਾ ਹਰ ਕਿਸੇ ਦੇ ਵਸ ਦੀ ਗੱਲ ਨਹੀਂ ਸੀ। 1990 ਦੇ ਦਹਾਕੇ ਵਿਚ ਮੈਂ ਦੁਆਬੇ ਵਿਚ ਪੱਤਰਕਾਰੀ ਵਿਚ ਬੜਾ ਸਰਗਰਮ ਸੀ। ਉਹ ਜਦੋਂ ਵੀ ਘਰ ਆਏ ਕਲਾਕਾਰ ਜਾਂ ਕਿਸੇ ਵੱਡੇ ਅਧਿਕਾਰੀ ਨੂੰ ਮੇਰੀ ਜਾਣਕਾਰੀ ਦਿੰਦੇ, ਤਾਂ ਇੰਜ ਆਖਦੇ, 'ਇਹ ਦੁਆਬੇ ਦਾ ਮਸ਼ਹੂਰ ਪੱਤਰਕਾਰ ਬਲਜਿੰਦਰ ਮਾਨ ਹੈ, ਜਿਸਦੀ ਲਿਖਤ ਤੋਂ ਬਿਨ੍ਹਾਂ ਕੋਈ ਅਖਬਾਰ ਨੀ ਛਪਦਾ'। ਬਸ ਫਿਰ ਸੁਣਨ ਵਾਲਾ ਮਾਨ ਦਾ ਦੀਵਾਨਾ ਹੋ ਜਾਂਦਾ। ਇਹ ਕਲਾ ਨੂੰ ਉਤਸ਼ਾਹਿਤ ਕਰਨ ਦਾ ਉਨ੍ਹਾਂ ਦਾ ਅਨੋਖਾ ਤਰੀਕਾ ਸੀ।

ਉਨ੍ਹਾਂ ਦੀ ਬਦੌਲਤ ਮਾਹਿਲਪੁਰ ਦੀ ਧਰਤੀ 'ਤੇ (ਬਲਜਿੰਦਰ ਮਾਨ ਤੇ ਐੱਸ. ਅਸ਼ੋਕ ਭੌਰਾ ਦੁਆਰਾ) ਸ਼ੁਰੂ ਹੋਇਆ ਸੱਭਿਆਚਾਰਕ ਮੇਲਾ ਉਨ੍ਹਾਂ ਦੀ ਸਲਾਹ ਨਾਲ ਢਾਡੀ ਅਮਰ ਸਿੰਘ ਸ਼ੌਕੀ ਨੂੰ ਅਰਪਿਤ ਕੀਤਾ ਗਿਆ ਸੀ। ਇਸ ਮੇਲੇ ਤੋਂ ਪ੍ਰਭਾਵਿਤ ਹੋ ਕੇ ਦੁਆਬੇ ਵਿਚ ਗੁਰਮੀਤ ਖਾਨਪੁਰੀ ਦੁਆਰਾ ਸਲਾਮਤ ਅਲੀ ਨਜ਼ਾਕਤ ਅਲੀ ਯਾਦਗਾਰੀ ਮੇਲਾ ਸ਼ਾਮਚੁਰਾਸੀ ਵਿਖੇ ਆਰੰਭਿਆ ਗਿਆ। ਉਹ ਜਿਥੇ ਵੀ ਜਾਂਦੇ, ਉਥੇ ਮੇਲਾ ਲੱਗ ਜਾਂਦਾ। ਹਰ ਪਲ ਉਨ੍ਹਾਂ ਨਾਲ ਦੋ-ਚਾਰ ਕਲਾਕਾਰ ਅਕਸਰ ਹੁੰਦੇ। ਬਾਪੂ ਜੱਸੋਵਾਲ ਨੇ ਕਦੀ ਵੀ ਕਿਸੇ ਕੰਮ ਨੂੰ ਮਾੜਾ ਨਹੀਂ ਸਮਝਿਆ। ਹਰ ਕਿਸੇ ਨੂੰ ਤਰੱਕੀ ਕਰਦਾ ਦੇਖਕੇ ਬਹੁਤ ਪ੍ਰਸੰਨ ਹੁੰਦੇ। ਇਕ ਵਾਰ ਮਾਹਿਲਪੁਰ ਦੀ ਇਕ ਪ੍ਰਿੰਟਿੰਗ ਪ੍ਰੈੱਸ ਵਿਚ ਮੇਲੇ ਦੇ ਕਾਰਡ ਛਪ ਰਹੇ ਸਨ। ਜਦ ਪਰੂਫ ਦੇਖਣ ਲਈ ਪ੍ਰੈੱਸ 'ਤੇ ਪੁੱਜੇ, ਤਾਂ ਅਸੀਂ ਸਭ ਹੈਰਾਨ ਹੋ ਗਏ, ਜਦੋਂ ਉਨ੍ਹਾਂ ਕਿਹਾ ਝਾੜੂ ਲਿਆਓ। ਜਦੋਂ ਨਿੰਦਰ ਘੁਗਿਆਣਵੀ ਨੇ ਝਾੜੂ ਫੜਾਇਆ, ਤਾਂ ਉਹ ਪ੍ਰੈੱਸ ਮਾਲਕ ਦੇ ਸਿਰ 'ਤੇ ਛੱਤ ਨਾਲ ਲੱਗੇ ਜਾਲੇ ਉਤਾਰਨ ਲੱਗ ਪਏ। ਦੁਕਾਨ ਮਾਲਕ ਉਨ੍ਹਾਂ ਅੱਗੇ ਹੱਥ ਜੋੜਨ ਲੱਗਾ। ਬਾਪੂ ਜੀ ਕਹਿਣ ਲੱਗੇ 'ਭਾਈ ਤੈਨੂੰ ਇਥੋਂ ਰੋਟੀ ਮਿਲਦੀ ਹੈ ਤੇ ਤੂੰ ਸਫਾਈ ਵੀ ਨਹੀਂ ਕਰਦਾ'। ਬਸ ਤੁਸੀਂ ਅੰਦਾਜ਼ਾ ਲਾ ਸਕਦੇ



ਹੋ ਕਿ ਉਸ ਵੇਲੇ ਉਸ ਦੁਕਾਨਦਾਰ ਦੀ ਹਾਲ ਕੀ ਹੋਇਆ ਹੋਵੇਗਾ। ਉਹ ਕਦੀ ਕਿਸੇ ਦਾ ਵਿਰੋਧ ਕਰਨ ਲਈ ਤਿਆਰ ਨਾ ਹੁੰਦੇ, ਸਗੋਂ ਨਵੇਂ ਰਾਹ ਤਲਾਸ਼ਣ ਦੀ ਸਲਾਹ ਦਿੰਦੇ। ਜਦੋਂ ਮਾਹਿਲਪੁਰ ਦਾ ਸ਼ੌਕੀ ਮੇਲਾ ਬੰਦ ਕੀਤਾ ਗਿਆ, ਤਾਂ ਉਨ੍ਹਾਂ ਮੈਨੂੰ ਕਿਹਾ 'ਮਾਨ ਕੰਮ ਕਰਨ ਵਾਲਿਆਂ ਲਈ ਬਹੁਤ ਮੌਕੇ ਹੁੰਦੇ ਨੇ। ਪਾਣੀ ਅੱਗੇ ਜੇਕਰ ਇਕ ਪਾਸੇ ਨੱਕਾ ਲਾ ਦੇਵੋ, ਤਾਂ ਉਹ ਦੂਜੇ ਪਾਸੇ ਰਾਹ ਬਣਾ ਲੈਂਦਾ ਹੈ। ਬਸ ਪਾਣੀ ਵਗਦਾ ਰਹੇ ਤਾਂ ਨਿਰਮਲ ਰਹਿੰਦਾ ਹੈ'।

ਮੈਨੂੰ ਬਾਪੂ ਜੀ ਦੀ ਮਾਤਾ ਅਮਰ ਕੌਰ ਜੀ ਦੀ ਸੰਗਤ ਮਾਣਨ ਦਾ ਸੁਭਾਗ ਵੀ ਮਿਲਿਆ। ਜਦੋਂ ਅਸੀਂ ਸਵੇਰੇ ਤੁਰਦੇ ਤਾਂ ਉਹ ਮਾਤਾ ਜੀ ਦੇ ਕਮਰੇ ਵਿਚ ਜਾ ਕੇ ਮੱਥਾ ਟੇਕਦੇ ਤੇ ਸ਼ਾਮ ਨੂੰ ਵਾਪਸੀ 'ਤੇ ਸਭ ਤੋਂ ਪਹਿਲਾਂ ਮਾਤਾ ਜੀ ਨੂੰ ਹੀ ਮਿਲਦੇ। ਉਨ੍ਹਾਂ ਦੀ ਧਰਮ ਪਤਨੀ ਬੀਬੀ ਸੁਰਜੀਤ ਕੌਰ ਨੂੰ ਪੱਛਿਆ ਕਿ ਬੀਬੀ ਬਾਪੂ ਜੀ ਕੀ ਬਣਦੇ, ਤਾਂ ਤੁਸੀਂ ਖੁਸ਼ ਹੁੰਦੇ। ਉਹ ਆਖਦੇ 'ਮੈਂ ਤਦ ਖੁਸ਼ ਹੁੰਦੀ ਜੇ ਇਹ ਜੱਜ ਬਣਦੇ'। ਮੈਂ ਕਿਹਾ, ਬੀਬੀ ਜੀ ਉਹ ਅਦਾਲਤੀ ਜੱਜ ਤਾਂ ਨਹੀਂ ਬਣੇ ਪਰ ਮਨੁੱਖਾਂ ਦੀ ਪਰਖ ਕਰਨ ਵਾਲੇ ਜੱਜ ਜ਼ਰੂਰ ਬਣੇ ਹਨ। ਇੰਜ ਜੱਸੋਵਾਲ ਜੀ ਦੀ ਹਰ ਗਤੀਵਿਧੀ ਵਿਚ ਇਕ ਮਹਾਨਤਾ ਹੁੰਦੀ। ਇਕ ਵਾਰ ਬਾਪੂ ਜੀ ਨੇ ਕਿਹਾ 'ਮਾਨ ਪੰਜਾਬ ਦੇ ਬਾਰ੍ਹਾਂ ਹਜ਼ਾਰ ਤੋਂ ਵੱਧ ਪਿੰਡ ਹਨ। ਮੈਂ ਹਰ ਪਿੰਡ ਵਿਚ ਬਰਾਤੀ ਬਣਕੇ ਭੋਗ ਜਾਂ ਕਿਸੇ ਹੋਰ ਸਮਾਗਮ ਵਿਚ ਜ਼ਰੂਰ ਪੁੱਜਾ ਹਾਂ'। ਪ੍ਰੋ. ਗੁਰਭਜਨ ਗਿੱਲ, ਪਰਗਟ ਸਿੰਘ ਗਰੇਵਾਲ, ਡਾ. ਨਿਰਮਲ ਜੌੜਾ ਉਨ੍ਹਾਂ ਦੇ ਚੌਵੀ ਘੰਟੇ ਦੇ ਸੰਗੀ ਸਾਥੀਆਂ ਵਿਚ ਰਹੇ। ਉਨ੍ਹਾਂ ਨੇ ਮੁਹੱਬਤ ਦੇ ਛੱਟੇ ਪੂਰੀ ਦੁਨੀਆਂ ਵਿਚ ਦਿੱਤੇ।

ਬਾਪੂ ਜੱਸੋਵਾਲ ਨੂੰ ਕੋਈ ਮੇਲਿਆ

-ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ,
ਕਰੂੰਬਲਾਂ ਭਵਨ ਮਾਹਿਲਪੁਰ,
ਜ਼ਿਲ੍ਹਾ:ਹੁਸਿਆਰਪੁਰ
146105
98150-18947



ਪੰਜਾਬ ਮੇਲ USA

ਵਾਲਾ ਜੱਸੋਵਾਲ ਆਖਦਾ, ਕੋਈ ਕਲਾਕਾਰਾਂ ਦਾ ਮਸੀਹਾ ਤੇ ਕੋਈ ਪੰਜਾਬੀ ਸੱਭਿਆਚਾਰ ਬਾਬਾ ਬੋਹੜ। ਜਿਥੇ ਕਿਤੇ ਵੀ ਕੋਈ ਮੇਲਾ ਲੱਗਦਾ, ਉਹ ਝੱਟ ਉਥੇ ਕਲਾਕਾਰ ਦੀ ਟੋਲੀ ਲੈ ਕੇ ਪੁੱਜ ਜਾਂਦੇ। ਰਵਿੰਦਰ ਗਰੇਵਾਲ ਅਤੇ ਨਿੰਦਰ ਘੁਗਿਆਣਵੀਂ ਨੂੰ ਦਸਵੀਂ ਵਿਚ ਪੜ੍ਹਦਿਆਂ ਨੂੰ ਮਾਹਿਲਪੁਰ ਦੀਆਂ ਸੱਭਿਆਚਾਰਕ ਸਰਗਰਮੀਆਂ ਨਾਲ ਜੋੜ ਦਿੱਤਾ। ਉਹ ਅਕਸਰ ਆਖਦੇ ਕਿ ਸੱਭਿਆਚਾਰ ਅਤੇ ਸਾਹਿਤ ਦੀ ਤਰੱਕੀ ਲਈ ਹਰ ਕਿਸੇ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਸਾਹਿਤਕਾਰਾਂ ਕੋਲ ਕਲਮ ਹੈ। ਕਲਾਕਾਰਾਂ ਕੋਲ ਕਲਾ ਤੇ ਅਮੀਰਾਂ ਕੋਲ ਪੈਸਾ। ਇਸ ਲਈ ਸਭ ਨੂੰ ਆਪੋ ਆਪਣਾ ਹਿੱਸਾ ਪਾ ਕੇ ਪੰਜਾਬੀਅਤ ਦੇ ਵਿਕਾਸ ਲਈ ਕੰਮ ਕਰਨਾ ਚਾਹੀਦਾ ਹੈ। ਅੱਤਵਾਦ ਦੇ ਸਮੇਂ ਵਿਚ ਉਹ ਇਕੱਲੇ ਯੋਧੇ ਸਨ, ਜੋ ਪੰਜਾਬ ਵਿਚ ਏਕਤਾ ਦੀ ਜੋਤ ਜਗਾ ਕੇ ਪਿੰਡ-ਪਿੰਡ ਮੇਲੇ ਲਾ ਰਹੇ ਸਨ। ਪੰਜਾਬ ਦੇ ਹਰ ਕੋਨੇ ਵਿਚ ਮੇਲਿਆਂ ਦੇ ਇਕੱਠਾਂ ਵਿਚ ਹਰ ਧਰਮ, ਜਾਤ ਤੇ ਵਰਗ ਦੇ ਲੋਕ ਸ਼ਾਮਲ ਹੁੰਦੇ, ਤਾਂ ਉਹ ਆਖਦੇ ਕਿ ਮੇਲੇ ਵਿਚ ਪਾਰਟੀਆਂ ਜਾਤਾਂ ਤੇ ਧਰਮਾਂ ਦੇ ਚੋਗੇ ਬਾਹਰ ਲਾ ਕੇ ਮੇਲੀ ਬਣਕੇ ਆਉ।

ਉਹ ਹਰ ਕਿਸੇ ਨੂੰ ਦਿਲੋਂ ਮੁਹੱਬਤ ਕਰਦੇ। ਅਸਲ ਵਿਚ ਉਹ ਮੁਹੱਬਤ ਦਾ ਇਕ ਭਰ ਵਗਦਾ ਦਰਿਆ ਸੀ। ਇਸ ਦਰਿਆ ਨੇ ਆਪਣੇ ਸ਼ੀਤਲ ਜਲ ਨਾਲ ਪੰਜਾਬੀ ਸੱਭਿਆਚਾਰ ਦੇ ਬੂਟੇ ਨੂੰ ਹਰਿਆ-ਭਰਿਆ ਰੱਖਣ ਲਈ ਆਪਣੇ ਜੀਵਨ ਦਾ ਹਰ ਪਲ ਲਾਇਆ। 14 ਨਵੰਬਰ 1995 ਨੂੰ ਜਦੋਂ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦਾ ਲੋਕ ਅਰਪਣ ਸਮਾਗਮ ਕੀਤਾ ਗਿਆ, ਤਾਂ ਉਨ੍ਹਾਂ ਬਾਲ ਸਾਹਿਤ ਦੀ ਮਹਾਨਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਸਾਨੂੰ ਆਪਣੀ ਜੜ੍ਹਾਂ ਦੀ ਪਾਲਣ-ਪੋਸ਼ਣ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ, ਤਾਂ ਕਿ ਸਾਡੇ ਭਵਿੱਖ ਦਾ ਰੁੱਖ ਸੰਘਣੀ ਛਾਂ ਦੇ ਸਕੇ। ਉਹ ਹਰ ਵਿਸ਼ੇ 'ਤੇ ਗੰਭੀਰਤਾ ਨਾਲ ਆਪਣੀ ਗੱਲ ਕਹਿ ਜਾਂਦੇ ਸਨ। ਰਾਸ਼ਟਰੀ ਤੇ ਅੰਤਰ ਰਾਸ਼ਟਰੀ ਸੈਮੀਨਾਰਾਂ ਅਤੇ ਮੇਲਿਆਂ ਵਿਚ ਉਨ੍ਹਾਂ ਦੀਆਂ ਕਹੀਆਂ ਗੱਲਾਂ ਇਤਿਹਾਸਕ ਤੱਥ ਹਨ। ਬਾਪੂ ਜੀ ਨੇ ਆਖਰੀ ਸਾਹ ਲੈਣ ਤੋਂ ਪਹਿਲਾਂ ਵੀ ਪੰਜਾਬ ਨੂੰ ਨਸ਼ਿਆਂ ਤੋਂ ਬਚਾਉਣ ਦੀ ਅਪੀਲ ਕੀਤੀ ਸੀ। ਇੰਜ ਉਨ੍ਹਾਂ ਦੀ ਖੂਨ ਦੇ ਹਰ ਜਰ੍ਹੇ ਵਿਚ ਪੰਜਾਬ ਤੇ ਪੰਜਾਬੀਅਤ ਰਚੀ ਹੋਈ ਸੀ। ਜੇਕਰ ਅੱਜ ਪੂਰੇ ਪੰਜਾਬ ਵਿਚ ਨਜ਼ਰ ਮਾਰੀਏ, ਤਾਂ ਉਨ੍ਹਾਂ ਦੇ ਕਦ ਬੁੱਤ ਵਾਲਾ ਵਿਅਕਤੀ ਨਜ਼ਰ ਨਹੀਂ ਆਉਂਦਾ। ਤਿਆਗ ਕਰਨਾ ਹਰ ਕਿਸੇ ਦੇ ਵਸ ਵਿਚ ਨਹੀਂ ਹੁੰਦਾ। ਉਹ ਸਭ ਕੁਝ ਤਿਆਗ ਕੇ ਪੰਜਾਬੀ ਸੱਭਿਆਚਾਰ ਦੀ ਸਾਂਭ-ਸੰਭਾਲ ਅਤੇ ਇਸਦੀ ਪ੍ਰਫੁੱਲਤਾ ਵਿਚ ਜੁਟੇ ਰਹੇ। ਘਰ ਦੀ ਕਦੀ ਪ੍ਰਵਾਹ ਨਹੀਂ ਕੀਤੀ। ਬਸ ਇਸ ਦੇਸ਼ ਕੌਮ ਦੀ ਬੁਲੰਦੀ ਲਈ ਚੜ੍ਹਦੀ ਕਲਾ ਵਿਚ ਰਹਿ ਕੇ ਕਾਰਜਸ਼ੀਲ ਰਹੇ। ਉਨ੍ਹਾਂ ਵਲੋਂ ਸਿਰਜੀ ਅਮੀਰ ਵਿਰਾਸਤ ਨੂੰ ਸੰਭਾਲਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਸਭ ਨਾਲ ਮੁਹੱਬਤ ਤੇ ਸਭ ਨੂੰ ਇਕੋ ਜਿਹਾ ਸਤਿਕਾਰ ਦੇਣ ਵਾਲਾ ਅੱਜ ਕਿੱਥੋਂ ਲੱਭੀਏ?

# ਤਬਲੇ ਦੀ ਅਵਾਜ਼ ਨੂੰ ਦੁਨੀਆਂ ਵਿਚ ਬਿਖੇਰਨ ਵਾਲੇ ਪੰਜਾਬ ਘਰਾਣੇ ਦੇ ਮਹਾਨ ਉਸਤਾਦ ਜ਼ਾਕਿਰ ਹੁਸੈਨ ਖ਼ਾਨ

-ਇਕਵਾਕ ਸਿੰਘ ਪੱਟੀ
ਐੱਮ.ਏ. (ਤਬਲਾ)
ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਸਾਹਿਬ।
ਮੋ. 9478767620
ਪੰਜਾਬ ਮੇਲ USA



ਪੰਜਾਬ ਘਰਾਣੇ ਦੇ ਤਬਲਾ ਵਾਦਨ ਨੂੰ ਪੂਰੀ ਦੁਨੀਆਂ ਵਿਚ ਪਛਾਣ ਦਿਵਾਉਣ ਵਾਲੇ ਵਰਤਮਾਨ ਸਮੇਂ ਵਿਚ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਉਸਤਾਦ ਅੱਲਾ ਰੱਖਾ ਖ਼ਾਨ ਸਾਹਿਬ ਦੇ ਬੇਟੇ ਉਸਤਾਦ ਜ਼ਾਕਿਰ ਹੁਸੈਨ ਹਰ ਤਬਲਾ ਵਾਦਕ ਅਤੇ ਸੰਗੀਤ ਪ੍ਰੇਮੀ ਦੇ ਦਿਲ ਉੱਤੇ ਛਾਏ ਹੋਏ ਹਨ।

ਉਸਤਾਦ ਜ਼ਾਕਿਰ ਹੁਸੈਨ ਜੀ ਦਾ ਜਨਮ ਪੰਜਾਬ ਘਰਾਣੇ ਦੇ ਖ਼ਲੀਫ਼ਾ ਮੰਨੇ ਜਾਂਦੇ ਉਸਤਾਦ ਅੱਲਾ ਰੱਖਾ ਖ਼ਾਨ ਸਾਹਬ ਦੇ ਘਰ ਮਾਂ ਬਾਵੀ ਬੇਗ਼ਮ ਦੀ ਕੁੱਖੋਂ 9 ਮਾਰਚ 1951 ਨੂੰ ਮੁੰਬਈ ਵਿਖੇ ਹੋਇਆ ਸੀ। ਪੰਜਾਬ ਘਰਾਣੇ ਦਾ ਤਬਲਾ ਅਤੇ ਉਸਤਾਦ ਅੱਲਾ ਰੱਖਾ ਖਾਨ ਸਾਹਿਬ ਦਾ ਆਪਣਾ ਬਣਾਇਆ ਹੋਇਆ ਤਬਲਾ, ਉਨ੍ਹਾਂ ਦੀਆਂ ਆਪਣੀਆਂ ਸਿਰਜੀਆਂ ਹੋਈਆਂ ਰਚਨਾਵਾਂ, ਵਾਦਨ ਸ਼ੈਲੀ ਆਦਿ ਸਭ ਕੁੱਝ ਉਸਤਾਦ ਜ਼ਾਕਿਰ ਹੁਸੈਨ ਜੀ ਨੂੰ ਬਚਪਨ ਤੋਂ ਹੀ ਆਪਣੇ ਪਿਤਾ ਜੀ ਕੋਲੋਂ ਪ੍ਰਾਪਤ ਹੋਇਆ। ਕਰੀਬ ਪੰਜ ਸਾਲ ਦੀ ਉਮਰ ਵਿਚ ਹੀ ਆਪ ਜੀ ਨੂੰ ਪਿਤਾ ਵੱਲੋਂ ਤਬਲਾ ਵਾਦਨ ਦੀ ਸਿੱਖਿਆ ਮਿਲਣੀ ਆਰੰਭ ਹੋ ਗਈ ਸੀ ਅਤੇ ਸਕੂਲ ਦੀ ਪੜ੍ਹਾਈ ਵੀ ਨਾਲ-ਨਾਲ ਚੱਲਦੀ ਰਹੀ। ਬਾਰ੍ਹਾਂ ਵਰ੍ਹਿਆਂ ਦੀ ਉਮਰ ਵਿਚ ਹੀ ਆਪ ਜੀ ਨੇ ਸੰਗੀਤ ਦੀ ਦੁਨੀਆਂ ਵਿਚ ਆਪਣੇ ਤਬਲਾ ਵਾਦਨ ਨਾਲ ਸਰੋਤਿਆਂ ਅਤੇ ਉਸਤਾਦਾਂ ਨੂੰ ਹੈਰਾਨ ਕਰਨਾ ਸ਼ੁਰੂ ਕਰ ਦਿੱਤਾ ਸੀ।

ਆਪ ਜੀ ਨੇ ਉਸਤਾਦ ਅਹਿਮਦ ਜਾਨ ਥਿਰਕਵਾ ਸਾਹਿਬ ਕੋਲੋਂ ਵੀ ਬਚਪਨ ਵਿਚ ਆਪ ਨੇ ਸਿੱਖਿਆ ਪ੍ਰਾਪਤ ਕੀਤੀ ਅਤੇ ਪੂਰਬ ਬਾਜ਼ ਨੂੰ ਵੀ ਸਮਝਿਆ ਅਤੇ ਆਪਣੇ ਵਾਦਨ ਦੇ ਖੇਤਰ ਨੂੰ ਹੋਰ ਵਿਸ਼ਾਲ ਕੀਤਾ। ਤਬਲਾ ਵਾਦਨ ਨੂੰ ਕਿਸੇ ਇੱਕ ਘਰਾਣੇ ਦੀ ਹੱਦ ਵਿਚ ਬੰਨ੍ਹਣ ਦੀ ਥਾਂ ਉਸ ਨੇ ਹਰ ਘਰਾਣੇ ਦੇ ਚੰਗੇ ਗੁਣ ਗ੍ਰਹਿਣ ਕਰਦਿਆਂ ਤਬਲਾ ਵਾਦਨ ਦੀ ਭਾਰਤੀ ਰਵਾਇਤ ਨੂੰ ਅਮੀਰ ਬਣਾਉਣ ਵੱਲ ਵਧੇਰੇ ਧਿਆਨ ਦਿੱਤਾ ਹੈ। ਨਾਮੀਂ ਕਲਾਕਾਰ ਪੰਡਿਤ ਰਵੀ ਸ਼ੰਕਰ, ਉਸਤਾਦ ਅਲੀ ਅਕਬਰ ਅਤੇ ਉਸਤਾਦ ਵਿਲਾਇਤ ਖਾਂ ਵਰਗੇ ਵੱਡੇ ਕਲਾਕਰਾਂ ਤੋਂ ਵੀ ਆਪ ਜੀ ਨੇ ਸਿੱਖਿਆ ਗ੍ਰਹਿਣ ਕੀਤੀ।

ਸੇਂਟ ਮਾਈਕਲ ਸਕੂਲ ਮਹਿਮ ਤੋਂ ਪੜ੍ਹਾਈ ਪੂਰੀ ਕਰਨ ਉਪਰੰਤ ਜ਼ਾਕਿਰ ਹੁਸੈਨ ਨੇ ਸੇਂਟ ਜ਼ੇਵੀਅਰਜ਼ ਮੁੰਬਈ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਫਿਰ ਕਲਾ ਦੇ ਖੇਤਰ ਵਿਚ ਆਪਣੇ ਆਪ ਨੂੰ ਸਥਾਪਤ ਕਰਨਾ ਸ਼ੁਰੂ ਕਰ ਦਿੱਤਾ। ਸਾਲ 1973 ਵਿਚ ਉਨ੍ਹਾਂ ਦਾ ਪਹਿਲਾ ਐਲਬਮ 'ਲਿਵਿੰਗ ਇਨ ਦ ਮੈਟੀਰੀਅਲ ਵਰਲਡ' ਆਇਆ ਸੀ। ਉਸ ਦੇ ਬਾਅਦ ਤਾਂ ਜਿਵੇਂ ਜ਼ਾਕਿਰ ਹੁਸੈਨ ਨੇ ਠਾਨ ਲਿਆ ਕਿ ਆਪਣੇ ਤਬਲੇ ਦੀ ਆਵਾਜ਼ ਨੂੰ ਦੁਨੀਆਂ ਭਰ ਵਿਚ ਬਿਖੇਰਨਾ ਹੈ। ਸਾਲ 1973 ਤੋਂ ਲੈ ਕੇ 2010 ਤੱਕ ਜ਼ਾਕਿਰ ਹੁਸੈਨ ਵੱਖ-ਵੱਖ ਅੰਤਰਰਾਸ਼ਟਰੀ ਸਮਾਰੋਹਾਂ ਅਤੇ ਐਲਬਮਾਂ ਵਿਚ ਆਪਣੇ ਤਬਲੇ ਦੀ ਧਾਕ ਜਮਾ ਕੇ, ਆਪਣੇ ਤਬਲੇ ਦੇ ਮਧੁਰ ਬੋਲਾਂ ਨੂੰ ਸੰਸਾਰ ਭਰ ਵਿਚ ਫੈਲਾਇਆ। ਇਸਦੇ ਨਾਲ ਦੇਸ਼-ਵਿਦੇਸ਼ ਵਿਚ ਆਪ ਨੇ ਸੰਗੀਤ ਅਤੇ ਤਬਲਾ ਵਾਦਨ ਸਬੰਧੀ ਕਈ ਭਾਸ਼ਨ ਵੀ ਦਿੱਤੇ। ਜ਼ਾਕਿਰ ਹੁਸੈਨ ਨੇ ਭਾਰਤੀ ਸੰਗੀਤ ਨੂੰ ਸੋਲੋ ਤਬਲਾ ਵਾਦਨ, ਤਾਲ ਸੰਗਤ, ਸਹਿ ਵਾਦਨ, ਤਾਲ ਕਚਿਹਰੀ ਅਤੇ ਸੰਗੀਤ ਫਿਊਜ਼ਨ ਨੂੰ ਨਵੇਂ ਅਰਥ ਦਿੱਤੇ ਹਨ। ਆਪ ਬਿਲ ਲਾਊਸਬੈਲ ਦੇ ਗਲੋਬਲ ਮਿਊਜ਼ਕਲ ਗਰੁੱਪ ਦੇ 'ਤਬਲਾ ਬੀਟ ਸਾਇੰਸ' ਦੇ ਸੰਸਥਾਪਕ ਮੈਂਬਰਾਂ ਵਿਚੋਂ ਹਨ।

'ਤਾਜ' ਨਾਮੀ ਪ੍ਰਸਿੱਧ ਚਾਹਪੱਤੀ ਦੇ ਵਿਗਿਆਪਨ ਰਾਹੀਂ ਆਪ ਜੀ ਦੀ ਪਛਾਣ ਨੂੰ ਹੋਰ ਵੀ ਹੁਲਾਰਾ ਮਿਲਿਆ ਅਤੇ ਘਰ-ਘਰ ਵਿਚ ਉਨ੍ਹਾਂ ਲੋਕਾਂ ਨੂੰ ਵੀ ਤਬਲਾ ਨਵਾਜ਼ ਜ਼ਾਕਿਰ ਹੁਸੈਨ ਦਾ ਪਤਾ ਲਗਾ, ਜਿਨ੍ਹਾਂ ਦਾ ਸੰਗੀਤ ਨਾਲ ਦੂਰ-ਦੂਰੇਡੇ ਦਾ ਵੀ ਸਬੰਧ ਨਹੀਂ ਸੀ/ਹੈ।

ਆਪ ਜੀ ਦੇ ਵਾਦਨ ਦੀਆਂ ਅਨੇਕਾਂ ਕੈਸਿਟਾਂ ਅਤੇ ਸੀ.ਡੀ. ਰਿਕਾਰਡ ਬਾਜ਼ਾਰ ਵਿਚ ਮੌਜੂਦ ਰਹਿੰਦੇ ਸਨ ਅਤੇ ਅੱਜ ਇੰਟਰਨੈੱਟ ਦੇ ਦੌਰ ਵਿਚ ਆਪ ਜੀ ਦੇ ਵਾਦਨ ਦੀਆਂ ਅਨੇਕਾਂ ਰਿਕਾਰਡਿਡ ਅਤੇ ਸਿੱਧੇ ਪ੍ਰਸਾਰਨ ਦੀਆਂ ਆਡੀਓ ਜਾਂ ਵੀਡੀਓ ਸੁਣੀਆਂ/ਵੇਖੀਆਂ ਜਾ ਸਕਦੀਆਂ ਹਨ। ਸੰਨ 1997 ਵਿਚ ਹਿੰਦੀ ਫ਼ਿਲਮ ਸਾਜ਼ ਵਿਚ ਆਪ ਜੀ ਨੇ ਸੰਗੀਤ ਨਿਰਦੇਸ਼ਨ ਕੀਤਾ। ਇਸ ਤੋਂ ਇਲਾਵਾ ਵਿਦੇਸ਼ੀ ਫਿਲਮਾਂ ਵਿਚ ਵੀ ਤਬਲੇ ਦੇ ਤਾਲ ਦਾ ਜਾਦੂ ਵਿਖਾਇਆ। ਸਾਲ 1996 ਵਿਚ ਐਂਟਲਾਂਟਾ ਵਿਖੇ ਹੋਏ ਓਲੰਪਿਕ ਦੀ ਸ਼ੁਰੂਆਤੀ ਮੌਕੇ ਵੱਜਣ ਵਾਲੇ ਸੰਗੀਤ ਨੂੰ ਬਣਾਉਣ ਵਾਲੇ ਮੈਂਬਰਾਂ ਵਿਚ ਸ਼ਾਮਲ ਸਨ। ਆਪ ਪਹਿਲੇ ਭਾਰਤੀ ਸਨ, ਜਿਨ੍ਹਾਂ ਨੂੰ ਸਾਲ 2016 ਵਿਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ 'ਵਾਈਟ ਹਾਊਸ' ਵਿਚ ਹੋ ਰਹੇ 'ਆਲ ਸਟਾਰ ਗਲੋਬਲ ਕੰਸਰਟ' ਲਈ ਸੱਦਾ ਪੱਤਰ ਮਿਲਿਆ ਸੀ।

ਭਾਰਤ ਸਰਕਾਰ ਵੱਲੋਂ ਸਾਲ 1988 ਵਿਚ ਆਪ ਜੀ ਨੂੰ 'ਪਦਮ ਸ਼੍ਰੀ' ਪੁਰਸਕਾਰ ਨਾਲ ਸਨਮਾਨਿਤ ਕੀਤਾ ਸੀ ਅਤੇ ਉਸ ਵੇਲੇ ਆਪ ਜੀ ਦੀ ਉਮਰ ਸਿਰਫ਼ 37 ਸਾਲ ਦੀ ਸੀ। ਇਸ ਉਮਰ ਵਿਚ ਇਹ ਇਨਾਮ ਪਾਉਣ ਵਾਲੇ ਸਭ ਤੋਂ ਘਟ ਉਮਰ ਦੇ ਵਿਅਕਤੀ ਵੀ ਸਨ। ਇਸੇ ਤਰ੍ਹਾਂ ਅਪ੍ਰੈਲ 1991 ਵਿਚ ਸੰਗੀਤ ਨਾਟਕ ਅਕੈਡਮੀ ਐਵਾਰਡ ਆਪ ਜੀ ਨੂੰ ਪ੍ਰਾਪਤ ਹੋਇਆ। ਸਾਲ 1999 ਵਿਚ ਯੂਨਾਈਟਿਡ ਸਟੇਟਸ ਦੇ ਵੱਡਾ ਸਨਮਾਨ 'ਨੈਸ਼ਨਲ ਹੈਰੀਟੇਜ਼ ਫੈਲੋਸ਼ਿੱਪ' ਵੀ ਆਪ ਨੂੰ ਪ੍ਰਾਪਤ ਹੋਇਆ। ਭਾਰਤ ਸਰਕਾਰ ਵੱਲੋਂ ਸਾਲ 2002 ਵਿਚ ਸੰਗੀਤ ਦੇ ਖੇਤਰ ਵਿਚ ਉਨ੍ਹਾਂ ਦੇ ਯੋਗਦਾਨ ਲਈ ਉਨ੍ਹਾਂ ਨੂੰ 'ਪਦਮ ਭੂਸ਼ਣ' ਸਨਮਾਨ ਵੀ ਦਿੱਤਾ ਗਿਆ। ਸਾਲ 1992 ਵਿਚ 'ਦ ਪਲੇਨੇਟ ਡਰੰਮ' ਅਤੇ 2009 ਵਿਚ 'ਗਲੋਬਲ ਡਰੰਮ ਪ੍ਰਾਜੈਕਟ' ਲਈ ਸੰਗੀਤ ਦਾ ਸਭ ਤੋਂ ਵੱਡਾ ਇਨਾਮ 'ਗਰੈਮੀ ਅਵਾਰਡ' ਵੀ ਆਪ ਜੀ ਨੇ ਆਪਣੇ ਨਾਮ ਕੀਤਾ ਸੀ ਅਤੇ ਸਾਲ 2024 ਵਿਚ ਵੱਖ-ਵੱਖ ਐਲਬਮਾਂ ਲਈ ਆਪ ਜੀ ਤਿੰਨ ਗ੍ਰੈਮੀ ਅਵਾਰਡ ਹਾਸਿਲ ਕੀਤੇ ਸਨ, ਯਾਨੀ ਕਿ ਆਪ ਜੀ ਨੂੰ ਕੁੱਲ ਚਾਰ ਗ੍ਰੈਮੀ ਐਵਾਰਡ ਹਾਸਲ ਹੋਏ।

29 ਅਕਤੂਬਰ 2022 ਨੂੰ ਓਮਾਨ ਵਿਖੇ ਆਪ ਜੀ ਨੂੰ 'ਅਗਾ ਖ਼ਾਨ ਮਿਊਜ਼ਕ ਐਵਾਰਡ' ਪ੍ਰਾਪਤ ਹੋਇਆ। ਭਾਰਤ ਸਰਕਾਰ ਵੱਲੋਂ 22 ਮਾਰਚ 2023 ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੁਆਰਾ 'ਪਦਮ ਵਿਭੂਸ਼ਨ' ਪੁਸਰਕਾਰ ਵੀ ਪ੍ਰਾਪਤ ਹੋਇਆ। ਸਾਲ 2023 ਵਿਚ 'ਜੈਜ਼ ਜਰਨਲਿਸਟ ਪ੍ਰਾਫਾਰਮੈਂਸ ਐਵਾਰਡ' ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਵੀ ਆਪ ਜੀ ਨੇ ਕਈ ਮਾਨ-ਸਨਮਾਨ, ਪ੍ਰਸ਼ੰਸਾ ਪੱਤਰ ਅਤੇ ਇਨਾਮ ਪ੍ਰਾਪਤ ਕੀਤੇ ਹੋਏ ਹਨ।

ਸਖ਼ਤ ਮਿਹਨਤ, ਲਗਨ ਅਤੇ ਰਿਆਜ਼ ਸਦਕਾ ਅੱਜ ਆਪ ਜੀ ਦਾ ਨਾਮ ਸਮੁੱਚੇ ਵਿਸ਼ਵ ਵਿਚ ਜਾਣਿਆ ਜਾ ਰਿਹਾ ਹੈ। ਜ਼ਾਕਿਰ ਹੁਸੈਨ ਭਾਰਤ ਵਿਚ ਤਾਂ ਬਹੁਤ ਹੀ ਪ੍ਰਸਿੱਧ ਹਨ ਹੀ, ਨਾਲ ਹੀ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿਚ ਵੀ ਓਨੇ ਹੀ ਪਸੰਦ ਕੀਤੇ ਜਾਂਦੇ ਹਨ।

ਉਸਤਾਦ ਜ਼ਾਕਿਰ ਹੁਸੈਨ ਜੀ ਦਾ ਵਿਆਹ ਕੱਥਕ ਨ੍ਰਿਤਕਾਰ ਅਤੇ ਅਧਿਆਪਕਾ ਐਨਟੋਨੀਆ ਮਿਨੇਕੋਲਾ ਨਾਲ ਹੋਇਆ ਅਤੇ ਆਪ ਦੇ ਘਰ ਦੋ ਬੇਟੀਆਂ (ਅਨੀਸ਼ਾ ਕੁਰੈਸ਼ੀ ਅਤੇ ਇਸਬੇਲਾ ਕੁਰੈਸ਼ੀ) ਨੇ ਜਨਮ ਲਿਆ।

ਆਪ ਜੀ ਨੇ ਪੰਡਿਤ ਰਵੀਸ਼ੰਕਰ ਦੀ ਸਿਤਾਰ ਅਤੇ ਉਸਤਾਦ ਅਲੀ ਅਕਬਰ ਦੇ ਸਰੋਦ ਨਾਲ ਤਬਲੇ ਦੀ ਸੰਗਤ ਕੀਤੀ। ਭਾਰਤ ਤੋਂ ਇਲਾਵਾ ਵਿਦੇਸ਼ਾਂ ਦੇ ਸੁਪ੍ਰਸਿੱਧ ਸੰਗੀਤਕਾਰਾਂ ਨਾਲ ਵੀ ਆਪ ਤਬਲੇ ਤੇ ਸੰਗਤ ਕਰ ਚੁੱਕੇ ਹਨ। ਉਸਤਾਦ ਅਲੀ ਅਕਬਰ ਦੁਆਰਾ ਕੈਲੀਫੋਰਨੀਆ (ਅਮਰੀਕਾ) ਵਿਚ ਸਥਾਪਿਤ 'ਮਿਊਜ਼ਕ ਕਾਲਜ' ਵਿਚ ਵੀ ਆਪ ਜੀ ਨੇ ਕੰਮ ਕੀਤਾ ਅਤੇ ਪੰਜਾਬ ਘਰਾਣੇ ਨੂੰ ਪ੍ਰਚਾਰਿਆ।

ਸੰਗੀਤ ਵਾਦਨ ਨੂੰ ਆਪ ਸਿਰਫ਼ ਕਲਾ ਹੀ ਨਹੀਂ, ਸਗੋਂ ਸਾਧਨਾ ਅਤੇ ਪੂਜਾ ਮੰਨਦੇ ਹਨ। ਅਮਰ ਉਜਾਲਾ ਅਖ਼ਬਾਰ ਦੇ ਆਨਲਾਈਨ ਅਡੀਸ਼ਨ ਵਿਚ ਇੱਕ ਛਪੀ ਰਚਨਾ ਦੇ ਆਧਾਰ 'ਤੇ ਗੱਲ ਕਰਾਂ, ਤਾਂ ਉਨ੍ਹਾਂ ਇੱਕ ਗੱਲਬਾਤ ਦੌਰਾਨ ਆਪ ਦੱਸਿਆ ਹੈ ਕਿ ਜਦ ਆਰਥਿਕ ਤੰਗੀ ਦੌਰਾਨ ਉਨ੍ਹਾਂ ਕੋਲ ਰੇਲ ਗੱਡੀ ਵਿਚ ਸੀਟ ਬੁੱਕ ਕਰਨ ਦਾ ਕਿਰਾਇਆ ਵੀ ਨਹੀਂ ਸੀ ਹੁੰਦਾ, ਤਾਂ ਜਰਨਲ ਡੱਬੇ ਵਿਚ ਖਲੋ ਕੇ ਜਾਣਾ ਪੈਂਦਾ ਸੀ ਅਤੇ ਜੇਕਰ ਬੈਠਣਾ ਹੁੰਦਾ, ਤਾਂ ਮੈਂ ਪਹਿਲਾਂ ਥੱਲੇ ਅਖ਼ਬਾਰ ਵਿਛਾ ਕੇ ਬੈਠ ਜਾਂਦਾ ਸੀ, ਪਰ ਆਪਣੇ ਤਬਲੇ ਨੂੰ ਕਦੇ ਭੁੰਝੇ ਨਹੀਂ ਸੀ ਰੱਖਿਆ, ਬਲਕਿ ਉਸਨੂੰ ਹਮੇਸ਼ਾਂ ਆਪਣੀ ਗੋਦ ਵਿਚ ਰੱਖ ਲੈਂਦਾ ਸੀ, ਤਾਂ ਕਿ ਤਬਲੇ ਨੂੰ ਕਿਸੇ ਦੇ ਪੈਰ ਦੀ ਠੋਕਰ ਜਾਂ ਮਿੱਟੀ ਘੱਟਾ ਨਾ ਲੱਗ ਜਾਵੇ।

ਟਾਈਮਜ਼ ਆਫ ਇੰਡੀਆ ਨੂੰ ਦਿੱਤੀ ਇੱਕ ਇੰਟਰਵਿਊ ਵਿਚ ਆਪ ਨੇ ਕਿਹਾ ਸੀ ਕਿ ਜ਼ਿੰਦਗੀ ਵਿਚ ਚਾਰ ਚੀਜ਼ਾਂ ਕਦੇ ਨਾ ਭੁੱਲੋ: 1. ਸਾਦਾ ਜੀਵਨ ਜੀਓ 2. ਪਰਿਵਾਰ ਨੂੰ ਪੂਰਾ ਸਮਾਂ ਦਿਓ 3. ਆਪਣੀਆਂ ਕਮੀਆਂ ਨੂੰ ਸਵੀਕਾਰ ਕਰੋ ਅਤੇ 4. ਕੁਦਰਤ ਦੇ ਨੇੜੇ ਰਹਿ ਕੇ ਛੋਟੀਆਂ ਖ਼ੁਸ਼ੀਆਂ ਵਿਚੋਂ ਵੱਡੀਆਂ ਖ਼ੁਸ਼ੀਆਂ ਜਿੰਨਾ ਅਨੰਦ ਪ੍ਰਾਪਤ ਕਰੋ।

ਪੰਜਾਬ ਘਰਾਣੇ ਦੀ ਵਾਦਨ ਪ੍ਰੰਪਰਾ ਦੇ ਖ਼ਲੀਫ਼ਾ ਉਸਤਾਦ ਜ਼ਾਕਿਰ ਹੁਸੈਨ ਨੇ ਸਾਲ 2014 ਵਿਚ ਆਪਣੀ ਪੰਜਾਬ ਫੇਰੀ ਦੌਰਾਨ ਇੱਕ ਸੰਗੀਤ ਸੰਮੇਲਨ ਤੋਂ ਬਾਅਦ ਕਿਹਾ ਸੀ ਕਿ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੋ ਅਤੇ ਲੋਕਾਂ ਦੀ ਮੁਹੱਬਤ ਸਾਰੀ ਦੁਨੀਆਂ ਤੋਂ ਵਿਲੱਖਣ ਹੈ। ਪੰਜਾਬ ਨਾਲ ਉਨ੍ਹਾਂ ਦਾ ਗੂੜ੍ਹਾ ਰਿਸ਼ਤਾ ਹੈ। ਇੱਥੇ ਆ ਕੇ ਸਕੂਨ ਮਿਲਦਾ ਹੈ।

ਕੱਲਕਤਾ ਵਿਖੇ ਹੋਏ ਇੱਕ ਸੰਗੀਤ ਸਮਾਗਮ ਦੌਰਾਨ ਉਸਤਾਦ ਜ਼ਾਕਿਰ ਹੁਸੈਨ ਜੀ ਨੇ ਆਪਣੇ ਬਚਪਨ ਦੀ ਇੱਕ ਘਟਨਾ ਸਾਂਝੀ ਕਰਦੇ ਦੱਸਿਆ ਕਿ, 'ਜਦ ਉਹ 12 ਸਾਲ ਦੀ ਉਮਰ ਦੇ ਸਨ, ਤਾਂ ਨਾਮਵਰ ਸਰੋਦ ਵਾਦਕ ਉਸਤਾਦ ਅਲੀ ਅਕਬਰ ਜੀ ਨਾਲ ਤਬਲੇ ਦੀ ਪੇਸ਼ਕਾਰੀ ਦਿੱਤੀ ਸੀ ਅਤੇ ਉਨ੍ਹਾਂ ਨੇ ਪ੍ਰਸੰਨ ਹੋ ਕੇ ਮੈਨੂੰ 100 ਰੁਪਿਆ ਇਨਾਮ ਵਜੋਂ ਦਿੱਤਾ ਸੀ ਅਤੇ ਇਹ 100 ਰੁਪਏ ਦਾ ਨੋਟ ਅੱਜ ਵੀ ਮੇਰੇ ਲਈ ਕੀਮਤੀ ਵਸਤੂ ਹੈ। ਉਨ੍ਹਾਂ ਕਿਹਾ, ਜਦ ਮੈਨੂੰ ਮਿਲੇ ਇਸ ਇਨਾਮ ਬਾਰੇ ਮੇਰੀ ਮਾਂ ਨੂੰ ਪਤਾ ਲੱਗਿਆ, ਤਾਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਮੈਂ ਸਿਰਫ਼ ਤਬਲੇ ਲਈ ਹੀ ਬਣਿਆ ਹਾਂ। ਉਹ ਬਹੁਤ ਖ਼ੁਸ਼ ਹੋਏ ਸਨ ਅਤੇ ਚਾਹੁੰਦੇ ਸਨ ਕਿ ਮੈਂ ਤਬਲਾ ਵਾਦਨ ਜਾਰੀ ਰੱਖਾਂ।

ਸੰਸਾਰ ਭਰ ਵਿਚ ਤਬਲੇ ਦੇ ਮਧੁਰ ਬੋਲਾਂ ਨਾਲ ਪੰਜਾਬੇ ਘਰਾਣੇ ਦਾ ਪ੍ਰਚਾਰ-ਪ੍ਰਸਾਰ ਕਰਨ ਵਾਲੇ ਮਹਾਨ ਤਬਲਾ ਨਵਾਜ਼ ਜ਼ਾਕਿਰ ਹੁਸੈਨ ਜੀ ਦੇ ਜੀਵਨ ਤੋਂ ਕੇਵਲ ਸੰਗੀਤ ਦੀਆਂ ਬਾਰੀਕੀਆਂ ਹੀ ਨਹੀਂ, ਬਲਕਿ ਜ਼ਿੰਦਗੀ ਜਿਊਣ ਦੇ ਢੰਗ-ਤਰੀਕੇ ਵੀ ਸਿੱਖਣ ਦੀ ਲੋੜ ਹੈ। ਆਪਣੇ ਸੰਗੀਤਕ ਸਾਜ਼ਾਂ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਭਾਵਨਾ ਕਿਸ ਪੱਧਰ ਦੀ ਹੋਣੀ ਚਾਹੀਦੀ ਹੈ, ਅੱਜ ਸਮੂਹ ਸੰਗੀਤ ਸਿਖਿਆਰਥੀਆਂ ਨੂੰ ਸਮਝਣ ਦੀ ਲੋੜ ਹੈ ਅਤੇ ਸਫ਼ਲਤਾ ਦੀ ਚਰਮ ਸੀਮਾ 'ਤੇ ਪਹੁੰਚ ਕੇ ਵੀ ਆਪਣੇ ਪਰਿਵਾਰ, ਆਪਣੀ ਮਿੱਟੀ ਅਤੇ ਆਪਣੇ ਲੋਕਾਂ ਨਾਲ ਕਿਵੇਂ ਜੁੜੇ ਰਹੀਦਾ ਹੈ, ਇਸ ਸਭ ਦੀ ਮਿਸਾਲ ਸੀ ਉਸਤਾਦ ਜ਼ਾਕਿਰ ਹੁਸੈਨ ਖ਼ਾਂ ਸਾਹਿਬ ਦਾ ਜੀਵਨ।

ਆਪ ਜੀ ਨੇ 15 ਦਸੰਬਰ 2024 ਨੂੰ 73 ਵਰ੍ਹਿਆਂ ਦੀ ਉਮਰ ਭੋਗ ਕੇ ਅਮਰੀਕਾ ਦੇ ਸਾਨ ਫਰਾਂਸਿਸਕੋ ਵਿਚ ਆਖ਼ਰੀ ਸਾਹ ਲਿਆ।



# ਡੀ.ਡੀ. ਪੰਜਾਬੀ ਦੇ ਪ੍ਰੋਗਰਾਮ ਮੁਖੀ ਬਣੇ ਕੇਵਲ ਕ੍ਰਿਸ਼ਨ

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਲੰਮੇ ਸਮੇਂ ਤੋਂ ਦੂਰਦਰਸ਼ਨ ਅਤੇ ਅਕਾਸ਼ਵਾਣੀ ਦੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਸ਼੍ਰੀ ਕੇਵਲ ਕ੍ਰਿਸ਼ਨ ਨੇ ਬੀਤੇ ਦਿਨੀਂ ਡੀ.ਡੀ. ਪੰਜਾਬੀ ਦੇ ਪ੍ਰੋਗਰਾਮ ਮੁਖੀ ਵਜੋਂ ਅਹੁਦਾ ਸੰਭਾਲ ਲਿਆ।

ਬੀਤੇ ਦਹਾਕਿਆਂ ਦੌਰਾਨ ਡੀ.ਡੀ. ਪੰਜਾਬੀ ਨੇ ਕਈ ਰੰਗ ਵੇਖੇ, ਕਈ ਉਤਰਾਅ ਚੜ੍ਹਾਅ ਤੱਕੇ। ਇਕ ਉਹ ਸਮਾਂ ਵੀ ਆਇਆ, ਜਿਸਨੂੰ ਦੂਰਦਰਸ਼ਨ ਦਾ ਸੁਨਹਿਰੀ ਦੌਰ ਆਖਿਆ ਜਾਂਦਾ ਸੀ। ਉਦੋਂ ਦਰਸ਼ਕ ਇਸਦੇ ਪ੍ਰੋਗਰਾਮਾਂ ਦੀ ਉਡੀਕ ਕਰਿਆ ਕਰਦੇ ਸਨ। ਗੀਤ-ਸੰਗੀਤ ਦੇ ਪ੍ਰੋਗਰਾਮ ਵੇਖਣ ਲਈ, ਮੁਲਾਕਾਤਾਂ ਸੁਣਨ ਲਈ, ਨਾਟਕ ਵੇਖਣ ਲਈ, ਚਲੰਤ ਮਾਮਲਿਆਂ ਦੇ ਪ੍ਰੋਗਰਾਮ ਸੁਣਨ ਲਈ। ਇਹੀ ਉਹ ਸਮਾਂ ਸੀ, ਜਦੋਂ ਦੂਰਦਰਸ਼ਨ ਕੇਂਦਰ ਜਲੰਧਰ ਦੇ ਇਤਿਹਾਸ ਤੇ ਵਿਕਾਸ ਬਾਰੇ ਕਿਤਾਬਾਂ ਲਿਖੀਆਂ ਗਈਆਂ।

ਡੀ.ਡੀ. ਪੰਜਾਬੀ, ਬਾਕੀ ਪੰਜਾਬੀ ਚੈਨਲਾਂ ਨਾਲੋਂ ਵੱਖਰੀ ਨੁਹਾਰ ਵਾਲਾ ਸੀ। ਪ੍ਰੋਗਰਾਮਾਂ ਵਿਚਲੀ ਵੰਨ-ਸਵੰਨਤਾ, ਪਰਿਵਾਰਕ ਦਿੱਖ, ਲੋਕ ਪ੍ਰਸਾਰਨ ਸੇਵਾ, ਵਿਸ਼ਾਲ ਨੈੱਟਵਰਕ, ਸਾਜੋ-ਸਮਾਨ, ਤਜ਼ਰਬੇਕਾਰ ਟੀਮ ਇਸਨੂੰ ਬਾਕੀ ਚੈਨਲਾਂ ਨਾਲੋਂ ਵੱਖਰੀ ਦਿੱਖ ਪ੍ਰਦਾਨ ਕਰਦੀ ਸੀ। ਇਸਦਾ ਮੂੰਹ-ਮੁਹਾਂਦਰਾ ਘੜਨ ਸੰਵਾਰਨ ਨੂੰ ਕਾਫ਼ੀ ਸਮਾਂ, ਕਾਫ਼ੀ ਮਿਹਨਤ, ਕਾਫ਼ੀ ਧਿਆਨ ਲਾਉਣਾ ਪਿਆ ਸੀ।

ਡੀ.ਡੀ. ਪੰਜਾਬੀ ਦੇ ਸਫ਼ਰ 'ਤੇ ਨਜ਼ਰ ਮਾਰਦਾ ਹਾਂ, ਤਾਂ ਬਹੁਤ ਸਾਰੇ ਪ੍ਰੋਗਰਾਮ ਆਪਣੀ ਨਿਵੇਕਲੀ ਨੁਹਾਰ, ਆਪਣੀ ਸਾਰਥਿਕਤਾ ਸਦਕਾ ਜ਼ਿਹਨ ਵਿਚ ਉੱਭਰ ਆਉਂਦੇ ਹਨ। ਸਮਾਜਿਕ, ਸੱਭਿਆਚਾਰਕ, ਸਾਹਿਤਕ, ਸੰਗੀਤਕ, ਕਲਾਤਮਕ ਜਾਂ ਮਾਨਵੀ ਮਹੱਤਵ ਕਾਰਨ ਜਾਂ ਅੱਡਰੇ ਉਸਾਰੂ ਤੇ ਮਿਆਰੀ ਪ੍ਰਸਤੁਤੀਕਰਨ ਕਾਰਨ।

ਰੌਣਕ ਮੇਲਾ, ਕੱਚ ਦੀਆਂ ਮੁੰਦਰਾਂ, ਲਿਸ਼ਕਾਰਾ, ਕਹਾਣੀ, ਨਾਟਕ, ਸੁਖਨਸਾਜ਼, ਸੰਦਲੀ ਪੈੜਾਂ, ਸੱਚੋ ਸੱਚ ਦੱਸ ਵੇ ਜੋਗੀ, ਸੁਗੰਧ ਸਮੀਰ, ਸੁਰ ਸਾਗਰ, ਕਾਵਿ-ਸ਼ਾਰ, ਲੋਕ-ਰੰਗ, ਸੁਰ-ਸਾਂਝ, ਦ੍ਰਿਸ਼ਟੀ, ਸਰਘੀ ਦੇ ਸਾਏ, ਤਾਰੇ ਪਹਿਲੇ ਪਹਿਰ ਦੇ, ਭਾਈ ਮੰਨਾ ਸਿੰਘ, ਮੇਰਾ ਪਿੰਡ ਮੇਰੇ ਖੇਤ, ਕਵੀ ਦਰਬਾਰ, ਸੁਖ਼ਨ ਜਿਨ੍ਹਾਂ ਦੇ ਪੱਲੇ, ਨਕਸ਼-ਨੁਹਾਰ, ਗੱਲਾਂ 'ਚੋਂ ਗੱਲਾਂ, ਅਕਸ ਅਕਸ, ਖ਼ਤ ਲਈ ਸ਼ੁਕਰੀਆ, ਸਾਵੇ ਪੱਤਰ, ਸੁਰਖਾਬ, ਵਗਦੀ ਸੀ ਰਾਵੀ, ਲੋਕ ਵੇਦਨਾ, ਨਵਰੰਗ, ਬੈਠਕ, ਸਾਵੀ ਧਰਤੀ, ਖਿੜਕੀ, ਸੁਰ ਸੰਗੀਤ, ਸੱਜਰੀ ਸਵੇਰ, ਗੱਲਾਂ ਤੇ ਗੀਤ, ਖ਼ਾਸ ਖ਼ਬਰ : ਇਕ ਨਜ਼ਰ, ਅੱਜ ਦਾ ਮਸਲਾ, ਪੰਜ ਵਜੇ ਲਾਈਵ, ਦੂਰਦਰਸ਼ਨ ਸੱਥ, ਆ ਜਾ ਮੇਰਾ ਪਿੰਡ ਵੇਖ ਲੈ, ਰਾਬਤਾ ਅਤੇ ਵੱਖ-ਵੱਖ ਮੌਕਿਆਂ 'ਤੇ ਪੇਸ਼ ਕੀਤੇ ਜਾਂਦੇ ਵਿਸ਼ੇਸ਼ ਪ੍ਰੋਗਰਾਮ ਇਸੇ ਕੜੀ ਵਿਚ ਆਉਂਦੇ ਸਨ।

ਫੇਰ ਇਕ ਦੌਰ ਉਹ ਆਇਆ, ਜਦੋਂ ਚੈਨਲਾਂ ਦੀ ਭੀੜ ਅਤੇ ਟੀ.ਆਰ.ਪੀ. ਦੀ ਦੌੜ ਵਿਚ ਸਭ ਉਲਟ-ਪੁਲਟ ਹੋ ਗਿਆ। ਸੋਸ਼ਲ ਮੀਡੀਆ ਅਤੇ ਸਮਾਰਟ ਫੋਨ ਵਿਚ ਲੋਕ ਅਜਿਹੇ ਰੁੱਝੇ ਕਿ ਟੈਲੀਵਿਜ਼ਨ ਵੇਖਣਾ ਭੁੱਲ ਭੁਲਾ ਗਏ। ਦਰਸ਼ਕਾਂ ਨੂੰ ਵਾਪਸ ਟੀ.ਵੀ. ਨਾਲ, ਟੈਲੀਵਿਜ਼ਨ ਦੇ ਖ਼ਾਸ ਪ੍ਰੋਗਰਾਮਾਂ ਨਾਲ ਜੋੜਨਾ ਕਾਫ਼ੀ ਕਠਿਨ ਪ੍ਰਤੀਤ ਹੁੰਦਾ ਹੈ।

ਅਜਿਹੀਆਂ ਸਥਿਤੀਆਂ ਸੰਬੰਧੀ ਜਦ ਨਵੇਂ ਪ੍ਰੋਗਰਾਮ ਮੁਖੀ ਸ਼੍ਰੀ ਕੇਵਲ ਕ੍ਰਿਸ਼ਨ ਨਾਲ ਗੱਲਬਾਤ ਕੀਤੀ, ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਅਸੀਂ ਕੁਝ ਨਵਾਂ, ਕੁਝ ਪੁਰਾਣੇ ਵਿਚ ਅਦਲ-ਬਦਲ ਕਰਕੇ ਨਕਸ਼-ਨੁਹਾਰ ਵਿਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰਾਂਗੇ। ਪੰਜਾਬੀ ਦੀਆਂ ਕਲਾਸਿਕ ਕਹਾਣੀਆਂ ਨੂੰ ਟੈਲੀਵਿਜ਼ਨ ਦੇ ਕੈਮਰੇ ਰਾਹੀਂ ਦਰਸ਼ਕਾਂ ਤੱਕ ਪਹੁੰਚਾਵਾਂਗੇ।

ਉਨ੍ਹਾਂ ਕਿਹਾ ਕਿ ਬਹੁਤ ਕੁਝ ਨਵਾਂ ਇਸ ਲਈ ਨਹੀਂ ਕਰ ਪਾਵਾਂਗੇ ਕਿਉਂਕਿ ਪ੍ਰੋਡਿਊਸਰਾਂ, ਕਰਮਚਾਰੀਆਂ ਦੀ ਵੱਡੀ ਘਾਟ ਹੈ। ਉਨ੍ਹਾਂ ਨੇ ਬਤੌਰ ਪ੍ਰੋਡਿਊਸਰ ਅਤੇ ਬਤੌਰ ਨਿਗਰਾਨ ਡੀ.ਡੀ. ਪੰਜਾਬੀ ਲਈ ਜਿਹੜੇ ਪ੍ਰੋਗਰਾਮ ਤਿਆਰ ਕੀਤੇ, ਉਨ੍ਹਾਂ ਦੀ ਲੰਮੀ ਸੂਚੀ ਹੈ। ਸਿਹਤ ਜ਼ਰੂਰੀ ਹੈ, ਮੇਰਾ ਪਿੰਡ ਮੇਰੇ ਖੇਤ, ਗੀਤ ਧਮਾਲ, ਸੁਰਾਂਜਲੀ, ਮਹਿਫ਼ਲ, ਯਾਦਾਂ ਦੀ ਖ਼ੁਸ਼ਬੂ, ਗੀਤ ਬਹਾਰ, ਮਨ ਕੀ ਬਾਤ, ਸ਼ਬਦ ਕੀਰਤਨ (ਸਿੱਧਾ ਪ੍ਰਸਾਰਨ), ਆ ਜਾ ਮੇਰਾ ਪਿੰਡ ਵੇਖ ਲੈ, ਗੱਲ ਸੋਹਣੇ ਪੰਜਾਬ ਦੀ, ਫੌਜੀ ਚਾਚੇ ਦਾ ਪੀ ਜੀ (45 ਕੜੀਆਂ), ਡੀ.ਡੀ. ਕਿਸਾਨ ਚੈਨਲ ਲਈ ਬਹੁਤ ਸਾਰੇ ਪ੍ਰੋਗਰਾਮ, ਧੱਕਾ ਸਟਾਰਟ (ਕਾਮੇਡੀ), 2017 ਤੋਂ 2024 ਤੱਕ ਨਵੇਂ ਸਾਲ ਦਾ ਸੰਗੀਤਕ ਪ੍ਰੋਗਰਾਮ, 2019 ਤੋਂ 2024 ਤੱਕ ਵੱਖ-ਵੱਖ ਵਿਸ਼ੇਸ਼ ਮੌਕਿਆਂ 'ਤੇ ਪ੍ਰਸਾਰਿਤ ਕੀਤੇ ਗਏ ਵਿਸ਼ੇਸ਼ ਪ੍ਰੋਗਰਾਮ ਉਸ ਸੂਚੀ ਵਿਚ ਸ਼ਾਮਲ ਹਨ।

ਇਨ੍ਹਾਂ ਤੋਂ ਇਲਾਵਾ ਉਹ ਬਹੁਤ ਸਾਰੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਵੀ ਨਿਭਾਉਂਦੇ ਰਹੇ ਹਨ।

1994 ਵਿਚ ਉਨ੍ਹਾਂ ਅਕਾਸ਼ਵਾਣੀ ਜਲੰਧਰ ਤੋਂ ਟ੍ਰਾਂਸਮਿਸ਼ਨ ਐਗਜ਼ੈਕਟਿਵ ਵਜੋਂ ਸੇਵਾ ਆਰੰਭ ਕੀਤੀ ਸੀ। ਸਾਲ 2009 ਅਤੇ 2013 ਵਿਚ ਉਨ੍ਹਾਂ ਨੂੰ ਦੋ ਮਹੱਤਵਪੂਰਨ ਤਰੱਕੀਆਂ ਮਿਲੀਆਂ। ਇਸ ਉਪਰੰਤ 2016 ਵਿਚ ਉਹ ਪ੍ਰੋਗਰਾਮ ਐਗਜ਼ੈਕਟਿਵ ਬਣ ਕੇ ਦੂਰਦਰਸ਼ਨ ਦੀ ਪ੍ਰੋਗਰਾਮ ਸ਼ਾਖਾ ਵਿਚ ਚਲੇ ਗਏ। ਅਪ੍ਰੈਲ 2014 ਵਿਚ ਉਹ ਅਸਿਸਟੈਂਟ ਡਾਇਰੈਕਟਰ ਪ੍ਰੋਗਰਾਮ ਬਣੇ ਸਨ ਅਤੇ ਹੁਣ 11 ਦਸੰਬਰ ਨੂੰ ਉਨ੍ਹਾਂ ਪ੍ਰੋਗਰਾਮ ਮੁਖੀ ਦਾ ਅਹੁਦਾ ਸੰਭਾਲਿਆ ਹੈ।



# ਮਨਮੋਹਨ ਸਿੰਘ ਢਿੱਲੋਂ ਦੀ ਕਿਤਾਬ 'ਨਵੀਂ ਰੁੱਤ' ਅਲੋਚਨਾ ਦੇ ਸਮਕਾਲੀ ਸਰੋਕਾਰ

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



ਇਸ ਪੁਸਤਕ ਵਿਚ ਲੇਖਕ ਨੇ ਪੈਂਤੀ ਦੇ ਕਰੀਬ ਕਵਿਤਾਵਾਂ, ਗੀਤ ਆਦਿ ਸ਼ਾਮਲ ਕੀਤੇ ਹਨ। ਮਨਮੋਹਨ ਸਿੰਘ ਢਿੱਲੋਂ ਬਿਨ੍ਹਾਂ ਕਿਸੇ ਡਰ ਜਾਂ ਲਾਲਚ ਦੇ ਆਪਣੇ ਅਸੂਲਾਂ 'ਤੇ ਚੱਲਣ ਵਾਲਾ ਇਨਸਾਨ ਹੈ। ਉਸਦੀ ਜ਼ਿੰਦਗੀ ਵਿਚ ਜਿਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਲੰਮਾ ਸਮਾਂ ਪ੍ਰਕਾਸ਼ਨ ਵਿਭਾਗ ਵਿਚ ਅਤੇ ਫਿਰ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਵਿਚ ਨੌਕਰੀ ਕਰਨਾ ਅਹਿਮ ਹੈ, ਉਥੇ ਇਸ ਨੌਕਰੀ ਤੋਂ ਪਹਿਲਾਂ ਕੁੱਝ ਸਾਲ ਦਿੱਲੀ ਵਿਚ ਕੰਮ ਕਰਨਾ ਵੀ ਘੱਟ ਮਹੱਤਵਪੂਰਨ ਨਹੀਂ ਹੈ। ਅੰਮ੍ਰਿਤਸਰ ਪੱਕਾ ਰੁਜ਼ਗਾਰ ਮਿਲਣ 'ਤੇ ਉਸਨੇ ਐੱਮ.ਏ. ਪੰਜਾਬੀ ਵਿਭਾਗੀ ਲੋੜਾਂ ਲਈ ਪੱਤਰਕਾਰੀ 'ਚ ਡਿਪਲੋਮਾ ਵੀ ਕੀਤਾ, ਆਪਣੀ ਜ਼ਿੰਦਗੀ ਦੇ ਪੰਜ-ਛੇ ਦਹਾਕਿਆਂ ਦੇ ਸੰਘਰਸ਼ਮਈ ਜੀਵਨ 'ਤੇ ਪਿੱਛਲਝਾਤ ਮਾਰਦਿਆਂ ਜੋ ਵੀ ਮਹੱਤਵਪੂਰਨ ਪਲ ਉਸ ਨੂੰ ਸਮਾਜ ਨਾਲ ਸਾਂਝੇ ਕਰਨ ਵਾਲੇ ਲੱਗਦੇ ਹਨ, ਅੱਜ-ਕੱਲ੍ਹ ਉਹ ਉਨ੍ਹਾਂ ਨੂੰ ਲਿਖਤੀ ਰੂਪ ਦੇ ਕੇ ਪੁਸਤਕਾਂ ਦੇ ਰੂਪ 'ਚ ਪ੍ਰਕਾਸ਼ਿਤ ਕਰਨ ਵਿਚ ਮਸ਼ਰੂਫ਼ ਹੈ। ਉਸ ਦੀਆਂ ਪੰਜ ਪੁਸਤਕਾਂ ਛਪ ਚੁੱਕੀਆਂ ਹਨ, ਹੱਥਲੀ ਪੁਸਤਕ, 'ਨਵੀਂ ਰੁੱਤ' ਦਾ ਦੂਸਰਾ ਸੰਸਕਰਣ ਦੀਆਂ ਕੁੱਝ ਪਰਤਾਂ ਦੀ ਵਿਆਖਿਆ ਪਾਠਕਾਂ ਨਾਲ ਸਾਂਝੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਮਨੁੱਖ ਦੀ ਜ਼ਿੰਦਗੀ ਦੇ ਸ਼ੁਰੂਆਤੀ 20 ਤੋਂ 30 ਸਾਲ ਦੀ ਉਮਰ ਵਾਲੇ ਸੰਘਰਸ਼ਮਈ ਦਿਨ ਹਮੇਸ਼ਾ ਯਾਦਗਾਰੀ ਅਤੇ ਤਜ਼ਰਬਿਆਂ ਨਾਲ ਭਰਪੂਰ ਹੁੰਦੇ ਹਨ। ਪਿਆਰ, ਮੁਹੱਬਤ ਵਾਲੇ ਅਹਿਸਾਸ ਵੀ ਇਸ ਉਮਰ ਵਿਚ ਬੰਦੇ ਨੂੰ ਆਪਣੇ ਵੱਲ ਤੀਬਰਤਾ ਨਾਲ ਖਿੱਚਦੇ ਹਨ। ਭਾਰਤੀ ਸੰਸਕ੍ਰਿਤੀ ਬੱਚੇ ਨੂੰ ਜਵਾਨ ਹੋਣ ਤੱਕ ਏਹੀ ਸਿਖਾਉਂਦੀ ਹੈ, ਇਸ਼ਕ ਖੇਡ ਵਿਚ ਪਿਆ ਤਾਂ ਜੀਵਨ ਵਿਚ ਅਸਫ਼ਲ ਹੋਵੇਗਾ। ਪਰ ਜੀਵਨ ਦਾ ਇਕ ਸੱਚ ਇਹ ਵੀ ਹੈ ਕਿ ਜੋ ਲੋਕ ਪਿਆਰ ਦੀ ਖੇਡ ਵਿਚ ਸਫ਼ਲ ਹੁੰਦੇ ਹਨ, ਉਨ੍ਹਾਂ ਲਈ ਜੀਵਨ ਦੀ ਹਰ ਲੜਾਈ ਬਹੁਤ ਛੋਟੀ ਰਹਿ ਜਾਂਦੀ ਹੈ। ਇਹ ਕਾਵਿ-ਪੁਸਤਕ ਉਸਦੀ ਅਮੀਰ ਸਾਧਾਰਣਤਾ ਨੂੰ ਪੇਸ਼ ਕਰਦੀ ਹੈ। ਇਸ ਪੁਸਤਕ ਦਾ ਬਾਰੀਕੀ ਨਾਲ ਅਧਿਐਨ ਕਰਨ ਤੇ ਇਸ ਵਿਚੋਂ ਬਹੁਤ ਸਾਰੇ ਇਸਾਰੇ ਮਿਲਦੇ ਹਨ। ਜੀਵਨ ਦੀਆਂ ਕਈ ਪਰਤਾਂ ਨੂੰ ਪੇਸ਼ ਕਰਦੇ ਹਨ।




'ਨਵੀਂ ਰੁੱਤ' ਮਨਮੋਹਨ ਸਿੰਘ ਢਿੱਲੋਂ ਦਾ ਪਹਿਲ-ਪਲੇਠਾ ਕਾਵਿ-ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਕਵੀ ਨੇ ਸਮਕਾਲੀ ਜੀਵਨ ਨੂੰ ਬਿਲਕੁਲ ਨਵੇਂ ਤੇ ਉਸਾਰੂ ਤਰੀਕੇ ਨਾਲ ਰੂਪਮਾਨ ਕੀਤਾ ਹੈ। ਸੁਖਾਵੇਂ ਪ੍ਰਬੰਧ ਦੇ ਨਿਰਮਾਣ ਲਈ ਕਰਮਸ਼ੀਲਤਾ ਦਾ ਹੋਣਾ ਬਹੁਤ ਲਾਜ਼ਮੀ ਹੈ ਕਿਉਂਕਿ ਖੋਖਲੇ ਨਾਹਰਿਆਂ ਤੇ ਫੋਕੀਆਂ ਗੱਲਾਂ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਪ੍ਰਾਪਤੀਆਂ ਦਾ ਮਾਰਗ ਅਕਸਰ ਕਠਿਨ ਹੀ ਹੋਇਆ ਕਰਦਾ ਹੈ। ਇਸੇ ਲਈ ਅਜਿਹੇ ਹਿਤੈਸ਼ੀ ਕਾਰਜ ਲਈ ਉਸਾਰੂ ਰਵੱਈਆ ਹੋਣਾ ਬਹੁਤ ਜ਼ਰੂਰੀ ਹੈ। ਕਾਵਿ-ਸੰਗ੍ਰਹਿ ਵਿਚ ਸਾਨੂੰ ਉਸਾਰੂ ਦ੍ਰਿਸ਼ਟੀਕੋਣ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ।

ਇਸ ਵਿਚ ਪਿਆਰ ਭਾਵਨਾਵਾਂ ਨਾਲ ਸਿੰਜੇ ਹੋਏ ਖੂਬਸੂਰਤ ਗੀਤ ਵੀ ਲਿਖੇ ਹੋਏ ਮਿਲਦੇ ਹਨ। ਕਈ ਮੌਕਿਆਂ ਉਪਰ ਲੈਅ-ਆਤਮਕ ਤੇ ਗੀਤਕ ਗੁਣ ਢਿੱਲੋਂ ਦੀ ਕਵਿਤਾ ਵਿਚ ਲੌਕਿਕ ਅੰਸ਼ਾਂ ਦੇ ਪ੍ਰਭਾਵ ਨੂੰ ਉਜਾਗਰ ਕਰਦੇ ਹਨ। ਢਿੱਲੋਂ ਦੀ ਕਵਿਤਾ ਵਿਚ ਸਭ ਤੋਂ ਪ੍ਰਮੁੱਖ ਲੱਛਣ ਉਸ ਦੀ ਸਰਲ ਤੇ ਸਾਦਾ ਕਾਵਿ-ਸ਼ੈਲੀ ਹੈ। ਉਸ ਨੇ ਸਹਿਜ ਸੁਭਾਅ ਹੀ ਅਲੰਕਾਰ ਜਾਂ ਹੋਰ ਅਜਿਹੀਆਂ ਕਾਵਿਕ-ਜੁਗਤਾਂ ਦੀ ਵਰਤੋਂ ਕੀਤੀ ਹੈ। ਖ਼ਾਸ ਤੌਰ 'ਤੇ ਮਾਝੀ ਦੇ ਮੁਹਾਵਰੇ ਨੂੰ ਉਸ ਨੇ ਬੜੇ ਸੁਭਾਵਿਕ ਰੂਪ ਵਿਚ ਵਰਤਿਆ ਹੈ। ਜ਼ਿੰਦਗੀ ਤੋਂ ਹੋ ਕੇ ਨਿਰਾਸ਼, ਮੌਤ ਨੂੰ 'ਵਾਜ਼ਾਂ ਨਾ ਮਾਰ। ਗ਼ਮਾਂ ਦਾ ਚੁੱਕ ਲੈ ਪਹਾੜ, ਹਿੰਮਤ ਹੌਂਸਲਾ ਨਾ ਹਾਰ। ਕਵੀ ਮਨ ਵੱਲੋਂ ਮਨੁੱਖੀ ਮਨ ਦੀਆਂ ਚਿੱਤਰੀਆਂ ਇਹ ਪਰਤਾਂ ਅੱਜ ਵੀ ਤੇ ਸਾਰਥਿਕ ਹਨ, ਸਗੋਂ ਹਰ ਸਮੇਂ ਦਾ ਸੱਚ ਹਨ। ਇਹ ਨੌਜਵਾਨ ਮਨੁੱਖ ਦੀਆਂ ਵੀ ਭਾਵਨਾਵਾਂ ਹਨ ਅਤੇ ਹਰ ਨੌਜਵਾਨ ਸਾਹਿਤਕਾਰ ਦੇ ਸ਼ੁਰੂ ਦੇ ਦਿਨਾਂ ਦੀਆਂ ਲਿਖਤਾਂ ਦਾ ਸਹੀ ਚਿੱਤਰਣ ਹਨ। ਮਨਮੋਹਨ ਸਿੰਘ ਢਿੱਲੋਂ ਜਿਵੇਂ-ਜਿਵੇਂ ਜੀਵਨ ਵਿਚ ਅੱਗੇ ਵਧਦਾ ਹੈ, ਉਸਦੇ ਤਜ਼ਰਬੇ/ਅਨੁਭਵ ਉਸਨੂੰ ਸਮਾਜ ਦੀਆਂ ਹੋਰ ਪਰਤਾਂ ਨਾਲ ਜੋੜਦੇ ਹਨ, ਤਾਂ ਉਸਦੇ ਲਿਖਣ ਦੇ ਵਿਸ਼ੇ ਵੀ ਬਦਲਦੇ ਹਨ।

ਮਨਮੋਹਨ ਸਿੰਘ ਢਿੱਲੋਂ ਵਿਚ ਕਵੀ ਵਾਲੇ ਗੁਣ ਹਨ ਅਤੇ ਉਸ ਵਿਚ ਭਾਵੁਕਤਾ ਤੋਂ ਹੱਟ ਕੇ ਗੱਲ ਕਹਿਣ ਦੀ ਰੁਚੀ ਵਧੇਰੇ ਸਪੱਸ਼ਟ ਹੋਈ ਹੈ। ਨਾ ਸਿਰਫ਼ ਭਾਵੁਕਤਾ ਦਾ ਤਿਆਗ ਹੀ ਉਸਦੀ ਕਵਿਤਾ ਦਾ ਇਕ ਗੁਣ ਹੈ, ਸਗੋਂ 'ਨਿਰਦਈ ਸੱਚ' ਕਹਿਣਾ ਉਸਦੀ ਕਵਿਤਾ ਨੂੰ ਬਾਕੀ ਕਵੀਆਂ ਨਾਲੋਂ ਅਲੱਗ ਕਰਦਾ ਹੈ। ਉਸਦਾ ਵਾਸਤਾ ਕਿਸੇ ਵਾਦ ਨਾਲ ਨਹੀਂ, ਸਗੋਂ ਜੀਵਨ ਦੀਆਂ ਕਠੋਰ ਸੱਚਾਈਆਂ ਅਤੇ ਇਨ੍ਹਾਂ ਦਾ ਅਨੁਭਵ ਕਰਦੀ ਅਵਸਥਾ ਨਾਲ ਹੈ। ਜੀਵਨ ਲਈ 'ਵਾਦ' ਉਤਪੰਨ ਹੋਏ ਹਨ, ਵਾਦਾਂ ਲਈ 'ਜੀਵਨ' ਉਤਪੰਨ ਨਹੀਂ ਸੀ ਹੋਇਆ। ਜਿਸ ਕਲਾਕਾਰ ਕੋਲ ਇਹ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਹੈ, ਉਹ ਦੀ ਰਚਨਾ ਉੱਪਰ ਵਾਦਾਂ ਦਾ ਕੋਝਾ ਤੇ ਖਸਿਆ-ਪਿਟਿਆ ਥੱਪਾ ਨਹੀਂ ਲੱਗ ਸਕਦਾ ਅਤੇ ਉਸ ਦੀ ਕਲਾ ਹੀ ਪਾਠਕਾਂ ਨੂੰ ਕੁਝ ਦੇ, ਜਾਂ ਸੁਝਾਅ ਸਕਦੀ ਹੈ। 'ਅਲਵਿਦਾ' ਕਵਿਤਾ ਵਿਚ ਮਨਮੋਹਨ ਸਿੰਘ ਢਿੱਲੋਂ ਵਿਅਰਥ ਲੰਘਦੇ ਦਿਨਾਂ ਦਾ ਜ਼ਿਕਰ ਕਰਦਾ ਹੋਇਆ ਸਪੱਸ਼ਟ ਵੇਖਦਾ ਹੈ ਕਿ ਦਿਨ ਗੁਜ਼ਰ ਰਹੇ ਹਨ, ਪਰ ਜੀਵਨ ਦਾ ਕੁਝ ਸੌਰਦਾ ਨਹੀਂ। ਉਹ ਵਾਦਾਂ ਦੀ ਲੁੱਚੀ ਤੇ ਭ੍ਰਿਸ਼ਟ ਰੌਸ਼ਨੀ ਉਪਰ ਕਟਾਖਸ਼ ਕਰਦਾ ਹੋਇਆ ਕਹਿੰਦਾ ਹੈ ਕਿ ਰੌਸ਼ਨੀ ਇਤਨੀ ਵੱਧ ਗਈ ਹੈ ਕਿ ਇਸ ਨੇ ਜੀਵਨ ਦੇ ਚੰਗ ਅਤੇ ਮੰਦ ਨੂੰ ਲੁਕੋ ਲਿਆ ਹੈ। ਸਫ਼ਰ ਸਵੇਰੇ ਜਦੋਂ ਸੂਰਜ ਆਪਣੀਆਂ ਕਿਰਨਾਂ ਦਰਵਾਜ਼ੇ ਦੀਆਂ ਚੀਥਾਂ ਥਾਣੀਂ ਮੇਰੇ ਕਮਰੇ ਅੰਦਰ ਸੁੱਟਦਾ ਹੈ। ਮੈਂ ਆਪਣਾ ਸਫ਼ਰ ਸ਼ੁਰੂ ਕਰਦਾ ਹਾਂ। ਤੇ ਨਿੱਤ ਇਹ ਸਫ਼ਰ ਜਾਰੀ ਰਹਿੰਦਾ ਹੈ। ਮੈਂ ਇਸ ਨਾਲ ਸੰਤੁਸ਼ਟ ਹਾਂ ਜਾਂ ਨਹੀਂ ਇਹ ਸੂਰਜ ਨਹੀਂ ਜਾਣਦਾ। ਉਹ ਪੰਜਾਬੀ ਕਾਵਿ-ਰਚਨਾ ਵਿਚ ਜਿਨ੍ਹਾਂ ਸੰਭਾਵਨਾਵਾਂ ਨੂੰ ਲੈ ਕੇ ਪ੍ਰਵਿਸ਼ਟ ਹੋਇਆ ਹੈ, ਮੈਨੂੰ ਯਕੀਨ ਹੈ, ਪੰਜਾਬੀ ਕਾਵਿਤਾ ਦੇ ਪਾਠਕ ਉਸ ਨੂੰ ਹੋਰ ਉੱਨਤ ਹੁੰਦਾ ਹੋਇਆ ਵੇਖਣਗੇ ਅਤੇ ਉਸ ਦੇ ਯਤਨਾਂ ਦੀ ਸ਼ਲਾਘਾ ਕਰਨਗੇ।

# ਮਾਂ ਦੀਆਂ ਅਸਥੀਆਂ

## (ਸੱਚੀ ਕਹਾਣੀ)

-ਸੁਖਵੀਰ ਸਿੰਘ "ਸੰਧੂ"
(ਅਲਕੜਾ) ਪੈਰਿਸ
ਪੰਜਾਬ ਮੇਲ USA



ਇਹ ਭਲੇ ਸਮੇਂ ਦੀ ਗੱਲ ਏ, ਜਦੋਂ ਭਾਰਤੀ ਪਾਸਪੋਰਟ ਧਾਰਕ ਨੂੰ ਇੰਗਲੈਂਡ ਸਮੇਤ ਯੌਰਪ ਦੇ ਕਈ ਦੇਸ਼ਾਂ ਵਿਚ ਵੀਜ਼ੇ ਤੋਂ ਬਿਨ੍ਹਾਂ ਜਾਣ ਦੀ ਇਜ਼ਾਜਤ ਹੁੰਦੀ ਸੀ। ਸਿਰਫ ਬਾਰਡਰ ਉਪਰ ਸ਼ੌਅ ਮਨ੍ਹੀ ਦਿਖਾਉਣ ਨਾਲ ਐਂਟਰੀ ਮਿਲ ਜਾਂਦੀ ਸੀ।

ਉਨ੍ਹਾਂ ਸਮਿਆਂ ਵਿਚ ਹੀ ਚੰਦਰਭਾਨ ਦੇਸੋਂ ਵਿਦੇਸ਼ ਆਇਆ ਸੀ। ਜਿਵੇਂ ਹੁਨਰਮੰਦ ਕਦੇ ਗਰੀਬ ਨਹੀਂ ਹੁੰਦਾ। ਚੰਦਰਭਾਨ ਵੀ ਇਲੈਕਟ੍ਰਿਕ ਮਕੈਨਿਕ ਸੀ। ਉਸ ਨੂੰ ਕੰਮ ਲੱਭਣ ਵਿਚ ਜ਼ਿਆਦਾ ਮੁਸ਼ਕਲ ਨਾ ਆਈ। ਉਹ ਬਰਫੀਲੇ ਮੌਸਮ ਤੇ ਸਰਦ ਦਿਨਾਂ ਵਿਚ ਵੀ ਕੰਮ ਕਰਦਾ, ਤੇ ਸ਼ਾਮ ਨੂੰ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਲਈ ਵੀ ਜਾਂਦਾ ਸੀ। ਕਹਿੰਦੇ ਨੇ ਰੱਬ ਤੋਂ ਕੁਝ ਪਾਉਣ ਲਈ ਮਿਹਨਤ ਵੀ ਜ਼ਰੂਰੀ ਆ। ਉਸ ਨੇ ਸਖਤ ਮਿਹਨਤ ਕਰਕੇ ਸਿਰ ਚੜ੍ਹਿਆ ਕਰਜ਼ੇ ਦਾ ਭਾਰ ਲਾਹ ਦਿੱਤਾ ਸੀ। "ਮਿਹਨਤ ਹੀ ਚੰਗੀ ਕਿਸਮਤ ਦੀ ਮਾਂ ਹੈ"। ਇਹ ਮੁਹਾਵਰਾ ਵੀ ਸੱਚ ਕਰ ਦਿੱਤਾ ਸੀ।

ਚੰਦਰਭਾਨ ਦੀ ਇੱਕ ਅਰੂਣਾ ਨਾਂ ਦੀ ਲੜਕੀ ਨਾਲ ਦੋਸਤੀ ਹੋ ਗਈ। ਉਹ ਆਪਣੇ ਮਾਂ-ਬਾਪ ਨਾਲ ਇਸ ਰੈਸਟੋਰੈਂਟ ਵਿਚ ਡਿਨਰ ਲਈ ਆਉਂਦੀ ਸੀ। ਉਸ ਦੇ ਮਾਪੇ ਮੈਡਾਗਾਸਕਾਰ ਤੋਂ ਯੌਰਪ ਵਿਚ ਆਏ ਸਨ। ਅਰੂਣਾ ਦਾ ਜਨਮ ਵੀ ਇਥੇ ਹੀ ਹੋਇਆ ਸੀ। ਮੈਡਾਗਾਸਕਾਰ ਦੇਸ਼ ਅਫਰੀਕਾ ਦੇ ਕੋਲ ਇੱਕ ਟਾਪੂ ਹੈ। ਜਿਥੇ ਕਈ ਸਦੀਆਂ ਪਹਿਲਾਂ ਉਨ੍ਹਾਂ ਦੇ ਪੁਰਖੇ ਭਾਰਤ ਤੋਂ ਆ ਕੇ ਵਸ ਗਏ ਸਨ। ਉਸ ਦੇ ਲਿਸ਼ਕਦੇ ਜਾਮਨੀ ਰੰਗ ਦੇ ਚੇਹਰੇ ਉਪਰ ਏਸ਼ੀਅਨ ਮੂਲ ਹੋਣ ਦੀ ਝਲਕ ਸਾਫ ਦਿਖਾਈ ਦਿੰਦੀ ਸੀ। ਭਾਵੇਂ ਅਰੂਣਾ ਕਦੇ ਵੀ ਭਾਰਤ ਨਹੀਂ ਗਈ ਸੀ। ਪਰ ਉਸ ਦੇ ਮਨ ਅੰਦਰ ਭਾਰਤ ਪ੍ਰਤੀ ਪਿਆਰ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਜਲਦੀ ਹੀ ਉਹ ਸ਼ਾਦੀ ਦੇ ਬੰਧਨ ਵਿਚ ਬੱਝ ਗਏ। ਇਸ ਰਿਸ਼ਤੇ ਨੂੰ ਅਰੂਣਾ ਦੇ ਮਾਪਿਆਂ ਨੇ ਵੀ ਕਬੂਲ ਲਿਆ ਸੀ। ਹੁਣ ਉਨ੍ਹਾਂ ਦੀ ਗ੍ਰਹਿਸਤੀ ਜ਼ਿੰਦਗੀ ਸ਼ੁਰੂ ਹੋ ਚੁੱਕੀ ਸੀ। ਕੁਝ ਸਮੇਂ ਬਾਅਦ ਉਨ੍ਹਾਂ ਦੇ ਘਰ ਲੜਕੇ ਨੇ ਜਨਮ ਲਿਆ, ਜਿਸ ਦਾ ਨਾਮ ਬੋਨੀ ਰੱਖਿਆ ਸੀ।

ਉਨ੍ਹਾਂ ਨੇ ਇੱਕ ਨਵਾਂ ਘਰ ਵੀ ਮੁੱਲ ਲੈ ਲਿਆ ਸੀ। ਸਮਾਂ ਬੀਤਦਾ ਗਿਆ ਬੋਨੀ ਸਕੂਲ ਜਾਣ ਲੱਗ ਪਿਆ। ਉਹ ਸਵੇਰੇ ਬੋਨੀ ਨੂੰ ਸਕੂਲ ਭੇਜ ਕੇ ਆਪ ਕੰਮ 'ਤੇ ਚਲੇ ਜਾਂਦੇਂ। ਬੋਨੀ ਸਕੂਲ ਤੋਂ ਘਰ ਆ ਕੇ ਇੱਕਲਾਪਣ ਮਹਿਸੂਸ ਕਰਦਾ। ਉਹ ਮਨ ਹੀ ਮਨ ਵਿਚ ਝੁਰਦਾ ਤੇ ਚੁੱਪ-ਚੁੱਪ ਰਹਿੰਦਾ। ਮਹੀਨੇ ਸਾਲ ਬੀਤਦੇ ਗਏ, ਵਕਤ ਨਾਲ ਬੋਨੀ ਗੱਭਰੂ ਹੋ ਗਿਆ ਸੀ। ਉਸ ਨੂੰ ਮਾਪਿਆਂ ਦੇ ਪਿਆਰ ਦੀ ਘਾਟ ਹਮੇਸ਼ਾ ਰੜਕਦੀ ਰਹਿੰਦੀ। ਉਸ ਦਾ ਮੇਲ-ਮਿਲਾਪ ਦੋਸਤਾਂ-ਮਿਤਰਾਂ ਨਾਲ ਵੱਧ ਚੁੱਕਿਆ ਸੀ। ਉਹ ਕਈ ਵਾਰੀ ਦੋਸਤਾਂ ਨੂੰ ਘਰ ਸੱਦ ਲੈਂਦਾ, ਜਾਂ ਉਨ੍ਹਾਂ ਕੋਲ ਚਲਿਆ ਜਾਂਦਾ। ਇਹ ਅੱਠ-ਦਸ ਮੁੰਡਿਆਂ ਦਾ ਇੱਕ ਗਰੁੱਪ ਜਿਹਾ ਬਣ ਗਿਆ ਸੀ। ਜਿਸ ਵਿਚ ਨਸ਼ੱਈ ਤੇ ਆਵਾਰਾ ਕਿਸਮ ਦੇ ਲੜਕੇ ਵੀ ਰਲ ਗਏ ਸਨ। ਬੋਨੀ ਦਾ ਪੜ੍ਹਾਈ ਵੱਲ ਧਿਆਨ ਘਟਣਾ ਸ਼ੁਰੂ ਹੋ ਗਿਆ ਸੀ। ਹੌਲੀ-ਹੌਲੀ ਇਹ ਢਾਣੀ ਨਸ਼ਿਆਂ ਤੇ ਲੜਾਈ ਝਗੜਿਆਂ ਵਿਚ ਮਸ਼ਹੂਰ ਹੋ ਗਈ। ਗਰਮਾ-ਗਰਮੀ ਵਾਲਾ ਮਾਹੌਲ ਬੋਨੀ ਨੇ ਘਰ ਵਿਚ ਵੀ ਬਣਾ ਲਿਆ ਸੀ। ਬੁਰੀ ਸੰਗਤ ਵਿਚ ਪੈਣ ਦੀ ਖਬਰ ਚੰਦਰਭਾਨ ਤੇ ਅਰੂਣਾ ਨੂੰ ਮਿਲ ਚੁੱਕੀ ਸੀ। ਪਰ ਹੁਣ ਪਾਣੀ ਸਿਰ ਉਪਰੋਂ ਦੀ ਲੰਘ ਗਿਆ ਸੀ। ਕਹਿੰਦੇ ਨੇ ਚਿੰਤਾ ਚਿਖਾ ਬਰਾਬਰ ਹੁੰਦੀ ਆ! ਪੁੱਤਰ ਦੇ ਗ਼ਮ ਨਾਲ ਅਰੂਣਾ ਨੂੰ ਬੀਮਾਰੀਆਂ ਨੇ ਘੇਰ ਲਿਆ। ਸ਼ੂਗਰ ਦੀ ਵਜ੍ਹਾ ਨਾਲ ਅੱਖਾਂ ਦੀ ਰੌਸ਼ਨੀ ਵੀ ਘੱਟਣ ਲੱਗ ਪਈ। ਇੱਕ ਜਮਾਇੱਕਾ ਦੀ ਕਹਾਵਤ ਹੈ, ਜ਼ਿੰਦਗੀ ਸੜਕ ਦੀ ਤਰ੍ਹਾਂ ਏ, ਅਗਰ ਉਸ ਉਪਰ ਲੱਗੇ ਸੂਚਿਤ ਬੋਰਡਾਂ ਵੱਲ ਬੇਧਿਆਨਾ ਹੋ ਜਾਵੇ, ਤਾਂ ਚਾਲਕ ਦੀ ਜ਼ਿੰਦਗੀ ਖਤਰਿਆਂ ਤੋਂ ਖਾਲੀ ਨਹੀਂ ਹੁੰਦੀ। ਇੱਕ ਦਿਨ ਅਰੂਣਾ ਨੇ ਚੰਦਰਭਾਨ ਨੂੰ ਕਿਹਾ, "ਸਾਡੇ ਇੱਕੋ ਹੀ ਬੇਟਾ ਏ, ਉਹ ਵੀ ਨਲਾਇਕ, ਕੰਮ ਕੀਹਦੇ ਲਈ ਕਰਦੇ ਆਂ?" ਅਰੂਣਾ ਦੇ ਦੁੱਖ ਭਰੇ ਬੋਲ ਸੁਣਕੇ, ਚੰਦਰਭਾਨ ਨੇ ਪੈਨਸ਼ਨ ਅਪਲਾਈ ਕਰ ਦਿੱਤੀ ਤੇ ਕੁਝ ਦੇਰ ਬਾਅਦ ਉਹ ਸੇਵਾਮੁਕਤ ਹੋ ਗਏ।

ਬੋਨੀ ਨਸ਼ੇ ਦੀ ਹਾਲਤ ਵਿਚ ਕਦੇ-ਕਦੇ ਘਰ ਆਉਂਦਾ। ਨਸ਼ੇ ਦੇ ਕੇਸ ਵਿਚ ਪੁਲਿਸ ਵੀ ਬੋਨੀ ਦੀ ਭਾਲ ਕਰ ਰਹੀ ਸੀ। ਉਹ ਕਈ ਵਾਰ ਘਰ ਆਈ, ਪਰ ਉਹ ਖਾਲੀ ਹੱਥ ਪਰਤ ਜਾਂਦੀ ਰਹੀ। ਅਰੂਣਾ ਦੀ ਸਿਹਤ ਦਿਨ-ਬ-ਦਿਨ ਵਿਗੜਦੀ ਜਾ ਰਹੀ ਸੀ। ਇੱਕ ਮੰਦਭਾਗਾ ਦਿਨ ਚੜ੍ਹਿਆ। ਅਰੂਣਾ ਦੇ ਸਾਹਾਂ ਦਾ ਅੰਤ ਹੋ ਗਿਆ। ਚੰਦਰਭਾਨ ਨੇ ਸਕੇ ਸਬੰਧੀ ਤੇ ਦੋਸਤਾਂ ਦੀ ਮਦਦ ਨਾਲ ਅਰੂਣਾ ਦੇ ਸਸਕਾਰ ਦਾ ਪ੍ਰਬੰਧ ਕੀਤਾ। ਬੋਨੀ ਮਾਂ ਦੇ ਸਸਕਾਰ 'ਤੇ ਵੀ ਨਾ ਆਇਆ। ਲੋਕ ਚਰਚਾ ਸੀ ਕਿ ਬੋਨੀ ਨੂੰ ਨਸ਼ੇ ਦੇ ਕੇਸ ਵਿਚ ਸਜ਼ਾ ਹੋਈ ਹੈ। ਮਾਂ ਦੀ ਮੌਤ ਦਾ ਉਸ ਨੂੰ ਜੇਲ੍ਹ ਵਿਚ ਹੀ ਪਤਾ ਲੱਗਿਆ ਸੀ।

ਅਰੂਣਾ ਦੇ ਜਾਣ ਤੋਂ ਬਾਅਦ ਚੰਦਰਭਾਨ ਘਰ ਵਿਚ ਪਾਗਲਾਂ ਵਾਂਗ ਘੁੰਮਦਾ ਰਹਿੰਦਾ। ਉਸ ਦੀ ਜ਼ਿੰਦਗੀ ਬੀਆਬਾਨ ਦਾ ਰੁੱਖ ਬਣ ਗਈ ਸੀ। ਉਸ ਨੂੰ ਇੰਝ ਲੱਗਦਾ, ਜਿਵੇਂ ਉਹ ਪਿਛਲੇ ਜਨਮ ਦੀ ਸਜ਼ਾ ਭੁਗਤ ਰਿਹਾ ਹੋਵੇ। ਬੋਨੀ ਤਿੰਨ ਮਹੀਨੇ ਬਾਅਦ ਜੇਲ੍ਹ ਤੋਂ ਬਾਹਰ ਆਇਆ। ਜਿਸ ਦੇ ਆਉਣ ਦੀ ਖੁਸ਼ੀ ਨਾ ਹੋਵੇ, ਜਾਣ ਦੀ ਕੀ ਹੋਣੀ ਏ! ਚੰਦਰਭਾਨ ਦਾ ਵੀ ਇਹੋ ਹਾਲ ਸੀ। ਇਕ ਦਿਨ ਉਹ ਸੋਫੀ ਹਾਲਤ ਵਿਚ ਆਇਆ, ਚੰਦਰਭਾਨ ਨੇ ਮੌਕਾ ਦੇਖਦਿਆ ਗੱਲ ਤੋਰੀ, "ਬੇਟਾ ਤੇਰੀ ਮੰਮੀ ਦੀਆਂ ਅਸਥੀਆਂ ਭਾਰਤ ਜਾ ਕੇ ਉਤਾਰ ਆਈਏ? ਕਈ ਮਹੀਨੇ ਹੋ ਗਏ ਸ਼ਮਸ਼ਾਨ ਘਾਟ 'ਚ ਪਈਆਂ ਨੇ, ਮੇਰੇ ਕੱਲੇ 'ਚ ਜਾਣ ਦੀ ਹਿੰਮਤ ਨਹੀਂ, ਲੰਬਾ ਸਫਰ ਏ"। "ਸੁਣਿਆ ਅਸਥੀਆਂ ਨੂੰ ਬਹੁਤੀ ਦੇਰ ਨਹੀਂ ਰੱਖੀਦਾ! ਜੇ ਮੈਨੂੰ ਕੁਝ ਹੋ ਗਿਆ ਸਿਵਿਆਂ 'ਚ ਹੀ ਰੁਲਣਗੀਆਂ"। "ਤੇਰੀ ਮੰਮੀ ਦੀ ਇੱਛਾ ਸੀ ਕਿ ਮੈਂ ਜਿਉਂਦੇ ਜੀਅ ਤਾਂ ਨਾ ਜਾ ਸਕੀ। ਪਰ ਮੇਰੀਆਂ ਅਸਥੀਆਂ ਭਾਰਤ ਜ਼ਰੂਰ ਲੈ ਜਾਓ!"

ਬੋਨੀ ਗੱਲ ਕੱਟਦਾ ਬੋਲਿਆ, "ਡੈਡ ਸ਼ਮਸ਼ਾਨ ਘਾਟ ਵਿਚ ਕਿੰਨੀ ਦੇਰ ਰੱਖ ਸਕਦੇ ਆ"? "ਵੱਧ ਤੋਂ ਵੱਧ ਇੱਕ ਸਾਲ"। "ਥੋੜੀ ਰੁੱਕ ਜਾਨੇ ਆ ਡੈਡ, ਸ਼ਾਇਦ ਤੂੰ ਵੀ ਥੋੜੀ ਦੇਰ ਤੱਕ ਚਲਿਆ ਜਾਵੇਂ"! "ਦੋਵਾਂ ਦੀਆ ਇਕੱਠੀਆਂ ਹੀ ਪਾ ਆਵਾਂਗਾ"। ਪੁੱਤ ਦੇ ਬੋਲ ਸੁਣ ਕੇ ਚੰਦਰਭਾਨ ਦੇ ਪੈਰਾਂ ਥੱਲਿਓ ਜਿਵੇਂ ਜ਼ਮੀਨ ਖਿਸਕ ਗਈ ਸੀ। ਉਹ ਪੱਥਰ ਦੀ ਮੂਰਤ ਬਣਿਆ ਉਤਾਂਹ ਵਲ ਵੇਖਣ ਲੱਗ ਪਿਆ। ਥੋੜੀ ਦੇਰ ਬਾਅਦ ਧੜੱਮ ਦੀ ਆਵਾਜ਼ ਆਈ, ਚੰਦਰਭਾਨ ਫਰਸ਼ 'ਤੇ ਪਿਆ ਸੀ। ਉਸ ਦੇ ਅੰਦਰਲਾ ਭੌਰ ਉਡਾਰੀ ਮਾਰ ਗਿਆ ਸੀ। ਸਾਹਮਣੇ ਵਾਲੀ ਖਿੜਕੀ ਦੀਆਂ ਤਾਕੀਆਂ ਤੇਜ਼ ਹਵਾ ਦੇ ਬੁੱਲ੍ਹੇ ਨਾਲ ਠਾਹ ਕਰਕੇ ਬੰਦ ਹੋ ਗਈਆਂ। ਕਿਸੇ ਨੇ ਸੱਚ ਹੀ ਕਿਹਾ ਏ, ਸਮਾਂ ਚੰਗਾ ਹੈ, ਸਭ ਕੁਝ ਤੁਹਾਡਾ, ਸਮਾਂ ਬੁਰਾ ਹੈ ਤੁਹਾਡਾ ਆਪਣਾ ਵੀ ਨਹੀਂ!.........

# ਗੁਰੂ ਨਾਨਕ ਪਾਤਸ਼ਾਹ ਦਾ ਉਪਦੇਸ਼ ਤੇ ਸਿੱਖ ਕੌਮ?

ਗੁਰੂ ਦੇ ਪੰਥ ਦਾ ਦਾਸ
ਗੁਰਚਰਨ ਸਿੰਘ ਜਿਉਣਵਾਲਾ
+1-647-966-3132
ਪੰਜਾਬ ਮੇਲ USA



ਗੁਰੂ ਨਾਨਕ ਪਿਤਾ ਜੀ! ਤੁਹਾਡੇ ਮੂਹਰੇ ਕੋਈ ਧਾਰਮਿਕ ਅੜਚਨਾਂ ਨਹੀਂ ਸਨ, ਜਦੋਂ ਤੁਸੀਂ ਲੋਕ ਭਲਾਈ ਦਾ ਕੰਮ ਕੀਤਾ। ਤੁਸੀਂ ਮਾਨਵਵਾਦ ਦਾ ਉਪਦੇਸ਼ ਇਲਾਕਾਈ-ਵੰਡ, ਧਾਰਮਿਕ-ਵੰਡ, ਜਾਤ-ਵੰਡ, ਰੰਗ-ਭੇਦ ਵੰਡ ਤੋਂ ਉਪਰ ਉੱਠ ਕੇ ਦਿੱਤਾ। ਕੀ ਗੋਰਾ, ਕੀ ਕਾਲਾ, ਕੀ ਹਿੰਦੂ ਕੀ ਮੁਸਲਮਾਨ, ਕੀ ਬੋਧੀ ਕੀ ਜੈਨੀ।

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ ਪੰਨਾ 747, ਮ: 5॥

ਤੁਹਾਡਾ ਉਪਦੇਸ਼ ਹੈ ਕਿ ਰੱਬ ਇਕ ਹੈ ਤੇ ਉਹ ਸਾਰਿਆਂ ਦਾ ਸਾਂਝਾ ਪਿਤਾ ਹੈ। ਗਿਆਨ ਹੀ ਗੁਰੂ ਹੈ, ਗਿਆਨ ਹੀ ਟਿੱਕਾ, ਧੋਤੀ, ਜਨੇਊ ਤੇ ਜਪਮਾਲੀ ਹੈ। ਗਿਆਨ ਹੀ ਤੀਰਥ ਯਾਤਰਾ ਹੈ। ਬੁਰਿਆਈ ਖਤਮ ਕਰੋ, ਚੰਗਿਆਈ ਨੂੰ ਅਪਣਾਓ ਤੇ ਉਜਾਗਰ ਕਰੋ। ਅਸੀਂ ਸਾਰੇ ਬਰਾਬਰ ਹਾਂ ਤੇ ਸਾਨੂੰ ਇੱਜ਼ਤ-ਮਾਣ ਨਾਲ ਜਿਊਣਾ ਚਾਹੀਦਾ ਹੈ। ਕੋਈ ਬੰਦਾ ਪੂਜਣ ਯੋਗ ਨਹੀਂ, ਔਰਤਾਂ ਨਿੰਦਣਯੋਗ ਨਹੀਂ, ਸਗੋਂ ਧੰਨਤਾ ਦੇ ਯੋਗ ਹਨ, ਜਿਹੜੀਆਂ ਰਾਜੇ, ਰੰਕ ਤੇ ਸੁੱਚੇ ਅਖਵਾਉਣ ਵਾਲੇ ਬ੍ਰਾਹਮਣ ਨੂੰ ਵੀ ਜਨਮ ਦਿੰਦੀਆਂ ਹਨ। ਤੁਸੀਂ ਸਾਨੂੰ ਪੂਰਨ ਆਜ਼ਾਦੀ ਦਾ ਉਪਦੇਸ਼ ਦਿੱਤਾ ਤੇ ਅਸੀਂ ਅੱਜ ਸਾਧਾਂ-ਸੰਤਾਂ ਦੇ ਗੁਲਾਮ ਬਣ ਕੇ ਰਹਿ ਗਏ। ਤੁਸੀਂ ਸਾਨੂੰ ਧਾਰਮਿਕ, ਸਮਾਜਿਕ, ਰਾਜਨੀਤਿਕ ਤੇ ਵਿਗਿਆਨਕ ਲੀਹਾਂ 'ਤੇ ਚੱਲਣ ਦਾ ਉਪਦੇਸ਼ ਦਿੱਤਾ ਤੇ ਅਸੀਂ ਟੂਣੇ-ਟਾਮਣ, ਮੜੀਆਂ-ਮਸਾਣਾਂ, ਜਠੇਰਿਆਂ ਦੀ ਪੂਜਾ ਕਰਨ ਲੱਗ ਪਏ ਹਾਂ।

ਬਾਬਾ ਜੀ! ਤੁਸੀਂ ਕਿਤਨੇ ਵੱਡੇ ਸੀ, ਤਕੜੇ ਸੀ, ਦਲੇਰ ਸੀ, ਬਹਾਦਰ ਸੀ, ਅਕਲਮੰਦ, ਸੂਝਵਾਨ, ਦੂਰ-ਅੰਦੇਸ਼ ਤੇ ਨਿਡਰ ਸੀ, ਇਹ ਸਾਡੀ ਸਮਝ ਤੋਂ ਪਰ੍ਹੇ ਦੀ ਗੱਲ ਹੈ? ਤੁਸੀਂ ਵੱਡੇ ਕੱਦ ਵਾਲੇ! ਵੱਡੀ ਅਕਲ ਵਾਲੇ! ਜਦੋਂ ਘਰੋਂ ਨਿਕਲੇ ਤਾਂ ਘਰਦਿਆਂ ਨਾਲ ਟੱਕਰ, ਸਮਾਜ ਵਿਚ ਗਏ ਤਾਂ ਹਰ ਇਕ ਨਾਲ ਅਕਲ-ਮੌਤ ਵਾਲੀ ਟੱਕਰ। ਤੁਹਾਡੀ ਪਾਂਧੇ ਨਾਲ, ਮੌਲਵੀ ਨਾਲ, ਯੋਗੀਆਂ ਨਾਲ, ਡਾਕੂਆਂ ਨਾਲ, ਚੋਰਾਂ ਨਾਲ, ਰਾਜੇ ਨਾਲ, ਸ਼ੀਂਹ ਨਾਲ ਓਹੀ ਵਿਚਾਰਾਂ ਦੀ ਟੱਕਰ। ਅਮੀਰ ਨਾਲ ਲੁੱਟ ਦੇ ਵਿਰੋਧ ਵਿਚ ਟਕਰਾ ਤੇ ਗਰੀਬ ਨਾਲ ਲੁੱਟੇ ਜਾਣ ਦੇ ਵਿਰੋਧ ਵਿਚ ਟਕਰਾ। ਮੱਲ ਮਾਰ ਮਲਕ ਭਾਗੋਆਂ ਨਾਲ ਖੋਹ ਖਿੰਝ ਦੀ ਟੱਕਰ ਤੇ ਗਰੀਬੜਿਆਂ ਨਾਲ ਖੋਹੇ ਜਾਣ ਦੀ ਟੱਕਰ। ਗੁਰਬਾਣੀ ਦਾ ਫੁਰਮਾਨ ਹੈ:-

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ 142, ਮ:1॥

ਗਰੀਬ ਨੂੰ ਸੰਦੇਸ਼ ਹੈ ਕਿ ਤੂੰ ਤਕੜਾ ਹੋ, ਆਪਣੇ ਹੱਕਾਂ ਦੀ ਪਹਿਚਾਣ ਕਰ ਤੇ ਹੱਕ ਲੈਣ ਲਈ ਤਕੜਾ ਹੋ ਕੇ ਲੜ। ਨਹੀਂ ਤਾਂ ਤੇਰਾ ਖਾਣਾ ਵੀ ਹਰਾਮ ਤੇ ਤੇਰਾ ਜਿਉਣਾ ਵੀ ਹਰਾਮ ਅਤੇ ਮਰਿਆ ਤਾਂ ਤੂੰ ਹੈਂ ਹੀ। ਬਾਬਾ ਜੀ! ਸਿਵਾਏ ਮਰਦਾਨੇ ਦੇ ਤੁਹਾਨੂੰ ਸਮਝਣ ਵਾਲਾ ਹੋਰ ਕੋਈ ਨਹੀਂ ਸੀ ਪਰ ਅਸ਼ਕੇ ਜਾਈਏ ਤੁਹਾਡੇ ਸਿਰੜਪੁਨੇ ਦੇ। ਤੁਸੀਂ ਪਿਛਾਂਹ ਭਉਂ ਕੇ ਨਹੀਂ ਵੇਖਿਆ। ਅੱਠ-ਅੱਠ ਨੌਂ ਸਾਲ ਅੱਗੇ ਦੀ ਅੱਗੇ ਤੁਰਦੇ ਹੀ ਗਏ। ਅਤੇ ਅੱਜ ਦੇ ਲੋਕ? ਤੁਸੀਂ ਦਰਿਆਵਾਂ ਨੂੰ ਪਾਰ ਕੀਤਾ, ਰੇਗਸਤਾਨ ਵੀ ਪਾਰ ਕੀਤੇ। ਤੁਸੀਂ ਪਹਾੜ ਵੀ ਟੱਪ ਗਏ, ਜੰਗਲ ਬੇਲੇ ਵੀ ਲੰਘ ਗਏ। ਤੁਸੀਂ ਗਰੀਬਾਂ ਦੀਆਂ ਝੁੱਗੀਆਂ ਵਿਚ ਰਾਤਾਂ ਤਾਂ ਗੁਜਾਰੀਆਂ ਹੀ ਗੁਜਾਰੀਆਂ ਪਰ ਉਨ੍ਹਾਂ ਗਰੀਬਾਂ ਕੋਲੋਂ ਲੈ ਕੇ ਖਾਣਾ ਵੀ ਖਾਦਾ। ਸੁੱਚ-ਭਿੱਟ ਤੇ ਜੂਠ ਦਾ ਸਵਾਲ ਹੀ ਨਹੀਂ ਖੜ੍ਹਾ ਕੀਤਾ। ਪਰ ਅੱਜ ਦਾ ਸਮਾਜ? ਤੁਸੀਂ ਹਿੰਦੂਆਂ ਕੋਲ ਗਏ, ਮੁਲਸਮਾਨਾਂ ਕੋਲ ਗਏ, ਮੱਕੇ ਤੇ ਮਦੀਨੇ ਗਏ, ਬਗਦਾਦ ਵੀ ਗਏ, ਜਗਤੇਸ਼ਵਰ ਗਏ, ਜਗਨਨਾਥ ਪੁਰੀ (ਉੜੀਸਾ) ਵੀ ਗਏ, ਨਾਨਕਿੰਗ (ਚੀਨ) ਤੇ ਲੇਹ ਲੱਦਾਖ ਵੀ ਗਏ। ਕੀ ਤੁਸੀਂ ਆਪਣੇ ਵੈਸ਼ਨਵ ਭੋਜਨ ਦੇ ਡਰੱਮ ਭਰ ਕੇ ਨਾਲ ਲੈ ਗਏ ਸੀ? ਨਹੀਂ। ਅੱਜ ਪੁੱਛੋ ਖਾਂ ਆ ਕੇ ਭਾਈ ਰਣਧੀਰ ਸਿੰਘੀਆਂ ਨੂੰ, ਟਕਸਾਲੀਆਂ ਨੂੰ ਜਿਹੜੇ ਅੱਜ ਮੱਝਾਂ ਗਾਵਾਂ ਅਤੇ ਘਾਹ ਨੂੰ ਵੀ ਅੰਮ੍ਰਿਤ (ਖੰਡੇ-ਬਾਟੇ ਦੀ ਪਾਹੁਲ) ਛਕਾ ਕੇ ਕਛਿਹਰੇ ਪੁਆਉਣ ਲਈ ਤਿਆਰ ਬੈਠੇ ਹਨ। ਇਬਨ ਬਿਤੂਤਾ ਦਾ ਤਾਂ ਮਿਸ਼ਨ ਹੀ ਹੋਰ ਸੀ। ਬਾਬਾ ਜੀ! ਤੁਹਾਡੇ ਕੋਲ ਨਾ ਗੱਡਾ ਨਾ ਭੇਡਾਂ, ਨਾ ਉੱਠ, ਨਾ ਬੈਲ, ਨਾ ਖੋਤਾ, ਨਾ ਘੋੜਾ, ਨਾ ਸਾਈਕਲ, ਨਾ ਕਾਰ ਤੇ ਨਾ ਹੀ ਹਵਾਈ ਜਹਾਜ਼। ਇਸ ਕਰਕੇ ਮਾਰਿਆ ਸਿਕਾ ਜਗਤੁ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥ ਚਲਾਉਣ ਵਾਲੇ ਤੁਸੀਂ ਹੀ ਪਹਿਲੇ ਤੇ ਆਖਰੀ ਸਭ ਤੋਂ ਲੰਮਾ ਪੈਂਡਾ ਤੁਰ ਕੇ ਪ੍ਰਚਾਰ ਕਰਨ ਵਾਲੇ, ਹਰ ਮੁਸੀਬਤ ਨੂੰ ਫਤਿਹ ਕਰਕੇ ਪੱਚੀ-ਤੀਹ ਸਾਲਾਂ ਵਿਚ ਕਰੋੜਾਂ ਲੋਕਾਂ ਨੂੰ ਸਿੱਧੇ ਤੇ ਸਰਲ ਰਾਹ ਪਾਉਣ ਵਾਲੇ, ਪ੍ਰਮਾਤਮਾ ਦਾ ਸੁਨੇਹਾ ਘਰ-ਘਰ ਪਹੁੰਚਾਉਣ ਵਾਲੇ ਪਰਮ-ਪੁਰਸ਼ ਤੇ ਉਤਮ ਪੁਰਸ਼, 'ਜਾਹਰ ਪੀਰ ਜਗਤ ਗੁਰੂ ਬਾਬਾ' ਹੋ। ਤੇ ਅੱਜ ਤੁਹਾਡੇ ਸੰਦੇਸ਼ ਨੂੰ ਮੰਨਣ ਵਾਲੇ ਲੋਕ ਸਾਧਾਂ ਦੇ ਡੇਰਿਆਂ 'ਚ ਜਾ ਕੇ ਪੈਰਾਂ 'ਤੇ ਲਿਟਦੇ ਦਿਖਾਈ ਦਿੰਦੇ ਹਨ।

ਗੁਰੂ ਨਾਨਕ ਪਿਤਾ ਦੇ ਉਪਦੇਸ਼ ਤੇ ਸੰਦੇਸ਼ ਨੂੰ ਇੰਨ-ਬਿੰਨ ਸਾਂਭਣ, ਪ੍ਰਚਾਰਣ ਤੇ ਲਾਗੂ ਕਰਨ ਹਿਤ ਗੁਰੂ ਅਰਜਨ ਪਿਤਾ ਤਾਂ ਸਰਕਾਰੀ ਤਸੀਹੇ ਝੱਲਦੇ ਹੋਏ ਕੁਰਬਾਨੀ ਦੇ ਗਏ। ਛੇਵੇਂ ਗੁਰੂ ਜੀ ਨੇ ਇਸੇ ਸਿਧਾਂਤ ਦੀ ਰਾਖੀ ਕਰਦੇ ਹੋਏ ਚਾਰ ਯੁੱਧ ਲੜੇ, ਜਿੱਤ ਪ੍ਰਾਪਤ ਕੀਤੀ, ਤੇ ਸਰਕਾਰ ਨੂੰ ਇਹ ਸੁਨੇਹਾ ਪਹੁੰਚਾ ਦਿੱਤਾ ਕਿ ਹੁਣ ਇਸ ਮੁਲਕ 'ਚ ਆਪਣੇ ਹੱਕਾਂ ਦੀ ਰਾਖੀ ਕਰਨ ਵਾਲੀ ਕੌਮ ਪੈਦਾ ਹੋ ਚੁੱਕੀ ਹੈ। ਅੱਠਵੇਂ ਗੁਰੂ ਜੀ ਨੂੰ ਔਰੰਗਜ਼ੇਬ ਦੇ ਦਰਬਾਰ 'ਚ ਪੀਣ ਵਾਸਤੇ ਦਿੱਤੇ ਗਏ ਕਿਸੇ ਕਿਸਮ ਦੇ ਰਸ ਵਿਚ ਕੁੱਝ ਮਿਲਾਕੇ ਦੇ ਦਿੱਤਾ ਗਿਆ ਤੇ ਉਹ ਸ਼ਹੀਦੀ ਪ੍ਰਾਪਤ ਕਰ ਗਏ ਪਰ ਈਨ ਨਹੀਂ ਮੰਨੀ। ਨੌਂਵੇਂ ਗੁਰੂ ਤੇਗ ਬਹਾਦਰ ਜੀ ਨੂੰ ਤੁਹਾਡਾ ਸਿਧਾਂਤ ਪ੍ਰਚਾਰਣ ਹਿਤ ਦਿੱਲੀ ਚਾਂਦਨੀ ਚੌਕ 'ਚ ਸ਼ਹੀਦ ਕਰ ਦਿੱਤਾ ਗਿਆ, ਮਾਤਾ ਗੁਜਰੀ ਜੀ, ਸਮੇਤ ਆਪਣੇ ਛੋਟੇ ਪੋਤਰਿਆਂ ਦੇ, ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਗਏ। ਦਸਵੇਂ ਪਿਤਾ, ਗੁਰੂ ਗੋਬਿੰਦ ਸਿੰਘ ਜੀ, ਵੀ ਛੁਰਾ ਮਾਰ ਕੇ ਸ਼ਹੀਦ ਕਰ ਦਿੱਤੇ ਗਏ। ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ। ਲੱਖਾਂ ਸਿੰਘ, ਸਿੰਘਣੀਆਂ ਤੇ ਬੱਚੇ ਜੋ ਇਸ ਸਿੱਖੀ ਦੇ ਬੂਟੇ ਨੂੰ ਸਿੰਜ ਕੇ ਵੱਡਾ ਕਰਨਾ ਚਾਹੁੰਦੇ ਸਨ, ਮਾਰ ਮੁਕਾ ਦਿੱਤੇ ਗਏ, ਸ਼ਹੀਦ ਕਰ ਦਿੱਤੇ ਗਏ। ਅੱਜ ਦਾ ਸਿੱਖ ਤਾਂ ਆਪਣੀ ਚੀਚੀ ਦੇ ਨਹੁੰ 'ਤੇ ਵੀ ਝਰੀਟ ਲੱਗਣ ਤੋਂ ਕੰਨੀਂ ਕਤਰਾਉਂਦਾ ਹੈ ਪਰ ਸੋਹਲੇ ਉਪਰ ਵਰਣਤ ਸ਼ਹੀਦਾਂ ਦੇ ਹੀ ਗਾਉਂਦਾ ਹੈ। ਜੋ ਹਾਲਤ ਅੱਜ ਸਿੱਖ ਸਿਧਾਂਤਾਂ ਦੀ ਕਰ ਦਿੱਤੀ ਗਈ ਹੈ, ਕੀ ਉਹ ਸਿਰਫ ਸੋਹਲੇ ਗਾਉਣ ਨਾਲ ਠੀਕ ਹੋ ਜਾਵੇਗੀ? ਗੁਰਬਾਣੀ ਪੜ੍ਹ ਕੇ ਲੋਕ ਆਪਣੇ ਹੱਕਾਂ ਲਈ ਉਠੇ, ਲੜ ਭਿੜ ਮਰੇ ਅਤੇ ਅੱਜ ਦੇ ਸਾਧ, ਆਪਣੀ ਵਪਾਰਕ ਬਿਰਤੀ ਅਨੁਸਾਰ, ਸਾਨੂੰ ਚੌਕੜੇ ਮਰਵਾ ਕੇ 'ਵਾਹਿ ਗੁਰੂ' ਅੱਖਰ ਦਾ ਜਾਪ ਕਰਨਾ ਸਿਖਾ ਰਹੇ ਹਨ। ਬਾਬਾ ਜੀ! ਤੁਸੀਂ ਤੇ ਅਗਲੇ ਚਾਰ ਗੁਰੂ ਸਾਹਿਬਾਨ ਨੇ ਆਪਣੀ ਸਾਰੀ ਬਾਣੀ ਵਿਚ ਲਫਜ਼ 'ਵਾਹਿ ਗੁਰੂ' ਨਹੀਂ ਵਰਿਤਆ। ਅੱਜ ਦੇ ਸਾਧਾਂ ਨੇ ਤੁਹਾਨੂੰ ਭੁੱਲੜ ਸਾਬਤ ਕਰ ਦਿੱਤਾ ਹੈ। ਕੀ ਤੁਸੀਂ ਵਾਕਿਆ ਹੀ ਭੁੱਲੜ ਹੋ? ਮਾਨਵਵਾਦ ਦੇ ਦੁਸ਼ਮਣ ਦਾ ਅਜਗਰ ਮਨੁੱਖਤਾ ਨੂੰ ਨਿਗਲ ਚੁੱਕਿਆ ਹੈ ਤੇ ਅਸੀਂ ਸੁੱਤੇ ਪਏ ਹੀ ਡੀਗਾਂ ਮਾਰੀ ਜਾਨੇ ਹਾਂ।

ਬਾਬਾ ਜੀ ਤੁਸੀਂ ਸਾਨੂੰ ਸਿੱਧੇ ਖੜ੍ਹਾ ਕੀਤਾ, ਇੱਜ਼ਤ-ਮਾਣ ਨਾਲ ਜਿਊਣ ਦਾ ਉਪਦੇਸ਼ ਦਿੱਤਾ ਤੇ ਅਸੀਂ ਅੱਜ ਆਪਣੀ ਇੱਜ਼ਤ-ਮਾਣ ਦੀ ਗੱਲ ਭੁਲਾ ਕੇ ਆਪਣੀਆਂ ਧੀਆਂ ਭੈਣਾਂ ਇਨ੍ਹਾਂ ਬੂਬਨਿਆਂ ਦੇ ਡੇਰਿਆਂ ਤੇ ਖੁਦ ਭੇਜ ਕੇ ਖੁਸ਼ ਹੋ ਰਹੇ ਹਾਂ ਕਿਉਂਕਿ ਵੱਟੇ ਵਿਚ ਉਹ ਸਾਡਾ ਅਗਲਾ ਜਨਮ ਸੰਵਾਰਨ ਦਾ ਲਾਰਾ ਲਾ ਕੇ ਸਾਨੂੰ ਆਸ਼ੀਰਵਾਦ ਦਿੰਦੇ ਹਨ। ਡੇਰੇ 'ਤੇ ਅਸੀਂ ਦੁੱਧ ਚੜ੍ਹਾ ਕੇ ਆਪਣਾ ਡੋਲੂ ਜਲ (ਪਾਣੀ ਉਹ ਵੀ ਟੂਟੀ ਦਾ) ਨਾਲ ਭਰ ਕੇ ਬੜੇ ਖੁਸ਼ ਹੁੰਦੇ ਹਾਂ। ਓਹ ਭਲਿਓ! ਤੁਸੀਂ ਕਿਉਂ ਖੁਸ਼ੀ 'ਚ ਫੁੱਲੇ ਨਹੀਂ ਸਮਾਉਂਦੇ? ਤੁਹਾਨੂੰ ਕਾਸ ਦੀ ਖੁਸ਼ੀ, ਕਿਸ ਦੀ ਖੁਸ਼ੀ? ਖੁਸ਼ ਤਾਂ ਸਾਧ ਹੋਣ ਜਿਨ੍ਹਾਂ ਨੇ ਆਪਣਾ ਪਾਣੀ ਤੁਹਾਡੇ ਦੁੱਧ ਨਾਲ ਵਟਾ ਲਿਆ। 'ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ' ਦੀ ਕਹਾਵਤ ਪੰਜਾਬੀਆਂ ਨੇ ਭੁੱਲਾ ਦਿੱਤੀ। ਬਹੁਤ ਸਾਰੀਆਂ ਸਾਡੀਆਂ ਧੀਆਂ-ਭੈਣਾਂ ਅੱਜ ਚੁੱਪ ਕਰਕੇ ਵੀ ਇਸ ਪੀੜ ਨੂੰ ਸਹਾਰੀ ਜਾਂਦੀਆਂ ਹਨ ਕਿ ਬਾਬਾ ਜੀ ਮੇਰੇ ਮਾਂ-ਬਾਪ ਜਾਂ ਭਰਾ ਨੂੰ ਕਿਸੇ ਬਾਹਰਲੇ ਮੁਲਕ ਵਿਚ ਲੈ ਜਾਣਗੇ। ਸਾਡੇ ਵਿਚ ਹੈ ਕੋਈ ਸਿੱਖੀ ਵਾਲਾ ਜਾਂ ਪੰਜਾਬੀਅਤ ਵਾਲਾ ਕਣ? ਪੰਜਾਬੀਆਂ ਵਿਚ ਅੱਜ ਵੀ ਰਾਜਾ ਸਲਵਾਨ ਲੂਣਾਂ ਦੇ ਕਲੀਰੇ ਖੋਲ੍ਹ ਰਿਹਾ ਹੈ ਪਰ ਲੂਣਾਂ ਦਾ ਹਾਣੀ ਤਾਂ ਪੂਰਨ ਹੈ ਨਾ। ਕੌਣ ਸਮਝਾਵੇ ਸਾਨੂੰ ਕੇ ਅਸੀਂ ਅਪਣੀ ਧੀ ਨੂੰ ਸਾਧਵੀ ਬਣਾ ਕੇ ਆਪਣੇ ਮੌਫਾਦ ਲਈ ਇਹ ਦੁਸ਼ਟ-ਕਰਮ ਨਾ ਕਰੀਏ?

ਮਨੁੱਖਤਾ ਨੂੰ ਅੱਜ ਦੋ ਤਰ੍ਹਾਂ ਦੇ 'ਚਿੱਟੇ' ਖਾ ਰਹੇ ਹਨ। ਇਕ ਚਿੱਟਾ, ਜੋ ਸਾਨੂੰ ਸਾਡੇ ਸਿਆਸਤਦਾਨਾਂ ਨੇ ਦਿੱਤਾ ਤੇ ਅਸੀਂ ਹੱਸ ਕੇ ਲੈ ਲਿਆ, ਇਸ ਨੇ ਸਾਨੂੰ ਕੱਖੋਂ ਹਉਲੇ ਕਰ ਦਿੱਤਾ, ਇਸ ਨੇ ਸਾਨੂੰ ਖਾ ਲਿਆ। ਇਸ 'ਚਿੱਟੇ' ਤੋਂ ਤਾਂ ਸਾਡਾ ਖਹਿੜਾ ਆਪਣੇ ਆਪ ਛੁੱਟ ਜਾਊ, ਜਦੋਂ ਸਾਡੇ ਕੋਲ ਕੁੱਝ ਵੀ ਨਾ ਹੋਇਆ, ਇਸ ਨੂੰ ਖਰੀਦਣ ਵਾਸਤੇ। ਪਰ 'ਚਿੱਟੇ ਚੋਲੇ' ਤੋਂ ਸਾਡਾ ਖਹਿੜਾ ਕੌਣ ਛੁਡਾਊ? ਕਿਵੇਂ ਛਡਾਊ? ਜਿਤਨਾ ਚਿਰ ਸਾਡੇ ਵਿਚ ਜਾਨ ਹੈ, ਉਤਨਾ ਚਿਰ ਇਸ ਤੋਂ ਸਾਡਾ ਖਹਿੜਾ ਨਹੀਂ ਛੁੱਟਣਾ। ਕਈਆਂ ਥਾਵਾਂ 'ਤੇ ਇਨ੍ਹਾਂ ਹਵਸੀ-ਪੁਜਾਰੀਆਂ ਨੇ ਸਾਡੀਆਂ ਲੋਥਾਂ ਨਾਲ ਵੀ ਬਲਾਤਕਾਰ ਕੀਤਾ, ਜੋ ਸਰਕਾਰੀ ਰਿਕਾਰਡ ਵਿਚ ਦਰਜ ਹੈ।

ਇਨ੍ਹਾਂ ਹੀ ਹਵਸੀ-ਪੁਜਾਰੀਆਂ ਨੂੰ ਅਸੀਂ ਗੁਰਦੁਆਰੇ ਰੂਪੀ ਠਾਠਾਂ, ਭੋਰੇ ਅਤੇ ਦਿਖਾਵੇ ਨੂੰ ਬਹੁਤ ਸਾਰੇ ਸਕੂਲ, ਕਾਲਜ ਅਤੇ ਹੋਸਟਲ ਵੀ ਖੋਲ੍ਹ ਕੇ ਦਿੱਤੇ ਹਨ। ਪਰ ਪੁਜਾਰੀ ਲੋਕ ਸਾਨੂੰ ਸਿੱਖੀ ਸਿਧਾਂਤਾਂ ਨਾਲ ਜੋੜਨ ਦੀ ਬਜਾਏ ਤੋੜਨ 'ਚ ਅਤੇ ਮਨੁੱਖਤਾ ਨੂੰ ਆਪਣੇ ਖੁਰੜਿਆਂ/ਪੈਰਾਂ 'ਤੇ ਢਹਿ-ਢੇਰੀ ਕਰਨ ਵਿਚ ਕਾਮਯਾਬ ਹੋਏ। ਸਿੱਖੀ ਦੇ ਅਸੂਲ ਤੇ ਸਕੂਲ ਨੂੰ ਪਾਸੇ ਕਰਕੇ ਇਨ੍ਹਾਂ ਓਹੀ ਬੁਸੀਆਂ ਕਰਾਮਾਤੀ ਕਹਾਣੀਆਂ ਸਾਨੂੰ ਅਤੇ ਸਾਡੇ ਬੱਚਿਆਂ ਨੂੰ ਸੁਣਾ-ਸੁਣਾ ਕੇ ਸਿੱਖ ਧਰਮ ਤੋਂ ਲੱਖਾਂ ਕੋਹਾਂ ਦੂਰ ਕਰ ਦਿੱਤਾ। ਸਕੂਲ ਵਿਚ ਜੇ ਅਧਿਆਪਕ ਨਾ ਹੋਵੇ, ਤਾਂ ਬੱਚੇ ਕੰਧਾਂ ਨੂੰ ਵੇਖ-ਵੇਖ ਕੇ ਕੁੱਝ ਨਹੀਂ ਸਿੱਖ ਪਾਉਣਗੇ ਅਤੇ ਉਹ ਫੇਲ੍ਹ ਹੋ ਜਾਣਗੇ। ਸਾਡੇ ਨਾਲ ਵੀ ਏਹੋ ਹੋਇਆ ਹੈ। ਮੰਨਣਾ ਜਾਂ ਨਾ ਮੰਨਣਾ ਸਾਡੀ ਆਪਣੀ ਮਰਜ਼ੀ ਹੈ। ਜੇਕਰ ਸਿੱਖ ਆਪਣੀ ਕੌਮ ਨੂੰ ਬਚਾਉਣਾ ਚਾਹੁੰਦੇ ਹਨ, ਤਾਂ 'ਸਿਖਿਆ ਕੇਂਦਰ' ਖੋਲ੍ਹਣ ਵੱਲ ਧਿਆਨ ਦੇਣ।

ਬਾਬਾ ਜੀ! ਤੁਹਾਡੇ ਸਿਧਾਂਤ ਦੀ ਰਾਖੀ ਕਰਨ ਵਾਲੀ ਸਿਰਮੌਰ ਜੱਥੇਬੰਦੀ ਸ਼੍ਰੋ. ਗੁ. ਪ੍ਰ. ਕਮੇਟੀ ਵੀ ਬ੍ਰਹਮਣਵਾਦ ਦੀ ਬੰਦੀ ਬਣ ਚੁੱਕੀ ਹੈ। ਸਾਡੇ ਧਾਰਮਿਕ ਲੀਡਰ/ਜੱਥੇਦਾਰ ਵੀ ਬੁਰਕੀ ਲਈ ਗੂਨਾ (ਮਹਾਂਰਾਸ਼ਟਰ) ਧਾਰਮਿਕ ਕੱਟੜਵਾਦ ਦੇ ਹੈੱਡ-ਕੁਆਟਰ ਗੇੜੇ ਮਾਰਦੇ ਨਹੀਂ ਥੱਕਦੇ। ਇਹੋ ਹਾਲ ਸਾਡੇ ਰਾਜਸੀ-ਨੇਤਾ ਦਾ ਹੈ। ਅਕਾਲੀ-ਦਲ ਦਾ ਭੋਗ ਪਾ ਕੇ, ਪੰਜਾਬੀ ਪਾਰਟੀ ਬਣਾ ਕੇ, ਗੁਰਦੁਆਰਿਆਂ ਦਾ ਰਾਜਸੀਕਰਣ ਕਰਕੇ, ਗੁਰੂ ਦੀਆਂ ਗੋਲਕਾਂ ਖਾਲੀ ਕਰ ਕਰ ਕੇ, ਕਦੀ ਹਵਨ ਤੇ ਕਦੀ ਰਾਮਾਇਣ ਦਾ ਪਾਠ ਕਰਾਉਂਦੇ ਵੀ ਨਹੀਂ ਸ਼ਰਮਾਉਂਦੇ। ਮੱਥੇ ਟਿਕਾ, ਗਲ ਮਾਲਾ ਤੇ ਜਗਰਾਤੇ ਕਰਾਉਣ ਦੀ ਤਾਂ ਗੱਲ ਹੀ ਛੱਡੋ, ਜਿਸ ਮਾਤਾ ਦੇਵੀ ਨੂੰ ਤੁਸੀਂ ਸਾਡਿਆਂ ਘਰਾਂ 'ਚੋਂ ਬਾਹਰ ਕੱਢਿਆ ਸੀ, ਉਸ ਦੀਆਂ ਭੇਟਾਂ ਗਾਉਂਦੇ ਸਾਡੇ ਜਵਾਨ ਲੀਡਰ ਉੱਕਾ ਹੀ ਨਹੀਂ ਥੱਕਦੇ।

ਮੌਲਵੀ ਤੇ ਪਾਦਰੀ ਵੀ ਕਿਸੇ ਗੱਲੋਂ ਘੱਟ ਨਹੀਂ। ਮਨੁੱਖਤਾ ਮਰ ਰਹੀ ਹੈ। ਰੋਮ ਸੜ ਰਿਹਾ ਹੈ ਤੇ ਨੀਰੂ ਬੰਸਰੀ ਵਜਾ ਰਿਹਾ ਹੈ। ਸਾਰੇ ਭਾਰਤ ਵਿਚ 80% ਅਬਾਦੀ ਗਰੀਬੀ ਦੀ ਦਲ-ਦਲ ਵਿਚ ਫਸੀ ਕਦੀ ਕਿਸੇ ਰਾਮਦੇਵ ਦੇ, ਸ਼ੰਕਰਾਚਰੀਆ ਦੇ, ਸੌਦੇ ਸਾਧ ਦੇ, ਕਦੀ ਕਿਸੇ ਸਾਧਵੀ ਦੇ ਅਤੇ ਰਾਜਸੀ ਲੀਡਰ ਦੇ ਚੱਕੀ ਦੇ ਪੁੜਾਂ ਵਿਚ ਪਿਸਦੀ ਨਜ਼ਰ ਆਉਂਦੀ ਹੈ। ਬਾਬਾ ਜੀ! ਇਹ ਤੇ ਤੁਹਾਡਾ ਉਪਦੇਸ਼ ਨਹੀਂ ਸੀ? ਇਸ ਕਰਕੇ ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਪੰਜਾਬੀ ਭਰਾਵਾਂ ਨੂੰ ਸਿੱਖਿਆ ਕੇਂਦਰ ਖੋਲ੍ਹਣ ਲਈ ਅਪੀਲ ਕਰਦੀ ਹੈ।

ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਪਿਛਲੇ 10-12 ਸਾਲਾਂ ਤੋਂ ਸੀ.ਡੀ., ਡੀ.ਵੀ.ਡੀਜ਼. ਵੰਡ ਕੇ, ਵੈੱਬਸਾਈਟ ਚਲਾ ਕੇ, ਅਖਬਾਰਾਂ ਵਿਚ ਲੇਖ ਛਾਪ-ਛਾਪ ਕੇ, ਮੈਗਜ਼ੀਨ ਛਾਪ-ਛਾਪ ਕੇ, ਸੈਮੀਨਾਰ ਕਰਵਾ-ਕਰਵਾ ਕੇ ਅਤੇ ਕਾਨਫਰੰਸ ਕਰਵਾ-ਕਰਵਾ ਕੇ ਪੰਜਾਬੀਆਂ ਵਿਚ ਜਾਗ੍ਰਿਤੀ ਲਿਆਣ ਦਾ ਉਪਰਾਲਾ ਕਰ ਰਹੀ ਹੈ। ਹੁਣ ਤੱਕ ਤਕਰੀਬਨ ਪੰਜ ਲੱਖ ਸੀ.ਡੀਜ਼. ਅਤੇ ਡੀ.ਵੀ.ਡੀਜ਼. ਬਣਾ ਕੇ ਦੁਨੀਆਂ ਭਰ 'ਚ ਵੰਡੀਆਂ ਜਾ ਚੁੱਕੀਆਂ ਹਨ ਤੇ 10,50,000 (ਦਸ ਲੱਖ ਪੰਜਾਹ ਹਜ਼ਾਰ) ਤੋਂ ਉਪਰ ਮੈਗਜ਼ੀਨ ਵੀ ਵੰਡੇ ਜਾ ਚੁੱਕੇ ਹਨ, (10,000.00) ਦਸ ਹਜ਼ਾਰ ਕਿਤਾਬਾਂ ਅੰਗਰੇਜ਼ੀ ਵਿਚ ਅਤੇ (20,000.00) ਵੀਹ ਹਜ਼ਾਰ ਕਿਤਾਬਾਂ ਪੰਜਾਬੀ ਵਿਚ ਸਿੱਖ ਸਿਧਾਂਤ ਬਾਰੇ ਛਾਪ ਕੇ ਵੰਡ ਰਹੀ ਹੈ। ਸਿੰਘ ਸਭਾ ਦੇ ਉਪਰਾਲੇ ਨਾਲ ਅੱਜ ਪੰਜਾਬ ਵਿਚ 125-130 ਸਿੱਖਿਆ ਕੇਂਦਰ ਚੱਲ ਰਹੇ ਹਨ। ਗੁਰਮਤਿ ਗਿਆਨ ਮਿਸ਼ਨਰੀ ਕਾਲਜ ਤੋਂ ਸਿੱਖਿਆ ਲੈ ਕੇ ਤਿਆਰ ਬਰ ਤਿਆਰ ਕਥਾ-ਵਾਚਕ/ਪ੍ਰਚਾਕ ਤਕਰੀਬਨ 600-700 ਪਿੰਡਾਂ ਵਿਚ ਲੋਕਾਂ ਨੂੰ ਸਿੱਧੇ ਅਤੇ ਸਰਲ ਰਾਹ ਪਾਉਣ ਲਈ ਜੁਟੇ ਹੋਏ ਹਨ। ਹੁਣ ਅਸੀਂ ਇਹ ਲੋੜ ਮਹਿਸੂਸ ਕਰ ਰਹੇ ਹਾਂ ਕਿ ਬਾਹਰਲੇ ਕਿਸੇ ਵੀ ਮੁਲਕ ਵਿਚ ਇਕ ਰਿਸਰਚ ਸੈਂਟਰ ਖੋਲ੍ਹਿਆ ਜਾਵੇ। ਯਹੂਦੀਆਂ ਵਾਂਗਰ ਸਾਨੂੰ ਅੱਜ ਬਹੁਤ ਵੱਡੇ ਪੈਮਾਨੇ ਤੇ ਪ੍ਰਚਾਰ ਕਰਕੇ 'ਗੁਰੂ ਨਾਨਕ ਮਿਸ਼ਨ', ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਦੀ ਲੋੜ ਹੈ। ਹੈ ਕੋਈ ਸੂਰਮਾ ਜੋ ਇਸ ਕੰਮ ਵਾਸਤੇ ਸਾਥ ਦੇਣ ਜਾਂ ਲੈਣ ਲਈ ਤਿਆਰ ਹੋਵੇ। ਧੰਨਵਾਦੀ ਹੋਵਾਂਗੇ।

# ਮਨੁੱਖੀ ਅਧਿਕਾਰ ਜਾਗਰੂਕਤਾ ਦਿਵਸ-2024

# "ਹੁਣੇ ਤੋਂ ਸਾਡੇ ਅਧਿਕਾਰ ਹੀ ਸਾਡਾ ਭੱਵਿਖ ਹਨ"

*"ਵਿਸ਼ਵ ਮਨੁੱਖੀ ਅਧਿਕਾਰ ਦਿਵਸ-2024 ਮਨੁੱਖੀ ਅਧਿਕਾਰ ਦੀ ਯੂਨੀਵਰਸਲ ਘੋਸ਼ਣਾ ਇੱਕ ਇਤਿਹਾਸਕ ਦਸਤਾਵੇਜ਼ ਉਨ੍ਹਾਂ ਅਧਿਕਾਰਾਂ ਬਾਰੇ ਗੱਲ ਕਰਦਾ ਹੈ, ਜੋ ਕਿਸੇ ਨਸਲ, ਰੰਗ, ਧਰਮ, ਲਿੰਗ, ਭਾਸ਼ਾ, ਰਾਜਨੀਤਿਕ ਜਾਂ ਹੋਰ ਵਿਚਾਰਾਂ, ਰਾਸ਼ਟਰੀ ਜਾਂ ਸਮਾਜਿਕ ਮੂਲ, ਜਾਇਦਾਦ, ਜਨਮ ਜਾਂ ਹੋਰ ਹਾਲਾਤ ਦੀ ਪਰਵਾਹ ਕੀਤੇ ਬਿਨਾਂ, ਹਰ ਕੋਈ ਮਨੁੱਖ ਵਜੋਂ ਹੱਕਦਾਰ ਹੈ" -ਅਨਿਲ ਧੀਰ*

ਮਨੁੱਖੀ ਅਧਿਕਾਰ ਦਿਵਸ 2024 ਦਾ ਥੀਮ ਹੈ- ਹੁਣੇ ਤੋਂ ਸਾਡੇ ਅਧਿਕਾਰ ਹੀ ਸਾਡਾ ਭਵਿੱਖ ਹਨ। ਮਨੁੱਖੀ ਅਧਿਕਾਰ ਦਿਵਸ ਹਰ ਸਾਲ ਦੁਨੀਆਂ ਭਰ 'ਚ 10 ਦਸੰਬਰ ਵਾਲੇ ਦਿਨ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਇਹ ਵਿਸ਼ਵ ਦੇ ਸਭ ਤੋਂ ਮਹੱਤਵਪੂਰਨ ਗਲੋਬਲ ਵਾਅਦਿਆਂ ਵਿਚੋਂ ਇੱਕ ਦੀ ਵਰ੍ਹੇਗੰਢ ਮਨਾਉਂਦਾ ਹੈ। ਇਹ ਘੋਸ਼ਣਾ ਪੱਤਰ 10 ਦਸੰਬਰ 1948 ਵਾਲੇ ਦਿਨ ਪੈਰਿਸ 'ਚ ਸੰਯੁਕਤ ਰਾਸ਼ਟਰ ਮਹਾਸਭਾ ਦੁਆਰਾ ਘੋਸ਼ਿਤ ਕੀਤਾ ਗਿਆ ਸੀ ਅਤੇ ਪਹਿਲੀ ਵਾਰ, ਬੁਨਿਆਦੀ ਮਨੁੱਖੀ ਅਧਿਕਾਰਾਂ ਨੂੰ ਸਰਵ ਵਿਆਪਕ ਤੌਰ 'ਤੇ ਸੁਰੱਖਿਅਤ ਕਰਨ ਲਈ ਨਿਰਧਾਰਤ ਕੀਤਾ ਗਿਆ ਸੀ।

ਸਾਰੇ ਲੋਕਾਂ ਅਤੇ ਸਾਰੀਆਂ ਕੌਮਾਂ ਲਈ ਪ੍ਰਾਪਤੀ ਦੇ ਸਾਂਝੇ ਮਿਆਰ ਵੱਜੋਂ, ਯੂ.ਡੀ.ਐੱਚ.ਆਰ. ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਸਥਾਨਕ ਕਾਨੂੰਨਾਂ ਅਤੇ ਨੀਤੀਆਂ ਲਈ ਇੱਕ ਗਲੋਬਲ ਬਲੂਪ੍ਰਿੰਟ ਹੈ ਅਤੇ ਟਿਕਾਊ ਵਿਕਾਸ ਲਈ 2030 ਏਜੰਡੇ ਦਾ ਆਧਾਰ ਹੈ। ਇਹ 577 'ਚ ਉਪਲੱਬਧ ਹੈ।

ਇਸ ਸਾਲ ਦਾ ਥੀਮ ਸਾਡੇ ਰੋਜ਼ਾਨਾ ਜੀਵਨ 'ਚ ਮਨੁੱਖੀ ਅਧਿਕਾਰਾਂ ਦੀ ਮਹੱਤਤਾ ਅਤੇ ਸਾਰਥਕਤਾ ਨੂੰ ਸਵੀਕਾਰ ਕਰਨ ਲਈ ਇੱਕ ਸੱਦਾ ਹੈ। ਸਾਡੇ ਕੋਲ ਨਫਰਤ ਭਰੇ ਭਾਸ਼ਣ ਦੇ ਵਿਰੁੱਧ ਬੋਲਣ, ਗਲਤ ਜਾਣਕਾਰੀ ਨੂੰ ਠੀਕ ਕਰਨ ਅਤੇ ਗਲਤ ਜਾਣਕਾਰੀ ਦਾ ਮੁਕਾਬਲਾ ਕਰਨ ਦੁਆਰਾ ਧਾਰਨਾਵਾਂ ਨੂੰ ਬਦਲਣ ਦਾ ਮੌਕਾ ਹੈ। ਇਹ ਮਨੁੱਖੀ ਅਧਿਕਾਰਾਂ ਲਈ ਵਿਸ਼ਵਵਿਆਪੀ ਅੰਦੋਲਨ ਨੂੰ ਮੁੜ ਜ਼ਿੰਦਾ ਕਰਨ ਲਈ ਕਾਰਵਾਈ ਨੂੰ ਜੁਟਾਉਣ ਦਾ ਸਮਾਂ ਹੈ।

ਮਨੁੱਖੀ ਅਧਿਕਾਰ ਵਿਅਕਤੀ ਅਤੇ ਭਾਈਚਾਰਿਆਂ ਨੂੰ ਇੱਕ ਬਿਹਤਰ ਭਵਿੱਖ ਬਣਾਉਣ ਲਈ ਤਾਕਤ ਦਿੰਦੇ ਹਨ। ਮਨੁੱਖੀ ਅਧਿਕਾਰਾਂ ਦੀ ਪੂਰੀ ਤਾਕਤ ਨੂੰ ਵਿਸ਼ਵ ਦੇ ਮਾਰਗ ਵਜੋਂ ਅਪਣਾਉਣ ਅਤੇ ਭਰੋਸਾ ਕਰਨ ਨਾਲ, ਅਸੀਂ ਵਧੇਰੇ ਸ਼ਾਂਤੀਪੂਰਨ, ਬਰਾਬਰ ਅਤੇ ਟਿਕਾਊ ਬਣ ਸਕਦੇ ਹਾਂ। ਮਨੁੱਖੀ ਅਧਿਕਾਰ ਸ਼ਾਂਤੀਪੂਰਨ, ਨਿਆਪੂਰਨ ਅਤੇ ਸਮਾਵੇਸ਼ੀ ਸਮਾਜਾਂ ਦੀ ਨੀਂਹ ਹਨ।




## ਘੋਸ਼ਣਾ ਪੱਤਰ ਅਨੁਸਾਰ ਆਪਣੇ ਬੁਨਿਆਦੀ ਅਧਿਕਾਰ ਲਵੋ :

- ਹਰ ਵਿਅਕਤੀ ਆਜ਼ਾਦ ਅਤੇ ਸਨਮਾਨ, ਅਧਿਕਾਰਾਂ 'ਚ ਬਰਾਬਰ ਪੈਦਾ ਹੁੰਦਾ ਹੈ। ਵਿਅਕਤੀ ਤਰਕ ਅਤੇ ਜ਼ਮੀਰ ਨਾਲ ਸੰਪੰਨ ਹੈ ਅਤੇ ਉਨ੍ਹਾਂ ਨੂੰ ਇੱਕ ਦੂਜੇ ਪ੍ਰਤੀ ਭਾਈਚਾਰੇ ਦੀ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ।
- ਹਰ ਆਦਮੀ ਬਿਨਾਂ ਕਿਸੇ ਭੇਦਭਾਵ, ਜਿਵੇਂ ਕਿ ਨਸਲ, ਰੰਗ, ਲਿੰਗ, ਭਾਸ਼ਾ, ਧਰਮ, ਰਾਜਨੀਤਿਕ, ਸਮਾਜਿਕ ਮੂਲ, ਜਾਇਦਾਦਾਂ, ਜਨਮ, ਅਧਿਕਾਰਾਂ ਅਤੇ ਆਜ਼ਾਦੀ ਦਾ ਹੱਕਦਾਰ ਹੈ। ਇਸ ਤੋਂ ਇਲਾਵਾ ਕਿਸੇ ਵੀ ਵਿਅਕਤੀ ਨਾਲ ਰਾਜਨੀਤਿਕ ਅਧਿਕਾਰ ਖੇਤਰ ਜਾਂ ਅੰਤਰਰਾਸ਼ਟਰੀ ਹਾਲਾਤ ਦੇ ਆਧਾਰ 'ਤੇ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ।
- ਹਰ ਵਿਅਕਤੀ ਨੂੰ ਜੀਵਨ, ਆਜ਼ਾਦੀ ਅਤੇ ਸੁਰੱਖਿਆ ਦਾ ਅਧਿਕਾਰ ਹੈ।
- ਕਿਸੇ ਨੂੰ ਵੀ ਗੁਲਾਮੀ ਜਾਂ ਗੁਲਾਮੀ 'ਚ ਨਹੀਂ ਰੱਖਿਆ ਜਾਵੇਗਾ ਅਤੇ ਗੁਲਾਮ ਵਪਾਰ ਨੂੰ ਉਨ੍ਹਾਂ ਦੇ ਸਾਰੇ ਰੂਪਾਂ 'ਚ ਵਰਜਿਤ ਕੀਤਾ ਗਿਆ ਹੈ।
- ਬੇਰਹਮੀ, ਅਣਮਨੁੱਖੀ ਅਤੇ ਅਪਮਾਨਜਨਕ ਸਲੂਕ ਜਾਂ ਸਜ਼ਾ ਦਾ ਸ਼ਿਕਾਰ ਕੋਈ ਵੀ ਵਿਅਕਤੀ ਨਹੀਂ ਹੋਵੇਗਾ।
- ਕਾਨੂੰਨ ਦੇ ਸਾਹਮਣੇ ਹਰ ਕਿਸੇ ਨੂੰ ਇੱਕ ਇਨਸਾਨ ਵਜੋਂ ਹਰ ਥਾਂ ਮਾਨਤਾ ਪ੍ਰਾਪਤ ਦਾ ਅਧਿਕਾਰ ਦਿੱਤਾ ਜਾਵੇਗਾ।
- ਕਾਨੂੰਨ ਦੇ ਸਾਹਮਣੇ ਸਾਰੇ ਵਿਅਕਤੀ ਬਰਾਬਰ ਹਨ ਅਤੇ ਬਿਨਾਂ ਕਿਸੇ ਭੇਦਭਾਵ ਦੇ ਕਾਨੂੰਨ ਦੀ ਬਰਾਬਰ ਸੁਰੱਖਿਆ ਦੇ ਹੱਕਦਾਰ ਹਨ। ਹਰ ਆਦਮੀ ਇਸ ਘੋਸ਼ਣਾ ਪੱਤਰ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਤਕਰੇ ਅਤੇ ਅਜਿਹੇ ਵਿਤਕਰੇ ਲਈ ਕਿਸੇ ਵੀ ਭੜਕਾਹਟ ਦੇ ਵਿਰੁੱਧ ਬਰਾਬਰ ਸੁਰੱਖਿਆ ਦੇ ਹੱਕਦਾਰ ਹਨ।
- ਹਰ ਵਿਅਕਤੀ ਨੂੰ ਸੰਵਿਧਾਨ ਦੁਆਰਾ ਦਿੱਤੇ ਗਏ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੀਆਂ ਕਾਰਵਾਈਆਂ ਲਈ ਸਮੱਰਥ ਰਾਸ਼ਟਰੀ ਟ੍ਰਿਬਿਊਨਲ ਦੁਆਰਾ ਅਸਰਦਾਰ ਹੱਲ ਦਾ ਅਧਿਕਾਰ ਹੈ।
- ਕਿਸੇ ਨੂੰ ਵੀ ਮਨਮਾਨੀ, ਗ੍ਰਿਫਤਾਰੀ, ਨਜ਼ਰਬੰਦੀ ਜਾਂ ਦੇਸ਼ ਨਿਕਾਲਾ ਨਹੀਂ ਦਿੱਤਾ ਜਾਵੇਗਾ।
- ਹਰ ਕੋਈ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਦੇ ਨਿਰਧਾਰਨ 'ਚ ਅਤੇ ਉਸਦੇ ਵਿਰੁੱਧ ਕਿਸੇ ਵੀ ਅਪਰਾਧਿਕ ਦੋਸ਼ ਦੀ ਇੱਕ ਆਜ਼ਾਦ ਅਤੇ ਨਿਰਪੱਖ ਟ੍ਰਿਬਿਊਨਲ ਦੁਆਰਾ ਨਿਰਪੱਖ 'ਤੇ ਜਨਤਕ ਸੁਣਵਾਈ ਦਾ ਪੂਰੀ ਤਰ੍ਹਾਂ ਨਾਲ ਹੱਕਦਾਰ ਹੈ।
- ਦੰਡਯੋਗ ਅਪਰਾਧ ਲਈ ਦੋਸ਼ ਲਗਾਏ ਗਏ ਹਰੇਕ ਵਿਅਕਤੀ ਨੂੰ ਉਦੋਂ ਤੱਕ ਨਿਰਦੋਸ਼ ਮੰਨਣ ਦਾ ਅਧਿਕਾਰ ਹੈ, ਜਦੋਂ ਤੱਕ ਕਿਸੇ ਜਨਤਕ ਮੁਕੱਦਮੇ 'ਚ ਕਾਨੂੰਨ ਅਨੁਸਾਰ ਦੋਸ਼ੀ ਸਾਬਤ ਨਹੀਂ ਹੋ ਜਾਂਦਾ, ਜਿਸ 'ਚ ਉਸ ਕੋਲ ਆਪਣੇ ਬਚਾਅ ਲੋੜੀਂਦੀਆਂ ਸਾਰੀਆਂ ਗਾਰੰਟੀਆਂ ਹਨ। ਕਿਸੇ ਵੀ ਇਨਸਾਨ ਨੂੰ ਕਿਸੇ ਅਜਿਹੇ ਕੰਮ ਜਾਂ ਭੁੱਲ ਦੇ ਕਾਰਨ ਕਿਸੇ ਵੀ ਦੰਡਯੋਗ ਅਪਰਾਧ ਲਈ ਦੋਸ਼ੀ ਨਹੀਂ ਠਹਿਰਾਇਆ ਜਾਵੇਗਾ, ਜੋ ਕਿ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਕਾਨੂੰਨ ਦੇ ਅਧੀਨ, ਉਸ ਸਮੇਂ, ਜਦੋਂ ਇਹ ਕੀਤਾ ਗਿਆ ਸੀ। ਨਾ ਹੀ ਉਸ ਤੋਂ ਵੱਧ ਭਾਰੀ ਜੁਰਮਾਨਾ ਲਗਾਇਆ ਜਾਵੇਗਾ, ਜੋ ਦੰਡਯੋਗ ਜੁਰਮ ਕੀਤੇ ਜਾਣ ਸਮੇਂ ਲਾਗੂ ਸੀ।
- ਕਿਸੇ ਨੂੰ ਵੀ ਉਸਦੀ ਨਿੱਜਤਾ, ਪਰਿਵਾਰ, ਘਰ ਜਾਂ ਪੱਤਰ-ਵਿਹਾਰ 'ਚ ਆਪਹੁਦਰੀ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਉਸਦੀ ਇੱਜ਼ਤ ਅਤੇ ਵਕਾਰ ਉੱਤੇ ਹਮਲਾ ਕੀਤਾ ਜਾਵੇਗਾ। ਹਰ ਵਿਅਕਤੀ ਨੂੰ ਅਜਿਹੇ ਦਖਲ ਜਾਂ ਹਮਲਿਆਂ ਵਿਰੁੱਧ ਕਾਨੂੰਨ ਦੀ ਸੁਰੱਖਿਆ ਦਾ ਅਧਿਕਾਰ ਹੈ।
- ਸਾਰਿਆਂ ਨੂੰ ਹਰ ਰਾਜ ਦੀਆਂ ਸਰਹੱਦਾਂ ਦੇ ਅੰਦਰ ਆਵਾਜਾਈ ਅਤੇ ਨਿਵਾਸ ਦੀ ਆਜ਼ਾਦੀ ਦਾ ਅਧਿਕਾਰ ਹੈ। ਹਰੇਕ ਨੂੰ ਆਪਣੇ ਦੇਸ਼ ਸਮੇਤ ਕਿਸੇ ਵੀ ਦੇਸ਼ ਨੂੰ ਛੱਡਣ ਅਤੇ ਆਪਣੇ ਦੇਸ਼ ਵਾਪਸ ਜਾਣ ਦਾ ਅਧਿਕਾਰ ਹੈ।
- ਹਰ ਵਿਅਕਤੀ ਨੂੰ ਅੱਤਿਆਚਾਰ ਤੋਂ ਬਚਣ ਲਈ ਦੂਜੇ ਦੇਸ਼ਾਂ 'ਚ ਸ਼ਰਣ ਲੈਣ ਅਤੇ ਆਨੰਦ ਲੈਣ ਦਾ ਅਧਿਕਾਰ ਹੈ। ਇਹ ਅਧਿਕਾਰ ਗੈਰ-ਸਿਆਸੀ ਅਪਰਾਧਾਂ ਜਾਂ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਦੇ ਉਲਟ ਕਾਰਵਾਈਆਂ ਤੋਂ ਅਸਲ 'ਚ ਮੁਕੱਦਮੇ ਚਲਾਉਣ ਦੇ ਮਾਮਲੇ 'ਚ ਨਹੀਂ ਲਿਆ ਜਾ ਸਕਦਾ ਹੈ।
- ਹਰੇਕ ਇਨਸਾਨ ਨੂੰ ਕੌਮੀਅਤ ਦਾ ਹੱਕ ਹੈ। ਕਿਸੇ ਨੂੰ ਵੀ ਮਨਮਾਨੇ ਢੰਗ ਨਾਲ ਉਸਦੀ ਕੌਮੀਅਤ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ।
- ਪੂਰੀ ਜ਼ਿੰਦਗੀ ਮਰਦਾਂ 'ਤੇ ਔਰਤਾਂ ਨੂੰ ਜਾਤ, ਕੌਮੀਅਤ ਜਾਂ ਧਰਮ ਦੇ ਕਾਰਨ ਬਿਨਾਂ ਕਿਸੇ ਸੀਮਾ ਦੇ, ਵਿਆਹ ਕਰਨ ਅਤੇ ਪਰਿਵਾਰ ਬਣਾਉਣ ਦਾ ਅਧਿਕਾਰ ਹੈ। ਉਹ ਵਿਆਹ ਦੌਰਾਣ ਅਤੇ ਇਸਦੇ ਭੰਗ ਹੋਣ 'ਤੇ ਬਰਾਬਰ ਅਧਿਕਾਰਾਂ ਦੇ ਹੱਕਦਾਰ ਹਨ। ਵਿਆਹ ਕੇਵਲ ਇਰਾਦੇ ਵਾਲੇ ਜੀਵਨ ਸਾਥੀ ਦੀ ਆਜ਼ਾਦ 'ਤੇ ਪੂਰੀ ਸਹਿਮਤੀ ਨਾਲ ਹੀ ਕੀਤਾ ਜਾਵੇਗਾ। ਪਰਿਵਾਰ ਸਮਾਜ ਦੀ ਕੁਦਰਤੀ ਅਤੇ ਬੁਨਿਆਦੀ ਸਮੂਹ ਇਕਾਈ ਹੈ ਅਤੇ ਸਮਾਜ ਤੇ ਰਾਜ ਦੁਆਰਾ ਸੁਰੱਖਿਆ ਦਾ ਹੱਕਦਾਰ ਹੈ।
- ਹਰ ਇਨਸਾਨ ਨੂੰ ਇਕੱਲੇ ਅਤੇ ਦੂਜਿਆਂ ਨਾਲ ਮਿਲ ਕੇ ਜਾਇਦਾਦ ਰਖਣ ਦਾ ਅਧਿਕਾਰ ਹੈ। ਕਿਸੇ ਨੂੰ ਵੀ ਮਨਮਾਨੇ ਢੰਗ ਨਾਲ ਉਸਦੀ ਜਾਇਦਾਦ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ।
- ਹਰ ਕਿਸੇ ਨੂੰ ਵਿਚਾਰ, ਜ਼ਮੀਰ ਅਤੇ ਧਰਮ ਦੀ ਆਜ਼ਾਦੀ ਦਾ ਅਧਿਕਾਰ ਹੈ, ਇਸ ਅਧਿਕਾਰ 'ਚ ਆਪਣੇ ਧਰਮ ਜਾਂ ਵਿਸ਼ਵਾਸ ਨੂੰ ਬਦਲਣ ਦੀ ਆਜ਼ਾਦੀ, ਤੇ ਆਜ਼ਾਦੀ ਜਾਂ ਇੱਕਲੇ ਜਾਂ ਦੂਸਰਿਆਂ ਨਾਲ ਭਾਈਚਾਰੇ 'ਚ ਅਤੇ ਜਨਤਕ ਜਾਂ ਨਿੱਜੀ ਤੌਰ 'ਤੇ, ਸਿੱਖਿਆ, ਅਭਿਆਸ, ਪੂਜਾ ਅਤੇ ਪਾਲਣ 'ਚ ਆਪਣੇ ਧਰਮ ਜਾਂ ਵਿਸ਼ਵਾਸ ਨੂੰ ਪ੍ਰਗਟ ਕਰਨ ਦੀ ਆਜ਼ਾਦੀ ਸ਼ਾਮਲ ਹੈ।


ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)




- ਹਰੇਕ ਨੂੰ ਵਿਚਾਰ ਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਹੈ। ਇਸ ਅਧਿਕਾਰ 'ਚ ਬਿਨਾਂ ਕਿਸੇ ਦਖਲ ਦੇ ਵਿਚਾਰ ਰੱਖਣ ਤੇ ਕਿਸੇ ਵੀ ਮੀਡੀਆ ਦੁਆਰਾ ਤੇ ਸਰਹੱਦਾਂ ਦੀ ਪ੍ਰਵਾਹ ਕੀਤੇ ਬਿਨਾਂ ਜਾਣਕਾਰੀ ਅਤੇ ਵਿਚਾਰਾਂ ਨੂੰ ਪ੍ਰਾਪਤ ਕਰਨ ਤੇ ਪ੍ਰਦਾਨ ਕਰਨ ਦੀ ਆਜ਼ਾਦੀ ਸ਼ਾਮਲ ਹੈ।
- ਹਰ ਕਿਸੇ ਨੂੰ ਸ਼ਾਂਤੀਪੂਰਨ ਇਕੱਠ ਅਤੇ ਐਸੋਸੀਏਸ਼ਨ ਨਾਲ ਜੁੜਨ ਦੀ ਆਜ਼ਾਦੀ ਦਾ ਅਧਿਕਾਰ ਹੈ।
- ਹਰ ਵਿਅਕਤੀ ਨੂੰ ਆਪਣੇ ਦੇਸ਼ ਦੀ ਸਰਕਾਰ 'ਚ ਸਿੱਧੇ ਤੌਰ 'ਤੇ ਚੁਣੇ ਹੋਏ ਪ੍ਰਤੀਨਿਧੀਆਂ ਰਾਹੀਂ ਹਿੱਸਾ ਲੈਣ ਦਾ ਅਧਿਕਾਰ ਹੈ। ਯਾਨਿ ਚੋਣਾਂ 'ਚ ਗਪਤ ਵੋਟ ਅਤੇ ਜਨਤਕ ਸੇਵਾ ਦਾ ਬਰਾਬਰ ਦਾ ਅਧਿਕਾਰ ਹੈ।
- ਹਰ ਕਿਸੇ ਨੂੰ, ਸਮਾਜ ਦੇ ਇੱਕ ਮੈਂਬਰ ਵਜੋਂ, ਸਮਾਜਿਕ ਸੁਰੱਖਿਆ ਦਾ ਅਧਿਕਾਰ ਹੈ ਅਤੇ ਉਹ ਰਾਸ਼ਟਰੀ ਯਤਨਾਂ ਤੇ ਅੰਤਰਰਾਸ਼ਟਰੀ ਸਹਿਯੋਗ ਦੁਆਰਾ ਅਤੇ ਹਰੇਕ ਰਾਜ ਦੇ ਸੰਗਠਨ ਅਤੇ ਸਰੋਤਾਂ ਦੇ ਮੁਤਾਬਿਕ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਅਧਿਕਾਰਾਂ ਦੀ ਪ੍ਰਾਪਤੀ ਦਾ ਅਧਿਕਾਰ ਹੈ।
- ਹਰੇਕ ਵਿਅਕਤੀ ਨੂੰ ਕੰਮ ਕਰਨ, ਰੁਜ਼ਗਾਰ ਦੀ ਸੁਤੰਤਰ ਚੋਣ, ਕੰਮ ਦੀਆਂ ਜਾਇਜ਼ ਅਤੇ ਅਨੁਕੂਲ ਸਥਿਤੀਆਂ ਅਤੇ ਬੇਰੁਜ਼ਗਾਰੀ ਤੋਂ ਸੁਰੱਖਿਆ ਦਾ ਅਧਿਕਾਰ ਹੈ।
- ਹਰ ਇਨਸਾਨ ਨੂੰ ਮਰਜ਼ੀ ਮੁਤਾਬਿਕ ਆਰਾਮ ਕਰਨ ਤੇ ਮਨੋਰੰਜਨ ਦਾ ਅਧਿਕਾਰ ਹੈ, ਜਿਸ 'ਚ ਕੰਮ ਦੇ ਘੰਟਿਆਂ ਦੀ ਵਾਜਬ ਸੀਮਾ ਅਤੇ ਤਨਖਾਹ ਦੇ ਨਾਲ-ਨਾਲ ਸਮੇਂ-ਸਮੇਂ ਤੇ ਛੁੱਟੀਆਂ ਵੀ ਸ਼ਾਮਲ ਹਨ।

ਨੋਟ: ਅੱਜ ਇਨਸਾਨ ਦੇ ਬੁਨਿਆਦੀ ਅਧਿਕਾਰਾਂ ਦੇ ਬਾਵਜੂਦ ਆਮ ਵਿਅਕਤੀ ਨੂੰ ਉਨ੍ਹਾਂ ਦੇ ਹੱਕ ਨਹੀਂ ਮਿਲ ਰਹੇ। ਰਾਜਨੀਤਿਕ ਅਪਰਾਧੀਕਰਨ ਇਸਦਾ ਕਾਰਨ ਬਣ ਰਿਹਾ ਹੈ।



# ਪੁਸਤਕ 'ਸੰਸਾਰ ਦੇ ਪ੍ਰਸਿੱਧ ਖਿਡਾਰੀ' ਲੋਕ ਅਰਪਣ

ਪ੍ਰਿੰਸੀਪਲ ਸਰਵਣ ਸਿੰਘ ਦੀ ਪੁਸਤਕ 'ਸੰਸਾਰ ਦੇ ਪ੍ਰਸਿੱਧ ਖਿਡਾਰੀ' 'ਜੱਗ ਜੇਤੂਆਂ ਦੀ ਗਾਥਾ' ਦਾ ਦੂਜਾ ਭਾਗ ਹੈ। ਦੋਵੇਂ ਭਾਗ ਪੀਪਲਜ਼ ਫ਼ੋਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤੇ ਹਨ। ਪੁਸਤਕ ਢੁੱਡੀਕੇ ਦੇ ਪੂਰਨਮਾਸ਼ੀ ਜੋੜ ਮੇਲੇ 'ਚ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਸਵਰਾਜਬੀਰ ਨੇ ਲੋਕ ਅਰਪਣ ਕੀਤੀ। ਪੇਸ਼ ਹੈ ਮੁੱਖ ਬੰਦ ਦਾ ਸਾਰ:

ਦਾਰਾ ਸਿੰਘ ਰੰਧਾਵਾ ਪਹਿਲਵਾਨ ਵੀ ਸੀ ਤੇ ਫਿਲਮੀ ਅਦਾਕਾਰ ਵੀ। ਉਹ ਫਰੀ ਸਟਾਈਲ ਕੁਸ਼ਤੀਆਂ ਦਾ ਰੁਸਤਮੇ ਹਿੰਦ, ਕਾਮਨਵੈੱਲਥ ਦੇਸ਼ਾਂ ਦਾ ਚੈਂਪੀਅਨ ਤੇ ਰੁਸਤਮੇ ਜ਼ਮਾਂ ਸੀ...।

29 ਫੁੱਟ ਢਾਈ ਇੰਚ ਲੰਮੀ ਛਾਲ, 8 ਮਹੀਨਿਆਂ ਦੇ ਮਾਂ-ਮਹਿੱਟਰ ਹੋਏ ਬਾਲਕ ਬੌਬ ਬੀਮਨ ਨੇ 22 ਸਾਲਾਂ ਦਾ ਹੋ ਕੇ ਮੈਕਸੀਕੋ ਸਿਟੀ ਦੀਆਂ ਓਲੰਪਿਕ ਖੇਡਾਂ 'ਚ ਲਾਈ ਤੇ ਧੰਨ-ਧੰਨ ਕਰਾਈ...।

ਡੀਗੋ ਮਾਰਾਡੋਨਾ ਅਰਜਨਟੀਨਾ ਦਾ ਮਾਣ ਸੀ। ਪਹਿਲਾਂ ਫੁੱਟਬਾਲ 'ਚ ਵਧੇਰੇ ਪ੍ਰਸਿੱਧੀ ਬ੍ਰਾਜ਼ੀਲ ਦੇ ਪੇਲੇ ਦੀ ਸੀ। ਫਿਰ ਮਾਰਾਡੋਨਾ ਨੂੰ ਵੀ ਅਰਜਨਟੀਨਾ ਦਾ ਪੇਲੇ ਕਿਹਾ ਜਾਣ ਲੱਗ ਪਿਆ...।

ਵੇਟਲਿਫਟਰ ਲਾਸ਼ਾ ਤਲਖਾਡਜ਼ੇ ਨੂੰ ਵਿਸ਼ਵ ਦਾ ਸਭ ਤੋਂ ਤਕੜਾ ਬੰਦਾ ਮੰਨਿਆ ਜਾਂਦੈ। ਉਹ ਦੋ ਵਾਰ ਓਲੰਪਿਕ ਚੈਂਪੀਅਨ, ਸੱਤ ਵਾਰ ਯੌਰਪੀ ਚੈਂਪੀਅਨ ਤੇ ਸੱਤ ਵਾਰ ਵਰਲਡ ਚੈਂਪੀਅਨ ਬਣਿਆ। ਉਸ ਨੇ 225 ਕਿਲੋ ਸਨੈਚ ਤੇ 267 ਕਿਲੋ ਦੀ ਜਰਕ ਲਾਈ...।

'ਫਲਾਈਂਗ ਸਿੱਖ ਮਿਲਖਾ ਸਿੰਘ' ਏਸ਼ੀਆ ਮਹਾਂਦੀਪ ਦਾ ਬੈੱਸਟ ਅਥਲੀਟ ਸੀ। ਉਸ ਨੇ ਕਾਮਨਵੈੱਲਥ ਤੇ ਏਸ਼ਿਆਈ ਖੇਡਾਂ 'ਚੋਂ ਪੰਜ ਗੋਲਡ ਮੈਡਲ ਜਿੱਤੇ। ਉਹਦੇ 'ਤੇ 'ਭਾਗ ਮਿਲਖਾ ਭਾਗ' ਫਿਲਮ ਵੀ ਬਣੀ...।

ਸਰਗੀ ਬੁਬਕਾ ਨੂੰ ਪੋਲ ਵਾਲਟ ਦਾ 'ਫਲਾਈਂਗ ਬਰਡ' ਕਿਹਾ ਜਾਂਦੈ। ਉਸ ਨੇ 35 ਵਾਰ ਵਿਸ਼ਵ ਰਿਕਾਰਡ ਤੋੜੇ। ਉਹ ਦੁਨੀਆਂ ਦਾ ਪਹਿਲਾ ਪੋਲ ਵਾਲਟਰ ਹੈ, ਜਿਸ ਨੇ 6 ਮੀਟਰ ਦੀ ਉਚਾਈ ਪਾਰ ਕੀਤੀ...।

ਰੋਨਾਲਡੋ ਫੁੱਟਬਾਲ ਦਾ ਸ਼ਹਿਨਸ਼ਾਹ ਹੈ। ਉਸ ਨੂੰ ਪੰਜ ਵਾਰ ਫੁੱਟਬਾਲ ਦਾ ਸਰਬੋਤਮ ਖਿਡਾਰੀ ਹੋਣ ਦਾ ਬੈਲਨ ਡੀ ਓਰ ਅਵਾਰਡ ਮਿਲ ਚੁੱਕੈ। ਉਹਦੀ ਉਮਰ 39 ਸਾਲਾਂ ਦੀ ਹੈ ਪਰ ਫੁਰਤੀ 29 ਸਾਲਾਂ ਦੇ ਗੱਭਰੂ ਵਰਗੀ ਹੈ...।

ਜੌਨ੍ਹਸਨ ਨੂੰ ਉਹਦੀ ਜਾਦੂਮਈ ਖੇਡ ਸਦਕਾ ਮੈਜਿਕ ਜੌਨ੍ਹਸਨ ਕਿਹਾ ਜਾਂਦੈ। 20 ਵਰ੍ਹਿਆਂ 'ਚ ਉਹਨੇ 14 ਵਿਸ਼ਵ ਚੈਂਪੀਅਨਸ਼ਿਪਾਂ ਜਿੱਤੀਆਂ। 3 ਵਾਰ ਐੱਮ.ਬੀ.ਏ. ਦਾ ਐੱਮ.ਵੀ.ਪੀ. ਯਾਨੀ ਮੋਸਟ ਵੈਲਿਊਏਬਲ ਪਲੇਅਰ ਬਣਿਆ...। ਪ੍ਰਿਥੀਪਾਲ ਸਿੰਘ ਨੂੰ ਪੈਨਲਟੀ ਕਾਰਨਰ ਦਾ ਕਿੰਗ ਕਿਹਾ ਜਾਂਦਾ ਸੀ। ਉਹਦੀ ਖ਼ਤਰਨਾਕ ਹਿੱਟ 'ਤੇ ਕਾਬੂ ਪਾਉਣ ਲਈ ਐੱਫ.ਆਈ.ਐੱਚ. ਨੂੰ ਪੈਨਲਟੀ ਕਾਰਨਰ ਲਾਉਣ ਦੇ ਨਿਯਮ ਬਦਲਣੇ ਪਏ ਸਨ...!

ਲਿਓਨਲ ਮੈਸੀ ਨੇ ਫੁੱਟਬਾਲ ਖੇਡਦਿਆਂ ਕਰੋੜਾਂ ਡਾਲਰ ਕਮਾਏ। ਉਸ ਨੂੰ ਫੁੱਟਬਾਲ ਦੀ ਖੇਡ ਦਾ ਸਭ ਤੋਂ ਵੱਡਾ ਅਵਾਰਡ ਬੈਲਨ ਡੀ ਓਰ ਮੈਸੀ ਨੂੰ 8 ਵਾਰ ਮਿਲ ਚੁੱਕੈ...!

ਬਿਸ਼ਨ ਸਿੰਘ ਬੇਦੀ ਕ੍ਰਿਕਟ ਦਾ ਮਹਾਨ ਗੇਂਦਬਾਜ਼ ਸੀ, ਜਿਸ ਨੇ ਦਸੰਬਰ 1966 ਤੋਂ ਜਨਵਰੀ 1979 ਤੱਕ 67 ਟੈੱਸਟ ਮੈਚ ਖੇਡ ਕੇ 266 ਵਿਕਟਾਂ ਲਈਆਂ। ਉਸ ਨੂੰ 'ਸਰਦਾਰ ਆਫ਼ ਸਪਿੰਨ' ਦਾ ਖ਼ਿਤਾਬ ਮਿਲਿਆ...। ਕੀਨੀਆ ਦਾ ਕੈਲਵਿਨ ਕਿਪਟਮ ਸੂਰਜ ਵਾਂਗ ਚੜ੍ਹਿਆ ਤੇ ਤਾਰੇ ਵਾਂਗ ਅਲੋਪ ਹੋ ਗਿਆ। ਉਸ ਨੇ ਚੜ੍ਹਦੀ ਜੁਆਨੀ 'ਚ ਮੈਰਾਥਨ ਦੌੜ ਦਾ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ। ਉਹ ਅਜੇ 24 ਸਾਲਾਂ ਦਾ ਹੋਇਆ ਸੀ ਕਿ ਕਾਰ ਹਾਦਸੇ ਵਿਚ ਅਗਲੇ ਜਹਾਨ ਤੁਰ ਗਿਆ...।

ਜਰਨੈਲ ਸਿੰਘ ਫੁੱਟਬਾਲ ਦਾ ਜਰਨੈਲ ਸੀ। ਉਹ ਦੋ ਵਾਰ ਏਸ਼ੀਅਨ ਆਲ ਸਟਾਰਜ਼ ਫੁੱਟਬਾਲ ਟੀਮਾਂ ਦਾ ਕਪਤਾਨ ਬਣਿਆ। 1960 'ਚ ਉਸ ਨੂੰ ਵਰਲਡ ਫੁੱਟਬਾਲ ਇਲੈਵਨ ਦਾ ਸੈਂਟਰ ਫੁੱਲ ਬੈਕ ਨਾਮਜ਼ਦ ਕੀਤਾ ਗਿਆ ਸੀ...।

ਯੂਰੀ ਵਲਾਸੋਵ ਇਸ ਧਰਤੀ ਦਾ ਪਹਿਲਾ ਵੇਟਲਿਫਟਰ ਸੀ, ਜਿਸ ਨੇ ਦੋ ਕੁਇੰਟਲ ਦੀ ਹੱਦ ਤੋੜੀ...।

ਨਈਮ ਸੁਲੇਮਾਨੋਗਲੂ ਨੂੰ 'ਪਾਕਿਟ ਹਰਕੂਲੀਸ' ਕਿਹਾ ਜਾਂਦਾ ਹੈ। ਉਸ ਨੇ 60 ਕਿਲੋ ਵਜ਼ਨ 'ਚ 4 ਫੁੱਟ 11 ਇੰਚ ਦੇ ਕੱਦ-ਕਾਠ ਨਾਲ 190 ਕਿਲੋ ਵਜ਼ਨ ਦਾ ਬਾਲਾ ਕੱਢ ਕੇ ਦੁਨੀਆਂ ਦੰਗ ਕਰ ਦਿੱਤੀ ਸੀ...!

ਗੁਰਬਚਨ ਸਿੰਘ ਜਿੰਨਾ ਤਕੜਾ ਅਥਲੀਟ ਸੀ, ਓਨਾ ਹੀ ਤਕੜਾ ਗਾਲੜੀ।ਇੱਕ ਸਮੇਂ ਚਾਰ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ...।

ਕਿਊਬਾ ਦਾ ਜੇਵੀਅਰ ਸੋਟੋਮੇਅਰ ਅਫਲਾਤੂਨ ਅਥਲੀਟ ਹੈ। ਉਹ 1990ਵਿਆਂ ਦਾ ਸਿਰਮੌਰ ਹਾਈ ਜੰਪਰ ਰਿਹਾ। ਉਸ ਨੇ 1993 ਵਿਚ 8 ਫੁੱਟ 1/4 ਇੰਚ ਉੱਚੀ ਛਾਲ ਲਾਉਣ ਦਾ ਵਿਸ਼ਵ ਰਿਕਾਰਡ ਰੱਖਿਆ...।

ਨੇਮਾਰ ਜੂਨੀਅਰ ਬ੍ਰਾਜ਼ੀਲ ਦਾ ਚਮਕਦਾ ਸਿਤਾਰਾ ਹੈ। ਸੈਂਟੋਸ ਕਲੱਬ ਉਹਦਾ ਪੰਘੂੜਾ ਸੀ। ਉਸ ਪੰਘੂੜੇ 'ਚੋਂ ਅਨੇਕ ਖਿਡਾਰੀ ਉਡਾਰ ਹੋਏ, ਜਿਨ੍ਹਾਂ ਨੇ ਬ੍ਰਾਜ਼ੀਲ ਦੀਆਂ ਵਰਦੀਆਂ ਪਾ ਕੇ ਸਭ ਤੋਂ ਵੱਧ ਵਾਰ ਵਿਸ਼ਵ ਕੱਪ ਜਿੱਤੇ...।

ਸੁਰਜੀਤ ਸਿੰਘ ਹਾਕੀ ਦਾ ਜੁਝਾਰੂ ਫੁੱਲ ਬੈਕ ਸੀ। 1978 ਦੀਆਂ ਏਸ਼ਿਆਈ ਖੇਡਾਂ ਸਮੇਂ ਇੱਕ ਕੁਮੈਂਟੇਟਰ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਸੁਰਜੀਤ ਸਿੰਘ 'ਕੱਲਾ ਹੀ ਪੂਰੀ ਪਾਕਿਸਤਾਨੀ ਟੀਮ ਨੂੰ ਡੱਕੀ ਖੜ੍ਹਾ ਹੈ...!

ਨੀਰਜ ਕੁਮਾਰ ਚੋਪੜਾ ਭਾਰਤ ਦਾ 'ਗੋਲਡਨ ਬੁਆਏ' ਹੈ। ਅਥਲੈਟਿਕਸ ਵਿਚ ਉਹ ਭਾਰਤ ਦਾ ਪਹਿਲਾ ਓਲੰਪਿਕ ਚੈਂਪੀਅਨ ਬਣਿਆ...।

ਅਰਸ਼ਦ ਨਦੀਮ ਲਹਿੰਦੇ ਪੰਜਾਬ ਦਾ ਮਾਣ ਹੈ ਤੇ ਪਾਕਿਸਤਾਨ ਦੀ ਸ਼ਾਨ। ਉਹ ਨਵਾਂ ਓਲੰਪਿਕ ਚੈਂਪੀਅਨ ਬਣਨ ਨਾਲ 92.97 ਮੀਟਰ ਦਾ ਨਵਾਂ ਓਲੰਪਿਕ ਰਿਕਾਰਡ ਵੀ ਰੱਖ ਗਿਆ...।

ਮਹਿੰਦਰ ਸਿੰਘ ਕਮਾਲ ਦਾ ਟ੍ਰਿਪਲ ਜੰਪਰ ਹੈ। ਉਸ ਨੇ ਕੌਮੀ ਤੇ ਕੌਮਾਂਤਰੀ ਮੀਟਾਂ 'ਚੋਂ 100 ਤੋਂ ਵੱਧ ਮੈਡਲ ਜਿੱਤੇ। 52 ਮੈਡਲ ਅਮਰੀਕਾ ਤੇ ਯੂਰਪ ਦੀਆਂ ਮੀਟਾਂ 'ਚੋਂ ਗਲ ਪੁਆਏ।

ਲੇਬਰਾਨ ਜੇਮਸ ਨੇ ਓਲੰਪਿਕ ਖੇਡਾਂ 'ਚੋਂ ਇੱਕ ਬਰਾਂਜ਼ ਤੇ ਤਿੰਨ ਗੋਲਡ ਮੈਡਲ ਜਿੱਤੇ। ਚਾਰ ਵਾਰ ਐੱਨ.ਬੀ.ਏ. ਦੀ ਚੈਂਪੀਅਨਸ਼ਿਪ ਜਿੱਤੀ ਤੇ ਅੱਠ ਵਾਰ ਐੱਨ.ਬੀ.ਏ. ਦੇ ਫਾਈਨਲ ਮੈਚ ਖੇਡਿਆ। 2005 ਤੋਂ 2024 ਤੱਕ ਵੀਹ ਵਾਰ ਐੱਨ.ਬੀ.ਏ. ਦੀ ਆਲ ਸਟਾਰ ਟੀਮ 'ਚ ਚੁਣਿਆ ਗਿਆ...।

ਉੱਤਰੀ ਕੋਰੀਆ ਦਾ ਵਿਸ਼ਵ ਜੇਤੂ ਵੇਟਲਿਫਟਰ ਓਮ ਯੁਨ-ਚੋਲ ਹੁਣ ਸਰਗਰਮ ਭਾਰਚੁਕਾਵਾ ਨਹੀਂ ਰਿਹਾ, ਕੋਚ ਬਣ ਗਿਐ। 2015 ਵਿਚ ਉਸ ਨੇ 54 ਕਿਲੋ ਦੇ ਜੁੱਸੇ ਨਾਲ 171 ਕਿਲੋ ਵਜ਼ਨ ਦਾ ਬਾਲਾ ਕੱਢਿਆ। ਆਪਣੇ ਵਜ਼ਨ ਤੋਂ ਤਿੰਨ ਗੁਣਾਂ ਤੋਂ ਵੀ ਵੱਧ!

ਅਜੀਤਪਾਲ ਸਿੰਘ ਨੇ ਓਲੰਪਿਕ ਖੇਡਾਂ 'ਚੋਂ ਦੋ ਮੈਡਲ, ਵਿਸ਼ਵ ਹਾਕੀ ਕੱਪਾਂ 'ਚੋਂ ਤਿੰਨ ਤੇ ਏਸ਼ਿਆਈ ਖੇਡਾਂ 'ਚੋਂ ਦੋ ਮੈਡਲ ਜਿੱਤੇ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ, ਜਿਸ ਨੂੰ ਓਲੰਪਿਕ ਖੇਡਾਂ ਵਿਚ ਭਾਰਤ ਦਾ ਚੀਫ ਡੀ ਮਿਸ਼ਨ ਬਣਾਇਆ ਗਿਆ...।

ਦੇਵੀ ਦਿਆਲ ਕਬੱਡੀ ਦਾ 'ਫਲਾਈਂਗ ਰੇਡਰ' ਸੀ। ਉਹ ਪਿੰਡੇ ਨੂੰ ਮਿੱਟੀ ਨਹੀਂ ਸੀ ਲੁਆਉਂਦਾ। ਜਦੋਂ ਰੇਡ ਪਾਉਂਦਾ, 'ਔਹ ਗਿਆ' 'ਔਹ ਗਿਆ' ਹੁੰਦੀ ਰਹਿੰਦੀ। 16 ਜਨਵਰੀ 2024 ਨੂੰ ਉਹ ਸੱਚਮੁੱਚ ਹੀ ਚਲਾ ਗਿਆ...।

ਚੀਨ ਦੀ ਲੀ ਵੈੱਨਵੈੱਨ ਵਿਸ਼ਵ ਦੀ ਸਰਬੋਤਮ ਵੇਟਲਿਫਟਰ ਹੈ। +87 ਕਿਲੋ ਵਜ਼ਨ ਵਿਚ ਉਸ ਨੇ 148 ਕਿਲੋ ਸਨੈਚ ਤੇ 187 ਕਿਲੋ ਦੀ ਕਲੀਨ ਐਂਡ ਜਰਕ ਨਾਲ ਕੁਲ 335 ਕਿਲੋ ਵਜ਼ਨ ਦੇ ਬਾਲੇ ਕੱਢੇ ...।

ਵਿਨੇਸ਼ ਫੋਗਾਟ ਓਲੰਪਿਕ ਚੈਂਪੀਅਨ ਬਣਦੀ-ਬਣਦੀ ਰਹਿ ਗਈ। ਸੈਮੀ ਫਾਈਨਲ ਮੈਚ ਜਿੱਤ ਕੇ ਵੀ ਉਸ ਨੂੰ ਕੋਈ ਮੈਡਲ ਨਾ ਮਿਲਿਆ। ਆਮ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਫਿਰ ਵੀ ਓਲੰਪਿਕ ਚੈਂਪੀਅਨ ਹੈ...।

ਮਾਈਕਲ ਜੋਰਡਨ ਨੂੰ ਬਾਸਕਟਬਾਲ ਦਾ ਸਰਬੋਤਮ ਖਿਡਾਰੀ ਮੰਨਿਆ ਜਾਂਦੈ। ਉਸ ਨੇ 1984 ਤੋਂ 2003 ਦੌਰਾਨ ਸ਼ਿਕਾਗੋ ਬੁੱਲਜ਼ ਨੂੰ ਐੱਨ.ਬੀ.ਏ. ਦੀਆਂ ਛੇ ਚੈਂਪੀਅਨਸ਼ਿਪਾਂ ਜਿਤਾਈਆਂ। ਪੰਜ ਵਾਰ ਐੱਮ.ਵੀ.ਏ. ਯਾਨੀ ਸਭ ਤੋਂ ਮੁੱਲਵਾਨ ਖਿਡਾਰੀ ਹੋਣ ਦੇ ਅਵਾਰਡ ਮਿਲੇ। 2024 ਤੱਕ ਉਹ ਸਾਢੇ ਤਿੰਨ ਬਿਲੀਅਨ ਡਾਲਰ ਕਮਾ ਚੁੱਕੈ...।

ਪਹਿਲਾਂ ਮੈਂ ਉਨ੍ਹਾਂ ਪੰਜਾਬੀ ਖਿਡਾਰੀਆਂ ਬਾਰੇ ਲਿਖਿਆ, ਜਿਨ੍ਹਾਂ ਨੇ ਰਾਸ਼ਟਰੀ ਖੇਡ ਮੁਕਾਬਲਿਆਂ 'ਚੋਂ ਤ.ਗਮੇ ਜਿੱਤੇ। ਫਿਰ ਉਨ੍ਹਾਂ ਖਿਡਾਰੀਆਂ ਬਾਰੇ ਲਿਖਿਆ ਜਿਹੜੇ ਏਸ਼ਿਆਈ, ਕਾਮਨਵੈੱਲਥ ਜਾਂ ਓਲੰਪਿਕ ਖੇਡਾਂ ਦੇ ਚੈਂਪੀਅਨ ਬਣੇ। ਮੇਰੀਆਂ ਖੇਡ ਲਿਖਤਾਂ ਦੇ ਨਾਲ-ਨਾਲ ਦਰਜਨਾਂ ਹੋਰ ਖੇਡ ਲੇਖਕਾਂ ਨੇ ਵੀ ਸੈਂਕੜੇ ਖਿਡਾਰੀਆਂ ਬਾਰੇ ਲਿਖਿਆ। ਉਨ੍ਹਾਂ ਖੇਡ ਲੇਖਕਾਂ ਬਾਰੇ ਮੈਂ ਚਾਰ ਪੁਸਤਕਾਂ ਲਿਖੀਆਂ ਜਿਨ੍ਹਾਂ ਦੇ ਨਾਂ 'ਸ਼ਬਦਾਂ ਦੇ ਖਿਡਾਰੀ', 'ਖੇਡ ਸਾਹਿਤ ਦੀਆਂ ਬਾਤਾਂ', 'ਖੇਡ ਸਾਹਿਤ ਦੇ ਮੋਤੀ' ਤੇ 'ਖੇਡ ਸਾਹਿਤ ਦੇ ਹੀਰੇ' ਹਨ। 1966 ਤੋਂ ਸ਼ੁਰੂ ਹੋਈ ਮੇਰੀ ਖੇਡ ਲੇਖਣੀ ਦੀ ਦੌੜ ਅਜੇ ਜਾਰੀ ਹੈ। ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲਾ ਹਾਲੇ ਬਹੁਤ ਕੁੱਝ ਰਹਿੰਦਾ ਹੈ। ਅਸੀਂ ਪੰਜਾਬ ਜਾਂ ਭਾਰਤ ਦੇ ਵੱਡੇ ਖਿਡਾਰੀਆਂ ਬਾਰੇ ਤਾਂ ਕਾਫੀ ਲਿਖ ਲਿਆ ਪਰ ਵਿਸ਼ਵ ਦੇ ਮਹਾਨ ਖਿਡਾਰੀਆਂ ਬਾਰੇ ਓਨਾ ਨਹੀਂ ਲਿਖ ਸਕੇ, ਜੋ ਲਿਖਣਾ ਚਾਹੀਦਾ ਸੀ। ਉਨ੍ਹਾਂ ਖਿਡਾਰੀਆਂ ਬਾਰੇ ਪੜ੍ਹ ਕੇ ਹੀ ਪਤਾ ਲੱਗੇਗਾ ਕਿ ਦੁਨੀਆਂ ਕਿੱਥੋਂ-ਕਿੱਥੇ ਪਹੁੰਚ ਗਈ ਤੇ ਅਸੀਂ ਕਿੱਥੇ ਹਾਂ?

ਅਜਿਹੇ ਸੱਠ ਕੁ ਖਿਡਾਰੀਆਂ ਦੇ ਸ਼ਬਦ ਚਿੱਤਰ ਮੈ ਛਪਵਾ ਦਿੱਤੇ ਹਨ। ਸੌ ਕੁ ਖਿਡਾਰੀਆਂ ਦੀ ਸੂਚੀ ਤਿਆਰ ਹੈ। ਸੰਭਵ ਹੈ ਦੂਜਾ ਸੈਂਕੜਾ ਸ਼ੁਰੂ ਕਰਨ ਦੇ ਰਾਹ ਵੀ ਪੈ ਜਾਵਾਂ। 'ਜੱਗ ਜੇਤੂਆਂ ਦੀ ਗਾਥਾ' ਦਾ ਤੀਜਾ ਭਾਗ ਆਸ ਹੈ ਅਗਲੇ ਸਾਲ ਛੱਪ ਜਾਵੇਗਾ। 'ਜੱਗ ਜੇਤੂਆਂ ਦੀ ਗਾਥਾ-ਦੁਨੀਆਂ ਦੇ ਮਹਾਨ ਖਿਡਾਰੀ' ਤੇ 'ਸੰਸਾਰ ਦੇ ਪ੍ਰਸਿੱਧ ਖਿਡਾਰੀ' ਦੋਵੇਂ ਪੁਸਤਕਾਂ ਪੀਪਲਜ਼ ਫੋਰਮ ਬਰਗਾੜੀ ਵਾਲਿਆਂ ਤੋਂ ਹਾਸਲ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੇ ਫੋਨ ਨੰਬਰ **98729-89313, 98767-10809** ਹਨ।







***1966 ਤੋਂ ਸ਼ੁਰੂ ਹੋਈ ਮੇਰੀ ਖੇਡ ਲੇਖਣੀ ਦੀ ਦੌੜ ਅਜੇ ਜਾਰੀ ਹੈ। ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲਾ ਹਾਲੇ ਬਹੁਤ ਕੁੱਝ ਰਹਿੰਦਾ ਹੈ। ਅਸੀਂ ਪੰਜਾਬ ਜਾਂ ਭਾਰਤ ਦੇ ਵੱਡੇ ਖਿਡਾਰੀਆਂ ਬਾਰੇ ਤਾਂ ਕਾਫੀ ਲਿਖ ਲਿਆ ਪਰ ਵਿਸ਼ਵ ਦੇ ਮਹਾਨ ਖਿਡਾਰੀਆਂ ਬਾਰੇ ਓਨਾ ਨਹੀਂ ਲਿਖ ਸਕੇ, ਜੋ ਲਿਖਣਾ ਚਾਹੀਦਾ ਸੀ। ਉਨ੍ਹਾਂ ਖਿਡਾਰੀਆਂ ਬਾਰੇ ਪੜ੍ਹ ਕੇ ਹੀ ਪਤਾ ਲੱਗੇਗਾ ਕਿ ਦੁਨੀਆਂ ਕਿੱਥੋਂ-ਕਿੱਥੇ ਪਹੁੰਚ ਗਈ ਤੇ ਅਸੀਂ ਕਿੱਥੇ ਹਾਂ?***

## ਮਾਤਾ ਗੁਜਰੀ ਤੇ ਛੋਟੇ ਲਾਲ

ਵਜੀਦ ਖਾਂ ਨੇ ਮਾਤਾ ਗੁਜਰੀ ਤੇ ਲਾਲਾਂ ਨੂੰ
ਠੰਢੇ ਬੁਰਜ ਵਿਚ ਕਰ ਦਿੱਤਾ ਕੈਦ।
ਉਸ ਨੇ ਸੋਚਿਆ, ਠੰਢ ਤੇ ਭੁੱਖ ਤੋਂ
ਮਾਤਾ ਗੁਜਰੀ ਤੇ ਲਾਲ ਡਰ ਜਾਣਗੇ ਸ਼ਾਇਦ।
ਮਾਤਾ ਗੁਜਰੀ ਨੇ ਲਾਲਾਂ ਨੂੰ ਸਮਝਾਇਆ,
"ਧਰਮ ਨਹੀਂ ਹਾਰਨਾ, ਚਾਹੇ ਜਾਨ ਚਲੀ ਜਾਵੇ।
ਜਾਬਰ ਦੇ ਜ਼ੁਲਮ ਅੱਗੇ ਨਹੀਂ ਝੁਕਣਾ
ਭਾਵੇਂ ਉਹ ਅੱਡੀ ਚੋਟੀ ਦਾ ਜ਼ੋਰ ਲਾਵੇ।"
ਵਜੀਦ ਖਾਂ ਨੇ ਲਾਲਾਂ ਨੂੰ ਈਨ ਮੰਨਾਉਣ ਲਈ
ਕਈ ਕਿਸਮ ਦੇ ਲਾਲਚ ਤੇ ਡਰਾਵੇ ਦਿੱਤੇ।
ਪਰ ਲਾਲ ਆਪਣੇ ਧਰਮ ਤੋਂ
ਨਾ ਡੋਲਣ ਦਾ ਤਹੱਈਆ ਸੀ ਕਰ ਚੁੱਕੇ।
ਉਸ ਨੇ ਕੋਈ ਪੇਸ਼ ਨਾ ਜਾਂਦੀ ਵੇਖ ਕੇ
ਉਨ੍ਹਾਂ ਨੂੰ ਨੀਂਹਾਂ ਵਿਚ ਚਿਣਵਾ ਦਿੱਤਾ।
ਛੋਟੀਆਂ ਉਮਰਾਂ 'ਚ ਉਨ੍ਹਾਂ ਸ਼ਹਾਦਤਾਂ ਦੇ ਕੇ
ਸਿੱਖੀ-ਮਹਿਲ 'ਚ ਆਪਣਾ ਹਿੱਸਾ ਪਾ ਦਿੱਤਾ।
ਲਾਲਾਂ ਦੀ ਸ਼ਹਾਦਤ ਦੀ ਖਬਰ ਸੁਣ ਕੇ
ਮਾਤਾ ਗੁਜਰੀ ਨੇ ਵਾਹਿਗੁਰੂ ਦਾ ਧੰਨਵਾਦ ਕੀਤਾ।
ਵਾਹਿਗੁਰੂ ਦਾ ਜਾਪ ਕਰਦਿਆਂ
ਆਪ ਵੀ ਆਪਣਾ ਸਰੀਰ ਤਿਆਗ ਦਿੱਤਾ।

-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
ਫੋਨ : 99158-03554



ਪੰਜਾਬ ਮੇਲ USA

## ਸ਼ਹਾਦਤ-ਏ-ਸਫ਼ਰ

ਸ਼ਹਾਦਤ ਦੇ ਸਫਰ 'ਤੇ ਜਿੱਤ ਹੈ ਜੈਕਾਰਿਆਂ ਕਰਕੇ।
ਪਿਆਰੇ ਗੁਰਮੁਖੋ ਸਾਡਾ ਪੰਥ ਹੈ ਗੁਰਪਿਆਰਿਆਂ ਕਰਕੇ।

ਸੀਸ ਦੇਣਾ ਸਿਰੜ ਨਹੀਂ ਹਾਰਨਾ, ਹੈ ਫਤਹਿ ਸਿੱਖੀ ਦੀ,
ਚਾਂਦਨੀ ਚੌਂਕ ਵਿਚ ਨੌਵੇਂ ਗੁਰਾਂ, ਸੀਸ ਵਾਰਿਆ ਕਰਕੇ।

ਦੇਗ ਤੋਂ ਕਾੜ੍ਹ ਨਾ ਹੋਈ, ਨਾ ਰੂੰਅ ਤੋਂ ਸਾੜ ਹੋਈ ਸਿੱਖੀ,
ਸਿੱਖ ਤਾਂ ਹੱਸ ਕੇ ਦੋਫਾੜ ਹੋਇਆ, ਆਰਿਆਂ ਕਰਕੇ।

ਹਿੰਦ ਦੀ ਖੁੱਲ੍ਹ ਗਈ ਨੀਂਦਰ, ਜਦੋਂ ਚਮਕੌਰ ਸੀ ਗੱਜਿਆ,
ਜੰਗ ਲਈ ਵੱਡੇ ਲਾਲਾਂ ਨੂੰ, ਗੁਰਾਂ ਸ਼ਿੰਗਾਰਿਆ ਕਰਕੇ।

ਕੰਧਾਂ ਜਦ ਤਿੜਕੀਆਂ ਸਰਹੰਦ ਵਿਚ, ਤਾਂ ਮਹਿਲ ਵੀ ਤਿੜਕੇ,
ਗੁਜ਼ਰੀ ਮਾਂ ਦੀਆਂ ਅੱਖਾਂ ਦੇ, ਸੋਹਣੇ ਤਾਰਿਆਂ ਕਰਕੇ।

ਸਰਹੰਦ ਦੀ ਇੱਟ ਦੇ ਨਾਲ ਇੱਟ ਖੜਕਾ ਕੇ ਟੰਗਿਆ ਸੂਬਾ,
ਬਹਾਦਰ ਬੰਦਾ ਸਿੰਘ ਦੇ ਗੱਜਦੇ ਲਲਕਾਰਿਆਂ ਕਰਕੇ।

ਜ਼ੁਲਮ ਦੀ ਰਾਤ ਸੀ ਮੁੱਕੀ, ਹਲੇਮੀ ਚੜ੍ਹ ਗਿਆ ਸੂਰਜ,
ਖਾਲਸਾ ਫੌਜ ਦੇ ਝਲਕਾਰਿਆਂ, ਚਮਕਾਰਿਆਂ ਕਰਕੇ।

ਖਾਲਸਾਈ ਅੱਖ ਵਿਚ ਅੱਖ ਪਾ ਕੇ, ਦੱਸੋ ਕਿਹਨੇ ਤੱਕਣਾ ਹੈ,
ਨਿਸ਼ਾਨੇ ਸਿੱਖੀ ਹੇਠਾਂ ਏਕਾ ਹੈ ਜੇ ਸਾਰਿਆਂ ਕਰਕੇ।

ਸਾਨੂੰ ਖੁਦਦਾਰੀਆਂ ਸਿਰਦਾਰੀਆਂ ਦੀ ਹੋਈ ਹੈ ਬਖਸ਼ਿਸ਼,
ਚੋਜੀ ਪਿਤਾ ਨੇ ਸਰਬੰਸ ਆਪਣਾ ਵਾਰਿਆ ਕਰਕੇ।

ਜੇ ਇਹ ਬਿਪਰੀ ਗੀਤਾਂ ਤੋਂ 'ਢੇਸੀ' ਮੁਕਤ ਹੋ ਜਾਵਣ,
ਖਾਲਸਾ ਪੰਥ ਦਾ ਗੌਰਵ ਹੈ ਗੁਰਦੁਆਰਿਆਂ ਕਰਕੇ।

-ਕੁਲਵੰਤ ਸਿੰਘ ਢੇਸੀ



ਪੰਜਾਬ ਮੇਲ USA

## ਸ਼ਹੀਦੀ

### ਸਾਹਿਬਜ਼ਾਦਿਆਂ ਨੂੰ ਸਮਰਪਿਤ

There are men and men but
every stone is not a gem.
ਬੰਦੇ ਬੰਦੇ ਵਿਚ ਅੰਤਰ ਕੋਈ ਫੁੱਲ ਤੇ ਕੋਈ ਕੰਡਾ
ਸ਼ਹੀਦੀ ਕੋਈ ਸਾਧਾਰਨ ਮੌਤ ਦਾ ਨਾਮ ਨਹੀਂ
ਸ਼ਹੀਦੀ ਪਾਉਣੀ ਕੋਈ ਸੌਖੀ ਗੱਲ ਨਹੀਂ ਹੁੰਦੀ
ਸ਼ਹੀਦੀ ਦੀ ਪਦਵੀ ਬਹੁਤ ਉੱਚੀ ਹੁੰਦੀ ਏ
ਸ਼ਹੀਦੀ ਦਾ ਸੰਬੰਧ ਅਣਖ, ਸੱਚ, ਅਹਿਸਾਸ,
ਜਜ਼ਬਾਤ, ਸੂਰਬੀਰਤਾ, ਕੁਰਬਾਨੀ ਦਾ ਜਜ਼ਬਾ,
ਨੈਤਿਕਤਾ ਅਤੇ ਜਿਉਂਦੀ ਜਾਗਦੀ ਜ਼ਮੀਰ ਨਾਲ ਹੁੰਦਾ ਏ
ਸ਼ਹੀਦੀ ਕੋਈ ਸਾਧਾਰਨ ਮਨੁੱਖ ਨਹੀਂ ਪਾ ਸਕਦਾ
ਸ਼ਹੀਦ, ਹੱਕ, ਸੱਚ, ਆਜ਼ਾਦੀ ਤੇ ਇਨਸਾਫ ਲਈ
ਸ਼ਹਾਦਤ ਦਾ ਜਾਮ ਤਾਂ ਪੀ ਸਕਦਾ ਏ
ਪਰ ਉਹ ਅਨਿਆਂ, ਅੱਤਿਆਚਾਰ, ਪੱਖਪਾਤ,
ਤੇ ਝੂਠ ਅੱਗੇ ਝੁੱਕ ਨਹੀਂ ਸਕਦਾ
ਸ਼ਹੀਦ ਆਪਣੇ ਆਪ ਨੂੰ ਕੁਰਬਾਨ ਤਾਂ ਕਰ ਸਕਦਾ ਏ
ਪਰ ਆਪਣੇ ਆਦਰਸ਼ ਤੇ ਵਿਚਾਰਧਾਰਾ ਤੋਂ ਪਿੱਛੇ ਨਹੀਂ ਹੱਟ ਸਕਦਾ
ਸ਼ਹੀਦ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦਾ ਏ
ਦੁਨੀਆਂ ਵਿਚ ਆਪਣਾ ਨਾਂ ਰੌਸ਼ਨ ਤੇ ਅਮਰ ਕਰ ਜਾਂਦਾ ਏ
ਸ਼ਹੀਦ ਕੌਮ ਦਾ ਸਰਮਾਇਆ ਹੋਇਆ ਕਰਦਾ ਏ
ਕੌਮਾਂ ਸਦਾ ਜਿਊਂਦੀਆਂ ਉਹ ਰਹਿੰਦੀਆਂ ਨੇ
ਜਿਹੜੀਆਂ ਕੌਮਾਂ ਸ਼ਹੀਦਾਂ ਦਾ ਮਾਣ ਕਰਦੀਆਂ ਨੇ
ਕੌਮਾਂ ਦਾ ਜਿਊਂਦੀਆਂ ਸ਼ਹੀਦਾਂ ਦੀਆਂ ਕੁਰਬਾਨੀਆਂ 'ਤੇ
ਕੌਮਾਂ ਬਣਦੀਆਂ ਨਹੀਂ ਪੈਸੇ ਤੇ ਸੋਨੇ ਨਾਲ
ਕੌਮਾਂ ਬਣਦੀਆਂ ਸਦਾ ਮਹਾਨ ਬੰਦਿਆਂ ਦੇ
ਮਹਾਨ ਕੰਮਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਨਾਲ
ਉਹ ਕੌਮਾਂ ਪਾ ਲੈਂਦੀਆਂ ਮੰਜ਼ਿਲਾਂ ਨੂੰ
ਜਿਹੜੀਆਂ ਖਹਿ ਜਾਂਦੀਆਂ ਨਾਲ ਮੁਸੀਬਤਾਂ ਦੇ
ਕਾਨੀ ਸਦਾ ਹੀ ਲਿਖਦੀ ਰਹੀ ਖ਼ੂਨੀ ਪੱਤਰੇ
ਸਮਾਂ ਸੂਝ ਦੀਆਂ ਛੁਰੀਆਂ ਉਲਾਰਦਾ ਰਿਹਾ
ਸ਼ਹੀਦੋਂ ਕੀ ਚਿਤਾ ਉਪਰ ਲਗੇਂਗੇ ਹਰ ਵਰਸ ਮੇਲੇ
ਵਤਨ ਪਰ ਮਰ ਮਿਟਨੇ ਵਾਲੋਂ ਕਾ ਜਿਹੀ ਬਾਕੀ ਨਿਸ਼ਾਂ ਹੋਗਾ

-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ, 530-777-0955



ਪੰਜਾਬ ਮੇਲ USA

## ਪੋਹ ਮਹੀਨਾ

ਚੜ੍ਹਦਾ ਮਹੀਨਾ ਜਦੋਂ ਪੋਹ ਬੇਲੀਓ
ਚੜ੍ਹ ਜਾਂਦਾ ਜੁੱਸਿਆਂ 'ਚ ਰੋਹ ਬੇਲੀਓ

ਚੇਤੇ ਆ ਅਨੰਦਪੁਰ ਕਿਲ੍ਹਾ
ਕਿਵੇਂ ਛੱਡਿਆ
ਕਿਵੇਂ ਸੀ ਅਰੰਗੇ ਛੁਰਾ, ਪਿੱਠ
ਵਿਚ ਗੱਡਿਆ
ਝੂਠੇ ਨੇ ਕਮਾਇਆ ਸੀ, ਧਰੋਹ ਬੇਲੀਓ
ਚੜ੍ਹਦਾ ਮਹੀਨਾ ਜਦੋਂ ਪੋਹ ਬੇਲੀਓ
ਚੜ੍ਹ ਜਾਂਦਾ ਰਗਾਂ ਵਿਚ ਰੋਹ ਬੇਲੀਓ

ਸਰਸਾ ਦੇ ਚੜਿਓ ਕਿਨਾਰੇ ਚੇਤੇ
ਆਉਂਦੇ ਆ
ਸਾਨੂੰ ਦਸ਼ਮੇਸ਼ ਦੇ ਦੁਲਾਰੇ ਚੇਤੇ ਆਉਂਦੇ ਆ
ਵਿਛੜੇ ਸੀ ਹੋ ਕੇ, ਦੋ-ਦੋ ਬੇਲੀਓ
ਚੜ੍ਹਦਾ ਮਹੀਨਾ ਜਦੋਂ ਪੋਹ ਬੇਲੀਓ
ਚੜ੍ਹ ਜਾਂਦਾ ਜੁੱਸਿਆਂ 'ਚ ਰੋਹ ਬੇਲੀਓ

ਠੰਡੇ-ਠੰਡੇ ਬੁਰਜਾਂ ਦੀ, ਠੰਡ ਯਾਦ ਆਉਂਦੀ ਏ
ਗੜ੍ਹੀ ਚਮਕੌਰ, ਸਰਹੰਦ ਯਾਦ ਆਉਂਦੀ ਏ
ਗੁਜਰੀ ਤੇ ਲਾਲਾਂ ਵਾਲਾ ਮੋਹ ਬੇਲੀਓ
ਚੜ੍ਹਦਾ ਮਹੀਨਾ ਜਦੋਂ ਪੋਹ ਬੇਲੀਓ
ਚੜ੍ਹ ਜਾਂਦਾ ਜੁੱਸਿਆਂ 'ਚ ਰੋਹ ਬੇਲੀਓ

ਵੱਢੇ ਪਏ ਲਾਲਾਂ ਦੇ ਸਰੀਰ ਚੇਤੇ ਆਉਂਦੇ ਆ
ਹਿੱਕਾਂ ਵਿਚ ਗੱਡੇ ਹੋਏ ਤੀਰ ਚੇਤੇ ਆਉਂਦੇ ਆ
ਤੱਕ ਕੇ ਸਰੀਰਾਂ ਵੱਲ ਕਿੱਦਾਂ ਮੁੜੇ ਹੋਣਗੇ
ਗੁਰੂ ਦਸ਼ਮੇਸ਼ ਉਥੋਂ ਕਿੱਦਾਂ ਤੁਰੇ ਹੋਣਗੇ
ਨੰਗੇ ਪੈਰੀਂ ਮਾਛੀਵਾੜੇ ਕਿੱਦਾਂ ਢੁੱਕੇ ਹੋਣਗੇ
ਸਾਹੋਤੇਆ ਉਹ ਕੰਡਿਆਂ 'ਤੇ ਕਿੱਦਾਂ ਸੁੱਤੇ ਹੋਣਗੇ
ਹੰਝੂ ਪੈਂਦੇ ਅੱਖੀਆਂ 'ਚੋਂ, ਚੋ ਬੇਲੀਓ
ਚੜ੍ਹਦਾ ਮਹੀਨਾ ਜਦੋਂ ਪੋਹ ਹਾਣੀਓ
ਚੜ੍ਹ ਜਾਂਦਾ ਜੁੱਸਿਆਂ ਚ ਰੋਹ ਹਾਣੀਓ

ਕੁਲਵੀਰ ਸਿੰਘ ਡਾਨਸੀਵਾਲ,
ਸਰੀ, ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

## ਸਰਸਾ ਤੱਕ

ਇੱਕ ਪਾਸੇ ਸੀ ਸਤਲੁਜ ਚੜ੍ਹਿਆ ਦੂਜੇ ਪਾਸੇ ਸਰਸਾ ਜੀ,
ਕਿੱਥੇ ਚੱਲਿਆ ਪੰਥ ਦਾ ਵਾਲੀ ਹਰ ਪਾਸੇ ਹੈ ਚਰਚਾ ਜੀ।
ਅਨੰਦਪੁਰ ਬੁੱਕ 2 ਹੰਝੂ ਕੇਰੇ ਤੂਫਾਨ ਹਨ੍ਹੇਰੀ ਗਰਦਾ ਜੀ,
ਸਤਿਗੁਰੂ ਨੂੰ ਪਾਇਆ ਹੈ ਅਕਾਲ ਪੁਰਖ ਨੇ ਪਰਚਾ ਜੀ।

ਪਹਾੜੋਂ ਟਿੱਡੀ ਦਲ ਉੱਤਰੇ ਜੋ ਮੁਗ਼ਲਾਂ ਨਾਲ ਭਿਆਲੀ ਜੀ,
ਝੂਠੀਆਂ ਕਸਮਾਂ ਗਾਂ-ਕੁਰਾਨ ਦੀਆਂ, ਬੇਹਯਾਈ ਪਾਲੀ ਜੀ।
ਛੱਡ ਦਿਉ ਕਿਲ੍ਹਾ ਅਨੰਦਗੜ੍ਹ ਜ਼ਮਾਨਤ ਦੀ ਰੱਖਵਾਲੀ ਜੀ,
ਪਰ ਮੱਕਾਰਾਂ ਦੀ ਨੀਅਤ ਖੋਟੀ ਜੀਭ ਬੜੀ ਹੀ ਕਾਲੀ ਜੀ।

ਕਰਕੇ ਭਰੋਸਾ ਸੌਂਹਾਂ ਉੱਤੇ ਫਿਰ ਖ਼ਾਲਸੇ ਨੇ ਚਾਲੇ ਪਾਏ ਜੀ,
ਠੰਢੀ ਠਾਰ ਹਵਾ ਚੱਲੇ ਆ ਬੱਦਲਾਂ ਵੀ ਝੁਰਮਟ ਪਾਏ ਜੀ।
ਗੜ੍ਹਕੇ ਲਿਸ਼ਕੇ ਵਰਸੇ ਅੱਗਿਉਂ ਪੋਹ ਨੇ ਕੰਬਣ ਲਾਏ ਜੀ,
ਪਹੁੰਚ ਗੁਰਾਂ ਨੇ ਸਰਸਾ ਕੰਢੇ ਰੜੇ ਮੈਦਾਨੀਂ ਡੇਰੇ ਲਾਏ ਜੀ।

ਵਾਹਿਗੁਰੂ ਦਾ ਸ਼ੁਕਰਾਨਾਂ ਕਰਦੇ ਮਸਾਂ ਰਾਤ ਲੰਘਾਈ ਜੀ,
ਆਖਕੇ ਅੰਮ੍ਰਿਤ ਵੇਲੇ ਗੁਰਾਂ ਆਸਾ ਦੀ ਵਾਰ ਲੁਆਈ ਜੀ।

ਨਾਮੁ ਜਪੇਂਦੇ ਕੀਰਤਨ ਸੁਣਦੇ ਆਫ਼ਤ ਮਗਰੇ ਆਈ ਜੀ,
ਬੇਜ਼ੁਬਾਨੇ ਅਕ੍ਰਿਤਘਣਾਂ ਜਦੋਂ ਲਿਆ ਕੇ ਫ਼ੌਜ ਚੜ੍ਹਾਈ ਜੀ।

ਸਰਸਾ ਚੰਦਰਾ ਫੁੰਕਾਰੇ ਮਾਰਦਾ ਤਰਸ ਭੋਰਾ ਨਾ ਖਾਵੇ ਜੀ,
ਦੋ ਪੁੜਾਂ ਵਿਚ ਆਇਆ ਖਾਲਸਾ ਜਾਨ ਤਲੀ ਟਿਕਾਵੇ ਜੀ।
ਮਰਦ ਦਲੇਰ ਲੈ ਗੁਰੂ-ਥਾਪੜੇ ਟੱਕ 2 ਖੰਡਾ ਖੜਕਾਵੇ ਜੀ,
ਸਿਦਕ-ਸਿਰੜ ਸਿੰਘਾਂ ਦਾ ਅੱਜ ਰਣ ਵਿਚ ਕੰਮ ਆਵੇ ਜੀ।

ਗਿੱਟੇ-ਗਿੱਟੇ, ਗੋਡੇ-ਗੋਡੇ, ਲੱਕ-ਲੱਕ ਚੜ੍ਹ ਗਿਆ ਪਾਣੀ ਜੀ,
ਸਣੇ ਸਮੱਗਰੀ ਘੋੜਿਆਂ ਤਾਈਂ ਹੜ੍ਹਾ ਲੈ ਗਿਆ ਜਾਣੀ ਜੀ।
ਜੋ ਵੀ ਬਚਿਆ ਜਾ ਅੱਗੇ ਰਲਿਆ ਪਾਵੇ ਨਵੀਂ ਕਹਾਣੀ ਜੀ,
ਚਮਕੌਰ ਦੀ ਕੱਚੀ ਗੜ੍ਹੀ ਬਣੀ ਸੀ ਫੇਰ ਸਮੇਂ ਦਾ ਹਾਣੀ ਜੀ।

-ਸੇਵਾ ਸਿੰਘ 'ਨੂਰਪੁਰੀ'



ਪੰਜਾਬ ਮੇਲ USA

## ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ

ਕਿਲ੍ਹੇ ਗਵਾਲੀਅਰ ਵਿਚੋਂ ਜਿਨ੍ਹਾਂ ਨੂੰ ਛੁਡਵਾਇਆ ਸੀ
ਛੇਵੇਂ ਪਾਤਸ਼ਾਹ ਪਹਾੜੀਆਂ ਤਾਈਂ ਬਚਾਇਆ ਸੀ
ਹਿੰਦੂ ਰਾਜਿਆਂ ਤਾਈਂ ਘਰੀਂ ਪਹੁੰਚਾਇਆ ਸੀ
ਉਨ੍ਹਾਂ ਦੇ ਹੀ ਵਾਰਿਸ ਦਗਾ ਕਮਾ ਬੈਠੇ।
ਅਨੰਦਪੁਰ ਸਾਹਿਬ ਕਿਲ੍ਹੇ ਨੂੰ ਘੇਰਾ ਪਾ ਬੈਠੇ।

ਔਰੰਗਜ਼ੇਬ ਨੇ ਤਿਲਕ ਜਨੇਊ ਲਾਹੇ ਸੀ
ਫ਼ਰਿਆਦ ਲੈ ਕੇ ਕਸ਼ਮੀਰ ਦੇ ਪੰਡਿਤ ਆਏ ਸੀ
ਨੌਂ ਕੁ ਸਾਲ ਦੇ ਅਜੇ ਗੋਬਿੰਦ ਰਾਏ ਸੀ
ਜਿਨ੍ਹਾਂ ਲਈ ਗੁਰੂ ਤੇਗ ਬਹਾਦਰ ਸੀਸ ਲਗਾਇਆ ਸੀ।
ਹਿੰਦੂ ਪਹਾੜੀ ਰਾਜਿਆਂ ਨੇ ਹੀ ਦਗਾ ਕਮਾਇਆ ਸੀ

ਦਿੱਲੀ ਦੱਖਣੋਂ ਮੁਗਲ ਫੌਜਾਂ ਸੀ ਚੜ੍ਹਕੇ ਆ ਗਈਆਂ
ਪਹਾੜੀ ਰਾਜਿਆਂ ਆਪਣੀਆਂ ਫੌਜਾਂ ਵਿਚ ਮਿਲਾ ਲਈਆਂ
ਹਾਥੀ ਘੋੜੇ ਵਾਲੀਆਂ ਟੁਕੜੀਆਂ ਅੱਗੇ ਲਾ ਲਈਆਂ
ਦਸ ਲੱਖ ਫੌਜ ਨੇ ਦਸ ਮੀਹਨੇ ਸੀ ਘੇਰਾ ਪਾ ਰੱਖਿਆ
ਰਾਸ਼ਨ ਪਾਣੀ ਅੰਦਰ ਜਾਣਾ ਬੰਦ ਕਰਾ ਰੱਖਿਆ।

ਸਤਿਗੁਰਾਂ ਦੇ ਪਰਿਵਾਰ ਨਾਲ ਸਿੰਘ ਬਹੁਤ ਹੀ ਥੋੜੇ ਸੀ
ਮਾਤਾ ਜੀ ਤੇ ਮਹਲ ਗੁਰਾਂ ਦੇ ਦੋ ਲਾਲਾਂ ਦੇ ਜੋੜੇ ਸੀ

ਦੁਸ਼ਮਣ ਦੇ ਕਈ ਹਮਲਿਆਂ ਦੇ ਸਿੰਘਾਂ ਮੂੰਹ ਮੋੜੇ ਸੀ
ਜੋ ਸੀ ਅੱਗੇ ਵਧਦਾ ਸਤਿਗੁਰ ਤੀਰ ਸੀ ਬਖ਼ਸ਼ ਦਿੰਦੇ
ਸਿੰਘ ਸੂਰਮੇ ਤੇਗਾਂ ਦੇ ਨਾਲ ਪਲ ਵਿਚ ਝਟਕ ਦਿੰਦੇ।

ਚੱਲੀ ਨਾ ਜਦ ਪੇਸ਼ ਧਰਮ ਦੀਆਂ ਕਸਮਾਂ ਖਾਣ ਲੱਗੇ
ਹਿੰਦੂ ਰਾਜੇ ਆਟੇ ਦੀਆਂ ਫਿਰ ਗਊਆਂ ਬਨਾਣ ਲੱਗੇ
ਮੁਸਲਿਮ ਹਾਕਮ ਕੁਰਾਨ ਸ਼ਰੀਫ਼ 'ਤੇ ਹੱਥ ਟਿਕਾਣ ਲੱਗੇ
ਅਨੰਦਪੁਰ ਸਾਹਿਬ ਦਾ ਕਿਲ੍ਹਾ ਆਖਦੇ ਖਾਲੀ ਕਰ ਦਿਓ ਜੀ।
ਪਿੱਛਾ ਨਹੀਂ ਅਸੀਂ ਕਰਦੇ ਕੇਰਾਂ ਹਾਮੀਂ ਭਰ ਦਿਓ ਜੀ।

ਧਰਮੀ ਸਤਿਗੁਰ ਕਿਲ੍ਹੇ ਨੂੰ ਖਾਲੀ ਕਰਕੇ ਚੱਲ ਪਏ ਸੀ
ਅਨੰਦਪੁਰੀ ਤੋਂ ਸਰਸਾ ਨਦੀ ਕਿਨਾਰੇ ਵੱਲ ਗਏ ਸੀ
ਪਿੱਛੇ-ਪਿੱਛੇ ਮੁਗ਼ਲ ਫੌਜਾਂ ਨੇ ਘੋੜੇ ਠੱਲ੍ਹ ਲਏ ਸੀ
ਖਾਂਦੀਆਂ ਕਸਮਾਂ ਪਲਾ ਦੇ ਵਿਚ ਭੁਲਾ ਕੇ ਬਹਿ ਗਏ ਨੇ
ਗਿੱਲ ਮਲਕੀਤ ਆ ਸਰਸਾ ਉੱਤੇ ਵਿਛੋੜੇ ਪੈ ਗਏ ਨੇ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943



ਪੰਜਾਬ ਮੇਲ USA



RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com